ਐਤਵਾਰ, 5 ਅਕਤੂਬਰ, 2025
20 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 125

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 5 OCTOBER, 2025 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

## ਹਮਾਸ ਬੰਦੀ ਛੱਡਣ ਲਈ ਰਾਜ਼ੀ, ਹਥਿਆਰ ਸੁੱਟਣ ਦਾ ਮਾਮਲਾ ਲਟਕਿਆ

### ਟਰੰਪ ਦੇ ਵਰਜਣ ਦੇ ਬਾਵਜੂਦ ਇਜ਼ਰਾਈਲ ਵੱਲੋਂ ਗਾਜ਼ਾ ’ਤੇ ਹਮਲੇ

**ਵਾਸ਼ਿੰਗਟਨ** : ਹਮਾਸ ਨੇ ਐਲਾਨਿਆ ਹੈ ਕਿ ਉਹ ਟਰੰਪ ਦੀ ਯੋਜਨਾ ਦੇ ਫਾਰਮੂਲੇ ਮੁਤਾਬਕ ਸਾਰੇ 48 ਇਜ਼ਰਾਈਲੀ ਜ਼ਿੰਦਾ ਤੇ ਮੁਰਦਾ ਬੰਦੀਆਂ ਨੂੰ ਛੱਡਣ ਲਈ ਤਿਆਰ ਹੈ। ਇਸ ਦੇ ਨਾਲ ਹੀ ਉਸ ਨੇ ਗਾਜ਼ਾ ਦਾ ਪ੍ਰਸ਼ਾਸਨ ਛੱਡਣ ਦੀ ਵੀ ਗੱਲ ਕਹੀ ਹੈ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਸ ਨੂੰ ਉਸ ਦੀ 20-ਨੁਕਾਤੀ ਯੋਜਨਾ ਮਨਜ਼ੂਰ ਕਰਨ ਲਈ ਐਤਵਾਰ ਤੱਕ ਦਾ ਅਲਟੀਮੇਟਮ ਦਿੱਤਾ ਸੀ।

ਹਮਾਸ ਨੇ ਇਹ ਗੱਲ ਵੀ ਕਹੀ ਕਿ ਅਮਨ ਸਮਝੌਤੇ ਦੇ ਕੁਝ ਹਿੱਸਿਆਂ ’ਤੇ ਗੱਲਬਾਤ ਜ਼ਰੂਰੀ ਹੈ। ਹਮਾਸ ਨੇ ਆਪਣੇ ਜਵਾਬ ਵਿੱਚ ਹਥਿਆਰ ਛੱਡਣ ਦਾ ਜ਼ਿਕਰ ਨਹੀਂ ਕੀਤਾ। ਹਮਾਸ ਦੇ ਹੁੰਗਾਰੇ ਤੋਂ ਬਾਅਦ ਟਰੰਪ ਨੇ ਇਜ਼ਰਾਈਲ ਨੂੰ ਗਾਜ਼ਾ ’ਤੇ ਹਮਲੇ ਬੰਦ ਕਰਨ ਲਈ ਕਿਹਾ। ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਇਹ ਤਾਂ ਕਿਹਾ ਕਿ ਉਹ ਜੰਗ ਰੋਕਣ ਲਈ ਟਰੰਪ ਤੇ ਉਨ੍ਹਾ ਦੀ ਟੀਮ ਨਾਲ ਮਿਲ ਕੇ ਕੰਮ ਕਰਨਗੇ, ਪਰ ਇਜ਼ਰਾਈਲ ਫੌਜਾਂ ਨੇ ਬੰਬਾਰੀ ਕਰਕੇ ਛੇ ਹੋਰ ਫਲਸਤੀਨੀ ਮਾਰ ਦਿੱਤੇ।


ਹਮਾਸ ਆਗੂ ਮੂਸਾ ਅਬੂ ਮਰਜ਼ੁਕ।

ਹਮਾਸ ਗੋਲੀਬੰਦੀ ਲਾਗੂ ਹੋਣ ਦੇ 72 ਘੰਟਿਆਂ ਦੇ ਅੰਦਰ ਬੰਦੀ ਛੱਡੇਗਾ ਤੇ ਬਦਲੇ ਵਿੱਚ ਇਜ਼ਰਾਈਲ ਦੋ ਹਜ਼ਾਰ ਤੋਂ ਵੱਧ ਫਲਸਤੀਨੀ ਕੈਦੀਆਂ ਛੱਡੇਗਾ ਤੇ ਮਾਰੇ ਗਏ ਗਾਜ਼ਾ ਵਾਸੀਆਂ ਦੀਆਂ ਲਾਸ਼ਾਂ ਹਵਾਲੇ ਕਰੇਗਾ। ਇਸ ਦੇ ਬਾਅਦ ਇਜ਼ਰਾਈਲ ਗਾਜ਼ਾ ਤੋਂ ਫੌਜਾਂ ਕੱਢਣ ਦਾ ਪਹਿਲਾ ਪੜਾਅ ਪੂਰਾ ਕਰੇਗਾ। ਹਮਾਸ ਗਾਜ਼ਾ ਦਾ ਪ੍ਰਸ਼ਾਸਨ ਫਲਸਤੀਨੀ ਗਰੁੱਪ ਨੂੰ ਸੌਂਪਣ ਨੂੰ ਤਿਆਰ ਹੋਇਆ ਹੈ। ਇਸ ਦਾ ਗਠਨ ਫਲਸਤੀਨੀ ਲੋਕਾਂ ਦੀ ਸਹਿਮਤੀ ਤੇ ਅਰਬ-ਇਸਲਾਮਿਕ ਦੇਸ਼ਾਂ ਦੇ ਸਮਰਥਨ ਨਾਲ ਕੀਤਾ ਜਾਵੇਗਾ। ਹਮਾਸ ਨੇ ਸਾਫ ਕੀਤਾ ਕਿ ਉਹ ਫਲਸਤੀਨੀ ਲੋਕਾਂ ਦੇ ਭਵਿੱਖ ’ਤੇ ਹੋਣ ਵਾਲੀ ਚਰਚਾ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ। ਉਸ ਨੇ ਕਿਹਾ ਕਿ ਲੋਕਾਂ ਦੇ ਹੱਕਾਂ ਨਾਲ ਜੁੜੇ ਮੁੱਦੇ ’ਤੇ ਬਹਿਸ ਹੋਵੇ।

ਹਮਾਸ ਦੇ ਪੋਲਿਟ ਬਿਊਰੋ ਮੈਂਬਰ ਮੂਸਾ ਅਬੂ ਮਰਜ਼ੁਕ ਨੇ ‘ਅਲ ਜਜ਼ੀਰਾ’ ਚੈਨਲ ਨਾਲ ਗੱਲਬਾਤ ਵਿੱਚ ਕਿਹਾ ਕਿ ਜਦੋਂ ਤੱਕ ਗਾਜ਼ਾ ’ਤੇ ਇਜ਼ਰਾਈਲੀ ਕਬਜ਼ਾ ਖਤਮ ਨਹੀਂ ਹੋ ਜਾਂਦਾ, ਉਹ ਹਥਿਆਰ ਨਹੀਂ ਛੱਡਣਗੇ। ਹਥਿਆਰ ਛੱਡਣ ਦੇ ਮੁੱਦੇ ’ਤੇ ਇੱਕ ਵਾਰ ਫਿਰ ਗੱਲਬਾਤ ਹੋਣੀ ਚਾਹੀਦੀ ਹੈ।

ਉਨ੍ਹਾ ਕਿਹਾ, ‘ਅਸੀਂ ਆਪਣੇ ਹਥਿਆਰ ਭਵਿੱਖ ਦੇ ਫਲਸਤੀਨੀ ਰਾਜ ਨੂੰ ਸੌਂਪ ਦੇਵਾਂਗੇ ਤੇ ਜੋ ਵੀ ਗਾਜ਼ਾ ’ਤੇ ਸ਼ਾਸਨ ਕਰੇਗਾ, ਉਸ ਦੇ ਹੱਥਾਂ ਵਿੱਚ ਸਾਡੇ ਹਥਿਆਰ ਹੋਣਗੇ।’

## ਤਾਕਾਈਚੀ ਜਾਪਾਨ ਦੀ ਪਹਿਲੀ ਮਹਿਲਾ ਪੀ ਐੱਮ ਬਣੇਗੀ



**ਟੋਕੀਓ** : ਜਾਪਾਨ ਦੀ ਸੱਤਾਧਾਰੀ ਲਿਬਰਲ ਡੈਮੋਕ੍ਰੇਟਿਕ ਪਾਰਟੀ ਨੇ ਸਨਿੱਚਰਵਾਰ ਕੱਟੜਪੰਥੀ ਰਾਸ਼ਟਰਵਾਦੀ ਸਾਨਾਏ ਤਾਕਾਈਚੀ ਨੂੰ ਨਵਾਂ ਮੁਖੀ ਚੁਣ ਲਿਆ, ਜਿਸ ਨਾਲ ਉਹ ਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬਣਨ ਜਾ ਰਹੀ ਹੈ। ਲਿਬਰਲ ਡੈਮੋਕ੍ਰੇਟਿਕ ਪਾਰਟੀ ਨੇ 64 ਸਾਲਾ ਤਾਕਾਈਚੀ ਨੂੰ ਲੋਕਾਂ ਦਾ ਵਿਸ਼ਵਾਸ ਮੁੜ ਹਾਸਲ ਕਰਨ ਲਈ ਚੁਣਿਆ ਹੈ। ਸ਼ਿਗੇਰੂ ਇਸ਼ੀਬਾ ਦੀ ਥਾਂ ਪ੍ਰਧਾਨ ਮੰਤਰੀ ਦੀ ਚੋਣ ਲਈ ਸੰਸਦ ’ਚ ਵੋਟਿੰਗ 15 ਅਕਤੂਬਰ ਨੂੰ ਹੋਣ ਦੀ ਉਮੀਦ ਹੈ।

## ਚੈੱਕ ਇੱਕ ਦਿਨ ’ਚ ਕਲੀਅਰ

**ਚੰਡੀਗੜ੍ਹ** : ਰਿਜ਼ਰਵ ਬੈਂਕ ਆਫ ਇੰਡੀਆ ਦਾ ਚੈੱਕ ਇਕ ਦਿਨ ਵਿਚ ਹੀ ਕਲੀਅਰ ਹੋਣ ਦਾ ਨਿਯਮ ਚਾਰ ਅਕਤੂਬਰ ਤੋਂ ਅਮਲ ਵਿਚ ਆ ਗਿਆ ਹੈ। ਪਹਿਲਾਂ ਦੋ ਦਿਨ ਲਗਦੇ ਸਨ, ਪਰ ਨਵੇਂ ਨਿਯਮ ਤਹਿਤ ਚੈੱਕ ਲਾਉਣ ਦੇ ਕੁਝ ਕੁ ਘੰਟਿਆਂ ਵਿੱਚ ਪੈਸੇ ਖਾਤੇ ਵਿਚ ਆ ਜਾਣਗੇ। ਇਸ ਨਿਯਮ ਦਾ ਨਾਂਅ ਕੰਟੀਨਿਊਸ ਕਲੀਅਰਿੰਗ ਐਂਡ ਸੈਟਲਮੈਂਟ ਹੈ। ਹੁਣ ਬੈਂਕ ਚੈੱਕ ਨੂੰ ਸਕੈਨ ਕਰਨਗੇ ਤੇ ਕੁਝ ਹੀ ਘੰਟਿਆਂ ਵਿੱਚ ਚੈੱਕ ਨੂੰ ਪਾਸ ਕਰ ਦਿੱਤਾ ਜਾਵੇਗਾ। ਇਸੇ ਦੌਰਾਨ ਬੈਂਕਾਂ ਨੇ ਖਾਤਾਧਾਰਕਾਂ ਨੂੰ ਕਿਹਾ ਹੈ ਕਿ ਉਹ ਖਾਤੇ ਵਿੱਚ ਬਣਦੇ ਪੈਸੇ ਰੱਖਣ, ਤਾਂ ਕਿ ਚੈੱਕ ਬਾਊਂਸ ਨਾ ਹੋਵੇ।

## ਸ਼ੁਭਮਨ ਵਨ ਡੇ ਦਾ ਵੀ ਕਪਤਾਨ

**ਮੁੰਬਈ** : ਆਸਟ੍ਰੇਲੀਆ ਖਿਲਾਫ 19 ਅਕਤਬੂਰ ਤੋਂ ਤਿੰਨ ਮੈਚਾਂ ਦੀ ਲੜੀ ਲਈ ਵਨ ਡੇ ਟੀਮ ਦਾ ਰੋਹਿਤ ਸ਼ਰਮਾ ਦੀ ਥਾਂ ਸ਼ੁਭਮਨ ਗਿੱਲ ਨੂੰ ਕਪਤਾਨ ਬਣਾਇਆ ਗਿਆ ਹੈ। ਇਸਤੋਂ ਪਹਿਲਾਂ ਗਿੱਲ ਨੂੰ ਟੈਸਟ ਕਪਤਾਨ ਬਣਾਇਆ ਗਿਆ ਸੀ। ਸ਼੍ਰੇਯਸ ਉਪ ਕਪਤਾਨ ਹੋਵੇਗਾ। ਟੀਮ ਵਿੱਚ ਰੋਹਿਤ ਸ਼ਰਮਾ ਤੇ ਵਿਰਾਟ ਕੋਹਲੀ ਵੀ ਹੋਣਗੇ।

## ਤੀਜੇ ਦਿਨ ਹੀ ਹਾਰ

**ਅਹਿਮਦਾਬਾਦ** : ਭਾਰਤ ਨੇ ਸਨਿੱਚਰਵਾਰ ਵੈਸਟ ਇੰਡੀਜ਼ ਨੂੰ ਪਹਿਲੇ ਟੈਸਟ ਮੈਚ ਦੇ ਤੀਜੇ ਦਿਨ ਹੀ ਪਾਰੀ ਤੇ 140 ਦੌੜਾਂ ਨਾਲ ਹਰਾ ਦਿੱਤਾ। ਵੈਸਟ ਇੰਡੀਜ਼ ਨੇ ਪਹਿਲੀ ਪਾਰੀ ਵਿੱਚ 162 ਦੌੜਾਂ ਬਣਾਈਆਂ ਸਨ, ਜਦਕਿ ਭਾਰਤ ਨੇ ਪਹਿਲੀ ਪਾਰੀ ਪੰਜ ਵਿਕਟਾਂ ਦੇ ਨੁਕਸਾਨ ਨਾਲ 448 ਦੌੜਾਂ ’ਤੇ ਐਲਾਨ ਦਿੱਤੀ ਸੀ। ਵੈਸਟ ਇੰਡੀਜ਼ ਦੀ ਪੂਰੀ ਟੀਮ ਦੂਜੀ ਪਾਰੀ ਵਿੱਚ 146 ਦੌੜਾਂ ’ਤੇ ਆਊਟ ਹੋ ਗਈ।

## ਮੋਦੀ ਸ਼ੋਅ ਸਟਾਪਰ : ਕੰਗਨਾ

**ਨਵੀਂ ਦਿੱਲੀ** : ਕੰਗਨਾ ਰਣੌਤ ਨੇ ਮੋਦੀ ਨੂੰ ਸ਼ੋਅ ਸਟਾਪਰ ਤੇ ਸ਼ਾਨਦਾਰ ਸਟਾਈਲ ਵਾਲਾ ਵਿਅਕਤੀ ਦੱਸਿਆ ਹੈ। ਸਵਾਲ ਸੀ ਕਿ ਜੇ ਕਦੇ ਮੌਕਾ ਦਿੱਤਾ ਜਾਵੇ, ਰਾਜਨੀਤੀ ਦੀ ਦੁਨੀਆ ਵਿੱਚੋਂ ਕੌਣ ਰੈਂਪ ’ਤੇ ਸਭ ਤੋਂ ਵਧੀਆ ਪ੍ਰਦਰਸ਼ਨ ਕਰ ਸਕਦਾ ਹੈ? ਉਸ ਦਾ ਜਵਾਬ ਸੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ। ਉਸ ਨੇ ਦਿੱਲੀ ਵਿੱਚ ਇੱਕ ਫੈਸ਼ਨ ਈਵੈਂਟ ਦੌਰਾਨ ਕਿਹਾ ਕਿ ਮੋਦੀ ਦਾ ਸ਼ਾਨਦਾਰ ਸਟਾਈਲ ਹੈ।

## ਮੁੱਖ ਮੰਤਰੀ ਨੂੰ 1.55 ਕਰੋੜ ਦਾ ਚੈੱਕ ਭੇਟ



**ਚੰਡੀਗੜ੍ਹ** : ਪੰਜਾਬ ਦੇ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਮੁੜ ਵਸੇਬੇ ਅਤੇ ਰਾਹਤ ਕਾਰਜਾਂ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ‘ਚੀਫ਼ ਮਨਿਸਟਰ ਰੰਗਲਾ ਪੰਜਾਬ ਫੰਡ’ ਵਿੱਚ ਐੱਸ ਬੀ ਆਈ ਚੰਡੀਗੜ੍ਹ ਸਰਕਲ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਐੱਸ ਬੀ ਆਈ ਵੱਲੋਂ 1.55 ਕਰੋੜ ਰੁਪਏ ਦਾ ਚੈੱਕ ਭੇਟ ਕੀਤਾ ਗਿਆ।ਇਸ ਮੌਕੇ ਕ੍ਰਿਸ਼ਨ ਸ਼ਰਮਾ ਚੀਫ਼ ਜਨਰਲ ਮੈਨੇਜਰ ਐੱਸ ਬੀ ਆਈ, ਮਨਮੀਤ ਸਿੰਘ ਛਾਬੜਾ ਜਨਰਲ ਮੈਨੇਜਰ ਐੱਸ ਬੀ ਆਈ, ਕਾਜਲ ਭੌਮਿਕ ਡਿਪਟੀ ਜਨਰਲ ਮੈਨੇਜਰ ਐੱਚ ਆਰ ਐੱਸ ਬੀ ਆਈ, ਰਾਜੀਵ ਸਰਹਿੰਦੀ ਪ੍ਰਧਾਨ, ਪ੍ਰਿਯਵਰਤ ਜਨਰਲ ਸਕੱਤਰ ਐੱਸ ਬੀ ਆਈ ਆਫੀਸਰਜ਼ ਐਸੋਸੀਏਸ਼ਨ ਚੰਡੀਗੜ੍ਹ ਸਰਕਲ ਅਤੇ ਕੌਸ਼ਲ ਐੱਸ ਬੀ ਆਈ ਸਟਾਫ ਐਸੋਸੀਏਸ਼ਨ ਵੀ ਮੌਜੂਦ ਸਨ, ਜਿਨ੍ਹਾਂ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਤ ਲੋਕਾਂ ਦੇ ਮੁੜ ਵਸੇਬੇ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਮੁੱਖ ਮੰਤਰੀ ਭਗੰਵਤ ਮਾਨ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਐੱਸ ਬੀ ਆਈ ਆਫੀਸਰਜ਼ ਐਸੋਸੀਏਸ਼ਨ ਅਤੇ ਐੱਸ ਬੀ ਆਈ ਸਟਾਫ਼ ਐਸੋਸੀਏਸ਼ਨ ਦਾ ਧੰਨਵਾਦ ਕੀਤਾ ਗਿਆ।

## 71 ਅਧਿਆਪਕਾਂ ਦਾ ਸਨਮਾਨ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਐਲਾਨ ਕੀਤਾ ਕਿ 5 ਅਕਤੂਬਰ ਨੂੰ ‘ਵਿਸ਼ਵ ਅਧਿਆਪਕ ਦਿਵਸ’ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 71 ਸਰਕਾਰੀ ਅਧਿਆਪਕਾਂ ਦਾ ਵੱਕਾਰੀ ‘ਰਾਜ ਅਧਿਆਪਕ ਪੁਰਸਕਾਰ 2025’ ਨਾਲ ਸਨਮਾਨ ਕੀਤਾ ਜਾਵੇਗਾ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅਧਿਆਪਕਾਂ ਨੂੰ ਇੱਕ ਮੈਡਲ, ਸ਼ਾਲ ਤੇ ਯੋਗਤਾ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਮੁੱਖ ਮੰਤਰੀ ਅੱਜ ਹੈਰੀਟੇਜ ਸਟਰੀਟ (ਵਿਰਾਸਤੀ ਮਾਰਗ) ਦਾ ਨੀਂਹ ਪੱਥਰ ਵੀ ਰੱਖਣਗੇ

## ਰਾਜਿੰਦਰ ਗੁਪਤਾ ਹੋ ਸਕਦੇ ਹਨ ‘ਆਪ’ ਦੇ ਉਮੀਦਵਾਰ



**ਚੰਡੀਗੜ੍ਹ** : ਰਾਜਿੰਦਰ ਗੁਪਤਾ 24 ਅਕਤੂਬਰ ਨੂੰ ਹੋਣ ਵਾਲੀ ਰਾਜ ਸਭਾ ਦੀ ਉਪ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹੋ ਸਕਦੇ ਹਨ। ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਗੁਪਤਾ ਨੇ ਰਾਜ ਆਰਥਕ ਨੀਤੀ ਤੇ ਯੋਜਨਾ ਬੋਰਡ ਦੇ ਉਪ ਚੇਅਰਮੈਨ ਅਤੇ ਸ੍ਰੀ ਕਾਲੀ ਦੇਵੀ ਸਲਾਹਕਾਰ ਕਮੇਟੀ ਦੇ ਚੇਅਰਪਰਸਨ ਦਾ ਅਹੁਦਾ ਛੱਡ ਦਿੱਤਾ ਹੈ। ਸੱਤਾਧਾਰੀ ਪਾਰਟੀ ਦੇ ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਗੁਪਤਾ ਪਾਰਟੀ ਦੇ ਉਮੀਦਵਾਰ ਹੋ ਸਕਦੇ ਹਨ।

## ਟਰਾਲੇ ਹੇਠ ਆਉਣ ਨਾਲ ਮਾਂ-ਪੁੱਤ ਸਣੇ 3 ਜਣਿਆਂ ਦੀ ਮੌਤ

**ਅੰਮ੍ਰਿਤਸਰ** : ਅਜਨਾਲਾ ਬਾਈਪਾਸ ਫਲਾਈਓਵਰ ਦੇ ਨੇੜੇ ਰਾਮ ਤੀਰਥ ਰੋਡ ’ਤੇ ਸ਼ੁੱਕਰਵਾਰ ਰਾਤ 11 ਵਜੇ ਟਰਾਲੇ ਹੇਠ ਆ ਕੇ ਬਾਈਕ ਸਵਾਰ ਔਰਤ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਸੰਨੀ (27) ਵਾਸੀ ਨਹਿਰੂ ਕਲੋਨੀ, ਰਮਨ (22) ਵਾਸੀ ਪਾਲ ਐਵੇਨਿਊ ਅਤੇ ਉਸ ਦੀ ਮਾਤਾ ਗੀਤਾ (43) ਵਜੋਂ ਹੋਈ ਹੈ। ਟਰਾਲਾ ਮਾਹਲ ਪਿੰਡ ਤੋਂ ਬਾਈਪਾਸ ਵੱਲ ਜਾ ਰਿਹਾ ਸੀ। ਫਲਾਈਓਵਰ ’ਤੇ ਚੜ੍ਹਦੇ ਸਮੇਂ ਡਰਾਈਵਰ ਨੇ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਟਰਾਲਾ ਅਚਾਨਕ ਪਿੱਛੇ ਵੱਲ ਆਉਣਾ ਸ਼ੁਰੂ ਹੋ ਗਿਆ ਤੇ ਪਿੱਛੇ ਆ ਰਹੇ ਬਾਈਕ ਸਵਾਰਾਂ ਨੂੰ ਦਰੜ ਦਿੱਤਾ।

## ਕੁੱਤਿਆਂ ਨੇ ਦੋ ਵਿਦੇਸ਼ੀ ਕੋਚਾਂ ਨੂੰ ਚੱਕ ਮਾਰਿਆ

**ਨਵੀਂ ਦਿੱਲੀ** : ਇੱਥੇ ਜਵਾਹਰਲਾਲ ਨਹਿਰੂ ਸਟੇਡੀਅਮ ’ਚ ਵਿਸ਼ਵ ਪੈਰਾ-ਐਥਲੈਟਿਕਸ ਚੈਂਪੀਅਨਸ਼ਿਪ ਦੌਰਾਨ ਸ਼ੁੱਕਰਵਾਰ ਆਵਾਰਾ ਕੁੱਤਿਆਂ ਨੇ ਦੋ ਵਿਦੇਸ਼ੀ ਕੋਚਾਂ ਨੂੰ ਵੱਢ ਲਿਆ। ਕੀਨੀਆ ਦੇ ਕੋਚ ਡੈਨਿਸ ਮਾਰਾਗੀਆ ਅਤੇ ਜਪਾਨ ਦੀ ਕੋਚ ਮਾਈਕੋ ਓਕੁਮਾਤਸੂ ਕੁੱਤਿਆਂ ਦੇ ਸ਼ਿਕਾਰ ਬਣੇ। ਦੋਹਾਂ ਨੂੰ ਤੁਰੰਤ ਸਫਦਰਜੰਗ ਹਸਪਤਾਲ ਲਿਜਾਇਆ ਗਿਆ।

## ਆਪੋਜ਼ੀਸ਼ਨ ਤਰੱਕੀ ’ਚ ਰੁਕਾਵਟ : ਮਾਨ



**ਲਹਿਰਾ (ਸੰਗਰੂਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਵਿਰੋਧੀ ਧਿਰ ਵੱਲੋਂ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਸੂਬੇ ਦੀ ਤਰੱਕੀ ਵਿੱਚ ਰੁਕਾਵਟਾਂ ਪੈਦਾ ਕਰਨ ਦੀ ਸਖ਼ਤ ਆਲ਼ੋਚਨਾ ਕੀਤੀ। ਮੁੱਖ ਮੰਤਰੀ ਨੇ ਇੱਥੇ ਕਈ ਵਿਕਾਸ ਪ੍ਰੋਜੈਕਟਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਸੌੜੀ ਸੋਚ ਰੱਖੀ ਹੋਈ ਹੈ।ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ’ਤੇ ਨਿਸ਼ਾਨਾ ਸਾਧਦਿਆਂ ਉਨ੍ਹਾ ਕਿਹਾ ਕਿ ਕਾਂਗਰਸੀ ਆਗੂ ਬੁਖਲਾਹਟ ਵਿੱਚ ਆ ਕੇ ਸਰਕਾਰ ਨੂੰ ਬਦਨਾਮ ਕਰਨ ਦੀਆਂ ਬੇਹੂਦਾ ਕੋਸ਼ਿਸ਼ਾਂ ਕਰ ਰਹੇ ਹਨ। ਮਾਨ ਨੇ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਚੰਡੀਗੜ੍ਹ ਵਿਖੇ ਸਥਿਤ ਮੁੱਖ ਮੰਤਰੀ ਰਿਹਾਇਸ਼ ’ਤੇ ਵਾਪਸੀ ਲਈ ਨਜ਼ਰਾਂ ਗੱਡੀ ਬੈਠੇ ਹਨ, ਪਰ ਉਨ੍ਹਾਂ ਦੀ ਕਿਸਮਤ ਰੁਸੀ ਹੋਈ ਹੈ, • ਬਾਕੀ ਸਫਾ 2 ’ਤੇ






## ਸਾਬਕਾ ਵਿਧਾਇਕ ਆਵਲਾ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਦਾ ਬੁੱਤ ਲਗਾਇਆ



**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਚੱਕ ਬੰਨਵਾਲਾ ਵਿਖੇ ਸਮੂਹ ਪਿੰਡ ਵਾਸੀਆਂ ਵੱਲੋਂ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਦੇ ਸਹਿਯੋਗ ਨਾਲ ਸ਼ਹੀਦ ਸ. ਭਗਤ ਸਿੰਘ ਜੀ ਦਾ ਬੁੱਤ ਸਥਾਪਤ ਕੀਤਾ ਗਿਆ ਹੈ, ਜੋ ਹੁਣ ਮੁਕੰਮਲ ਹੋਣ 'ਤੇ ਮਹਾਨ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਪਿੰਡ ਵਿੱਚ ਰਮਿੰਦਰ ਸਿੰਘ ਆਵਲਾ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਮਹਾਨ ਸ਼ਹੀਦ ਭਗਤ ਸਿੰਘ ਦੇ ਬੁੱਤ ਨੂੰ ਹਾਰ ਪਾਏ ਤੇ ਮਹਾਨ ਸ਼ਹੀਦ ਨੂੰ ਯਾਦ ਕੀਤਾ ਗਿਆ। ਵਰਣਯੋਗ ਹੈ ਕਿ ਪਿੰਡ ਚੱਕ ਬੰਨ ਵਾਲਾ ਦੇ ਲੋਕਾਂ ਵੱਲੋਂ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਤੋਂ ਮੰਗ ਕੀਤੀ ਗਈ ਸੀ ਕਿ ਪਿੰਡ ਦੇ ਚੌਕ ਵਿੱਚ ਸ਼ਹੀਦ ਭਗਤ ਸਿੰਘ ਦਾ ਬੁੱਤ ਲਗਾਉਣਾ ਹੈ, ਜਿਸ 'ਤੇ ਰਮਿੰਦਰ ਆਵਲਾ ਵੱਲੋਂ ਉਸ ਸਮੇਂ ਟਾਈਮ ਹੀ 1.5 ਲੱਖ ਰੁਪਏ ਰਾਸ਼ੀ ਪਿੰਡ ਵਾਸੀਆਂ ਨੂੰ ਦੇ ਦਿੱਤੀ ਗਈ ਸੀ। ਅੱਜ ਸਾਰ ਬਾਅਦ ਉਹ ਚੌਕ ਪੂਰਾ ਹੋਇਆ ਤੇ ਸ਼ਹੀਦ ਭਗਤ ਸਿੰਘ ਦਾ ਬੁੱਤ ਲਗਾਇਆ ਗਿਆ, ਜਿਸ ਦਾ ਵਿਸ਼ੇਸ਼ ਤੌਰ 'ਤੇ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਵੱਲੋਂ ਉਦਘਾਟਨ ਕੀਤਾ ਗਿਆ। ਪਿੰਡ ਵਾਸੀਆਂ ਨੇ ਰਮਿੰਦਰ ਆਵਲਾ ਦਾ ਧੰਨਵਾਦ ਕੀਤਾ। ਇਸ ਮੌਕੇ ਰਾਮਲੀਲਾ ਕਮੇਟੀ ਨੂੰ ਦੁਸਹਿਰੇ ਦੇ ਤਿਉਹਾਰ ਲਈ 21000 ਦੀ ਨਕਦ ਰਾਸ਼ੀ ਸੌਂਪੀ ਗਈ। ਇਸ ਮੌਕੇ ਰਮਿੰਦਰ ਸਿੰਘ ਆਵਲਾ ਨਾਲ ਰਾਧਾ ਸ਼ਾਮ, ਡਿੰਪਲ ਕੰਬੋਜ, ਜ਼ਿਲਾ ਸਰਪੰਚ, ਪੂਰਨ ਸਰਪੰਚ, ਹਰੀਸ਼ ਸਾਬਕਾ ਸਰਪੰਚ, ਸੋਮ ਪ੍ਰਕਾਸ਼ ਸਾਬਕਾ ਸਰਪੰਚ, ਅਨਮੋਲ ਵਿਨਾਇਕ, ਮਹਿੰਦਰ ਕੁਮਾਰ, ਮੇਗਾ ਰਾਮ, ਵਿਸ਼ਾਲ ਕੰਬੋਜ, ਅਭੀ ਕੰਬੋਜ, ਸੌਰਵ ਕੰਬੋਜ, ਗੌਰਵ ਕੰਬੋਜ, ਗੌਰਵ ਵਿਨਾਇਕ ਮੌਜੂਦ ਸਨ।

## ਬਾਬਾ ਫਰੀਦ 'ਵਰਸਿਟੀ 'ਚ ਹੋਲਿਸਟਿਕ ਮੈਡੀਸਨ 'ਤੇ ਵਿਸ਼ੇਸ਼ ਲੈਕਚਰ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ ਦੇ ਸੈਨੇਟ ਹਾਲ ਵਿੱਚ 3 ਅਕਤੂਬਰ ਨੂੰ ਹੋਲਿਸਟਿਕ ਮੈਡੀਸਨ ਹੈਲਥ ਫਾਰ ਆਲ ਵਿਸ਼ੇ 'ਤੇ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ।ਇਹ ਲੈਕਚਰ ਵਿਸ਼ਵ ਪ੍ਰਸਿੱਧ ਹੋਲਿਸਟਿਕ ਮੈਡੀਸਿਨ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਡਾ. (ਪ੍ਰੋ.) ਆਰ. ਕੇ. ਤੁਲੀ, ਚੀਫ ਫਿਜ਼ੀਸ਼ਨ ਸੋਹਮ-ਇੰਟਰਨੈਸ਼ਨਲ ਸੈਂਟਰ ਫਾਰ ਹੋਲਿਸਟਿਕ ਮੈਡੀਕੇਅਰ ਨੇ ਦਿੱਤਾ। ਡਾ. ਤੁਲੀ ਨੇ 1996 ਵਿੱਚ ਇੰਦਰ ਪ੍ਰਸਥ ਅਪੋਲੋ ਹਸਪਤਾਲ ਵਿੱਚ ਵਿਸ਼ਵ ਦਾ ਪਹਿਲਾ ਹੋਲਿਸਟਿਕ ਮੈਡੀਸਿਨ ਵਿਭਾਗ ਸਥਾਪਤ ਕੀਤਾ ਸੀ। ਡਾ. ਤੁਲੀ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਦਾ ਹੈਲਥ ਫਾਰ ਆਲ ਦਾ ਦ੍ਰਿਸ਼ਟੀਕੋਣ ਕੇਵਲ ਇੰਟੀਗ੍ਰੇਟਿਵ ਹੋਲਿਸਟਿਕ ਮੈਡੀਸਿਨ ਰਾਹੀਂ ਹੀ ਪੂਰਾ ਹੋ ਸਕਦਾ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹੋਲਿਸਟਿਕ ਮੈਡੀਸਿਨ ਮਨੁੱਖ ਦੇ ਸਰੀਰ, ਮਨ ਤੇ ਰੂਹ ਦਾ ਇਕੱਠਾ ਇਲਾਜ ਕਰਦੀ ਹੈ, ਜਿਸ ਵਿੱਚ ਆਧੁਨਿਕ ਵਿਗਿਆਨਕ ਚਿਕਿਤਸਾ ਨੂੰ ਆਯੁਰਵੇਦ ਤੇ ਚੀਨੀ ਪ੍ਰਣਾਲੀਆਂ ਵਰਗੀਆਂ ਰਵਾਇਤੀ ਪ੍ਰਣਾਲੀਆਂ ਨਾਲ ਜੋੜਿਆ ਜਾਂਦਾ ਹੈ।ਉਨ੍ਹਾਂ ਨੇ 'ਸੋਹਮ' ਦੇ ਮਿਸ਼ਨ ਬਾਰੇ ਦੱਸਿਆ ਕਿ ਜੋ ਕੁਦਰਤੀ, ਨਸ਼ਾ-ਰਹਿਤ ਤੇ ਟਿਕਾਊ ਢੰਗ ਨਾਲ ਸਕਾਰਾਤਮਕ ਸਿਹਤ ਅਤੇ ਰੁੱਖ ਤੰਦਰੁਸਤੀ ਨੂੰ ਸਮਰਪਤ ਹੈ।ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਇੰਟੀਗ੍ਰੇਟਿਡ ਮੈਡੀਸਿਨ, ਖਾਸ ਤੌਰ 'ਤੇ ਜੀਵਨ ਸ਼ੈਲੀ ਨੂੰ ਮੁੱਖ ਰੱਖ ਕੇ, ਸਮਾਜ ਦੀਆਂ ਵੱਧ ਰਹੀਆਂ ਮਾਨਸਿਕ ਤੇ ਸਰੀਰਕ ਸਿਹਤ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੁੰਜੀ ਹੈ।ਉਨ੍ਹਾਂ ਦੇਸ਼ ਦੇ ਲੋਕਾਂ ਲਈ ਨਵੀਂ ਸਿੱਖਿਆ ਤੇ ਜੀਵਨ ਪਹੁੰਚ ਨੂੰ ਅੱਗੇ ਵਧਾਉਣ 'ਤੇ ਜ਼ੋਰ ਦਿੱਤਾ।ਸਮਾਰੋਹ ਵਿੱਚ ਬ੍ਰਿਗੇਡੀਅਰ ਰਾਹੁਲ ਯਾਦਵ, ਡਾ. ਰਾਜੀਵ ਸ਼ਰਮਾ, ਡਾ. ਸੰਜੇ ਗੁਪਤਾ ਸਮੇਤ ਯੂਨੀਵਰਸਿਟੀ ਦੇ ਵੱਖ-ਵੱਖ ਕਾਲਜਾਂ ਤੇ ਵਿਭਾਗਾਂ ਦੇ ਫੈਕਲਟੀ ਅਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

## ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਮੀਟਿੰਗ ਚ ਵੱਖ-ਵੱਖ ਮਤੇ ਪਾਸ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭ੍ਰਿਸ਼ਟਾਚਾਰ ਵਿਰੋਧੀ ਫਰੰਟ ਮਾਛੀਵਾੜਾ ਸਾਹਿਬ ਦੀ ਮਹੀਨਾਵਾਰ ਮੀਟਿੰਗ ਸੁਖਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਮਤੇ ਪਾਏ ਗਏ। ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਪ੍ਰੈੱਸ ਸਕੱਤਰ ਸੁਭਾਸ਼ ਚੰਦਰ ਨਾਗਪਾਲ ਨੇ ਦੱਸਿਆ ਕਿ ਸ਼ਹਿਰ ਵਿੱਚ ਦੁਕਾਨਾਂ ਨੂੰ ਸਾਮਾਨ (ਮਾਲ) ਸਪਲਾਈ ਕਰਨ ਵਾਲੀਆਂ ਗੱਡੀਆਂ ਸਾਰਾ ਦਿਨ ਆਉਂਦੀਆਂ ਰਹਿੰਦੀਆਂ ਹਨ, ਜਿਸ ਕਾਰਨ ਆਵਾਜਾਈ ਦੀ ਸਮੱਸਿਆ ਬਣੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਗੱਡੀਆਂ ਦੇ ਆਉਣ-ਜਾਣ ਦਾ ਸਮਾਂ ਨਿਸ਼ਚਿਤ ਕਰਨ ਲਈ ਨਗਰ ਕੌਂਸਲ ਤੋਂ ਮੰਗ ਕੀਤੀ ਅਤੇ ਇਸ ਸਬੰਧੀ ਢੁੱਕਵੇਂ ਥਾਵਾਂ 'ਤੇ ਬੋਰਡ ਵੀ ਲਗਾਏ ਜਾਣ। ਦੂਸਰੇ ਮਤੇ ਵਿੱਚ ਪਾਲੀਥੀਨ ਦੇ ਲਿਫ਼ਾਫੇ ਤੇ ਡਿਸਪੋਜ਼ਲ ਬਰਤਨਾਂ ਦੀ ਵਰਤੋਂ ਕਾਰਨ ਸ਼ਹਿਰ ਵਿੱਚ ਫੈਲ ਰਹੀ ਗੰਦਗੀ ਲਈ ਨਗਰ ਕੌਂਸਲ ਇਨ੍ਹਾਂ ਦੀ ਵਿੱਕਰੀ 'ਤੇ ਸਖ਼ਤੀ ਨਾਲ ਪਾਬੰਦੀ ਲਗਾਏ। ਇਸ ਤੋਂ ਇਲਾਵਾ ਤੀਸਰੇ ਮਤੇ ਵਿੱਚ ਜੋ ਨੌਜਵਾਨ ਮੋਟਰਸਾਈਕਲਾਂ 'ਤੇ ਪਟਾਕੇ ਵਜਾਉਂਦੇ ਫਿਰਦੇ ਰਹਿੰਦੇ ਹਨ, ਜਿਸ ਕਾਰਨ ਦੁਰਘਟਨਾਵਾਂ ਹੋਣ ਦਾ ਖ਼ਤਰਾ ਬਣਿਆ ਹੈ, ਇਸ ਸਬੰਧੀ ਪੁਲਸ ਪ੍ਰਸ਼ਾਸਨ ਤੋਂ ਸਖ਼ਤੀ ਨਾਲ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਬਖ਼ਸ਼ੀ ਰਾਮ, ਜਗਮੋਹਣ ਸਿੰਘ, ਹਰਮਿੰਦਰ ਸਿੰਘ, ਮੋਹਨਜੀਤ, ਜਗੀਰ ਸਿੰਘ ਲੌਂਗੀਆ, ਪ੍ਰਵੀਨ ਮੱਕੜ, ਪ੍ਰੇਮ ਚੰਦ, ਮੰਗਤ ਰਾਏ ਮੌਜੂਦ ਸਨ।

## ਸਰਕਾਰੀ ਆਈ.ਟੀ.ਆਈ. ਵਿਖੇ ਡਿਗਰੀ ਤੇ ਇਨਾਮ ਵੰਡ ਸਮਾਰੋਹ



**ਮਾਨਸਾ (ਆਤਮਾ ਸਿੰਘ ਪਮਾਰ)**-ਸਰਕਾਰੀ ਆਈ ਟੀ ਆਈ ਮਾਨਸਾ ਵਿਖੇ ਪ੍ਰਿੰਸੀਪਲ ਗੁਰਮੇਲ ਸਿੰਘ ਮਾਖਾ ਦੀ ਅਗਵਾਈ ਹੇਠ ਡਿਗਰੀ ਤੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ।ਸਮਾਰੋਹ 'ਚ ਮੁੱਖ ਮਹਿਮਾਨ ਦੇ ਤੌਰ 'ਤੇ ਸੰਸਥਾ ਦੀ ਆਈ. ਐੱਮ. ਸੀ. ਦੇ ਚੇਅਰਮੈਨ ਰੂਪ ਸਿੰਘ ਪਹੁੰਚੇ।ਮੁੱਖ ਮਹਿਮਾਨ ਵੱਲੋਂ ਸੰਸਥਾ ਦੇ ਸਾਲ 2025 ਦੌਰਾਨ ਪਾਸ ਹੋਏ ਸਿਖਿਆਰਥੀਆਂ ਨੂੰ ਡਿਗਰੀਆਂ ਵੀ ਸੌਂਪੀਆਂ ਗਈਆਂ।ਸੰਸਥਾ ਦੇ ਪਲੇਸਮੈਂਟ ਅਫ਼ਸਰ ਜਸਪਾਲ ਸਿੰਘ ਨੇ ਦੱਸਿਆ ਕਿ ਇਲੈਕਟ੍ਰੀਸ਼ਨ ਟਰੇਡ ਦੀਆਂ ਤਿੰਨ ਸਿਖਿਆਰਥਣਾਂ ਜਸਪ੍ਰੀਤ ਕੌਰ, ਜਸ਼ਨਪ੍ਰੀਤ ਕੌਰ, ਜੈਸਮੀਨ ਕੌਰ ਨੇ 99.16% (ਪ੍ਰਤੀਸ਼ਤ) ਅੰਕ ਪ੍ਰਾਪਤ ਕਰਕੇ ਪੰਜਾਬ ਭਰ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਇਸੇ ਤਰ੍ਹਾਂ ਇਲੈਕਟ੍ਰੋਨਿਕਸ ਟਰੇਡ 'ਚ ਵਿਨੋਦ ਕੁਮਾਰ ਨੇ ਪਹਿਲਾ, ਕਟਾਈ ਸਿਲਾਈ ਟਰੇਡ 'ਚ ਪ੍ਰਭਜੋਤ ਕੌਰ ਨੇ ਪਹਿਲਾ, ਪਲੰਬਰ ਟਰੇਡ 'ਚ ਹਰਪ੍ਰੀਤ ਸਿੰਘ ਨੇ ਪਹਿਲਾ, ਕੋਪਾ ਨਿਸ਼ਚਲਪ੍ਰੀਤ ਸਿੰਘ ਨੇ ਪਹਿਲਾ ਅਤੇ ਵੈਲਡਰ ਟਰੇਡ ਵਿੱਚੋਂ ਲਵਪ੍ਰੀਤ ਸਿੰਘ ਨੇ ਵੀ ਪਹਿਲਾ ਸਥਾਨ ਹਾਸਲ ਕੀਤਾ।ਚੇਅਰਮੈਨ ਸ੍ਰ. ਰੂਪ ਸਿੰਘ ਨੇ ਪਹਿਲੇ ਸਥਾਨ 'ਤੇ ਆਉਣ ਵਾਲੇ ਸਿਖਿਆਰਥੀਆਂ ਨੂੰ 2100-2100 ਰੁਪਏ ਨਗਦ ਰਾਸ਼ੀ ਇਨਾਮ ਦੇ ਰੂਪ 'ਚ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਸਮੇਂ ਕੁੱਲ 70 ਸਿਖਿਆਰਥੀਆਂ ਨੂੰ ਸਰਟਫਿਕੇਟਾਂ ਦੀ ਵੰਡ ਕੀਤੀ ਗਈ।

## ਆਕਸਫੋਰਡ ਸਕੂਲ ਵੱਲੋਂ ਜ਼ਿਲ੍ਹਾ ਐਥਲੈਟਿਕਸ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ



**ਦੋਰਾਹਾ (ਹਰਮਿੰਦਰ ਸੇਠ)**-ਇਲਾਕੇ ਦੀ ਸਿਰਮੌਰ ਸਿੱਖਿਆ ਸੰਸਥਾ ਆਕਸਫੋਰਡ ਸਕੂਲ ਪਾਇਲ ਦੇ ਐਥਲੈਟਿਕਸ ਖਿਡਾਰੀਆਂ ਨੇ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿੱਚ ਹੋਈ ਜ਼ਿਲ੍ਹਾ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਧਮਾਕੇਦਾਰ ਪ੍ਰਦਰਸ਼ਨ ਕਰਦਿਆਂ ਨੌਂ ਤਮਗੇ (4 ਸੋਨੇ, 2 ਚਾਂਦੀ, 3 ਕਾਂਸੀ) ਜਿੱਤੇ।ਸਕੂਲ ਦੇ ਹੋਣਹਾਰ ਵਿਦਿਆਰਥੀ ਅਭਿਰਾਜ ਸਿੰਘ ਰਿਟੋਲ ਨੇ 80 ਮੀਟਰ ਅੜਿੱਕੇ ਦੌੜ ਵਿੱਚ ਸ਼ਾਨਦਾਰ ਸੋਨੇ ਦਾ ਮੈਡਲ ਜਿੱਤਿਆ ਤੇ 600 ਮੀਟਰ ਦੌੜ ਵਿੱਚ ਵੀ ਕਾਂਸੀ ਦਾ ਮੈਡਲ ਜਿੱਤ ਕੇ ਅਪਣੀ ਪ੍ਰਤਿਭਾ ਦਿਖਾਈ।ਸਕੂਲ ਦੀ ਇੱਕ ਹੋਰ ਹੋਣਹਾਰ ਖਿਡਾਰਣ ਹੁਸਨਦੀਪ ਕੌਰ ਨੇ 100 ਵਿੱਚ ਬਹੁਤ ਹੀ ਸਖਤ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸ਼ਾਨਦਾਰ ਮੈਡਲ ਅਪਣੇ ਨਾਮ ਕੀਤਾ ਤੇ 4×100 ਮੀਟਰ ਤੇ 4×400 ਮੀਟਰ ਰਿਲੇਅ ਵਿੱਚ ਦੋ ਸੋਨੇ ਦੇ ਮੈਡਲ ਸਮੇਤ ਕੁੱਲ 3 ਮੈਡਲ ਜਿੱਤੇ।ਅੱਠਵੀਂ ਜਮਾਤ ਦੀ ਵਿਦਿਆਰਥਣ ਰਵਲੀਨ ਕੌਰ ਨੇ ਡਿਸਕਸ ਥ੍ਰੋ ਵਿੱਚ ਸੋਨੇ ਦਾ ਮੈਡਲ, ਅਨੀਕੇਤ ਕੁਮਾਰ ਨੇ ਜੈਵਲਿਨ ਵਿੱਚ ਚਾਂਦੀ ਦਾ ਮੈਡਲ ਤੇ ਜਪਲੀਨ ਕੌਰ ਨੇ ਉੱਚੀ ਛਾਲ 'ਚ ਕਾਂਸੀ ਦਾ ਮੈਡਲ, ਬਾਰਵੀਂ ਨਾਨ-ਮੈਡੀਕਲ ਦੀ ਸਿਮਰਨ ਕੌਰ ਨੇ 3000 ਮੀਟਰ ਰੇਸ ਵਿੱਚ ਕਾਂਸੀ ਦਾ ਮੈਡਲ ਜਿੱਤਿਆ।ਖਿਡਾਰੀਆਂ ਦੇ ਇਸ ਸ਼ਾਨਦਾਰ ਪ੍ਰਦਰਸ਼ਨ 'ਤੇ ਸਕੂਲ ਦੇ ਕਾਰਜਕਾਰੀ ਪ੍ਰਧਾਨ ਕਿਰਨਪ੍ਰੀਤ ਸਿੰਘ ਧਾਲੀਵਾਲ, ਪ੍ਰਿੰਸੀਪਲ ਵਿਜੇ ਕਪੂਰ, ਮੈਨੇਜਰ ਸੁਰਜੀਤ ਸਿੰਘ ਗਿੱਲ ਤੇ ਸਮੂਹ ਸਟਾਫ ਨੇ ਖਿਡਾਰੀਆਂ ਦਾ ਭਰਪੂਰ ਸਵਾਗਤ ਕੀਤਾ ਅਤੇ ਇਸ ਵੱਡੀ ਜਿੱਤ ਦਾ ਸਿਹਰਾ ਖਿਡਾਰੀਆਂ ਦੀ ਸਖਤ ਮਿਹਨਤ, ਮਾਪਿਆਂ ਦੇ ਸਹਿਯੋਗ ਤੇ ਸਕੂਲ ਦੇ ਖੇਡ ਵਿਭਾਗ ਰਵਿੰਦਰਪਾਲ ਸਿੰਘ, ਸੁਮਨਦੀਪ ਕੌਰ, ਗਗਨਦੀਪ ਸਿੰਘ ਨੂੰ ਦਿੰਦੇ ਹੋਏ ਅੱਗੇ ਜ਼ਿਲ੍ਹਾ ਤੇ ਸਟੇਟ ਪੱਧਰ ਦੇ ਮੁਕਾਬਲਿਆਂ ਲਈ ਟੀਮਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਸਾਂਸਦ ਮੀਤ ਹੇਅਰ ਨੂੰ ਮੰਗ ਪੱਤਰ ਸੌਂਪਿਆ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸਿੰਘ ਸੱਗੂ)**-ਗ੍ਰਾਮ ਪੰਚਾਇਤ ਘਨੌਰ ਖੁਰਦ ਦੀ ਪੰਚਾਇਤ ਵੱਲੋਂ ਲੋਕ ਸਭਾ ਹਲਕਾ ਸੰਗਰੂਰ ਤੋਂ ਸੰਸਦ ਗੁਰਮੀਤ ਸਿੰਘ ਮੀਤ ਹੇਅਰ ਨਾਲ ਮੁਲਾਕਾਤ ਕੀਤੀ ਗਈ।ਸਰਪੰਚ ਬਿੰਦਰਪਾਲ ਕੌਰ, ਅਮਨਦੀਪ ਸਿੰਘ ਤੇ ਮਨਜੀਤ ਸਿੰਘ ਡੀ.ਸੀ. ਯੂਥ ਪ੍ਰਧਾਨ ਦੀ ਅਗਵਾਈ ਹੇਠ ਇਕ ਵਿਸ਼ੇਸ਼ ਮੰਗ ਪੱਤਰ ਸੌਂਪਿਆ ਗਿਆ।ਪੰਚਾਇਤ ਨੇ ਸੰਸਦ ਅੱਗੇ ਪਿੰਡ ਦੇ ਵੱਖ-ਵੱਖ ਵਿਕਾਸੀ ਕਾਰਜਾਂ ਲਈ ਸਰਕਾਰੀ ਗ੍ਰਾਂਟ ਜਾਰੀ ਕਰਨ ਦੀ ਮੰਗ ਰੱਖੀ।ਪਿੰਡ ਵਾਸੀਆਂ ਵੱਲੋਂ ਲੋੜੀਂਦੇ ਕਾਰਜਾਂ ਵਿੱਚ ਪਿੰਡ ਵਿੱਚ ਵੱਖ-ਵੱਖ ਥਾਂਵਾਂ ਤੇ ਸੀਸੀਟੀਵੀ ਕੈਮਰੇ ਲਾਉਣ, ਸੋਲਰ ਲਾਇਟਾਂ, ਕਬਰਸਿਤਾਨ ਦੀ ਚਾਰਦੀਵਾਰੀ ਤੇ ਜਨਾਜ਼ਾ ਘਰ ਦੀ ਉਸਾਰੀ, ਪਾਣੀ ਵਾਲੀ ਟੈਂਕੀ ਸਮੇਤ ਫਾਇਰ ਬਿਗ੍ਰੇਡ ਸਿਸਟਮ, ਆਰ.ਸੀ.ਸੀ. ਬੈਂਚਾਂ ਲਈ ਅਤੇ ਬੱਸ ਅੱਡੇ ਦੀ ਉਸਾਰੀ ਸਮੇਤ ਹੋਰ ਮੰਗਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ।

ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਨੇ ਕਿਹਾ ਕਿ ਪਿੰਡਾਂ ਦੀ ਖੁਸ਼ਹਾਲੀ ਲਈ ਵਿਕਾਸ ਕਾਰਜਾਂ ਦਾ ਪੂਰਾ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਨਾਲ ਨਾ ਸਿਰਫ਼ ਲੋਕਾਂ ਦੀ ਜੀਵਨਸ਼ੈਲੀ ਵਿੱਚ ਸੁਧਾਰ ਆਉਂਦਾ ਹੈ, ਬਲਕਿ ਨੌਜਵਾਨਾਂ ਵਿੱਚ ਭਰੋਸਾ ਵੀ ਪੈਦਾ ਹੁੰਦਾ ਹੈ।ਸੰਸਦ ਮੀਤ ਹੇਅਰ ਨੇ ਪਿੰਡ ਵਾਸੀਆਂ ਤੇ ਪੰਚਾਇਤ ਵੱਲੋਂ ਪੇਸ਼ ਕੀਤੀਆਂ ਮੰਗਾਂ ਨੂੰ ਧਿਆਨ ਨਾਲ ਸੁਣਦਿਆਂ ਹਰ ਸੰਭਵ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ।ਉਨ੍ਹਾਂ ਕਿਹਾ ਕਿ ਪਿੰਡਾਂ ਦਾ ਵਿਕਾਸ ਹੀ ਅਸਲ ਪੰਜਾਬ ਦੀ ਤਾਕਤ ਹੈ ਤੇ 'ਆਪ' ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਣ ਲਈ ਬੱਝੀ ਹੈ।

## ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਨੇ ਵਿਧਾਇਕ ਨੂੰ ਸੌਂਪਿਆ ਮੰਗ ਪੱਤਰ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਆਲ ਇੰਡੀਆ ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ (ਏਟਕ) ਨਿਹਾਲ ਸਿੰਘ ਵਾਲਾ ਵੱਲੋਂ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਐੱਮ.ਐੱਲ.ਏ. ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਬਲਾਕ ਪ੍ਰਧਾਨ ਚਰਨਜੀਤ ਕੌਰ, ਪ੍ਰੈੱਸ ਸਕੱਤਰ ਗੁਰਦੀਪ ਕੌਰ ਤੇ ਖਜ਼ਾਨਚੀ ਬਿਮਲਜੀਤ ਕੌਰ ਦੀਨਾਂ, ਆਂਗਣਵਾੜੀ ਵਰਕਰਾਂ/ਹੈਲਪਰ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ।

ਆਂਗਣਵਾੜੀ ਵਰਕਰਾਂ ਹੈਲਪਰਾਂ ਨੂੰ ਛੇ ਮਹੀਨੇ ਤੋਂ ਲੈ ਕੇ ਮਾਣ ਭੱਤਾ ਨਹੀਂ ਮਿਲਿਆ। ਜਥੇਬੰਦੀ ਮੰਗ ਕਰਦੀ ਹੈ ਕਿ ਮੰਤਰੀ ਨਾਲ ਪੈਨਲ ਮੀਟਿੰਗ ਦਵਾ ਕੇ ਇਹਨਾਂ ਮੰਗਾਂ ਤੇ ਮੁਸ਼ਕਿਲਾਂ ਦਾ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ ਆਂਗਣਵਾੜੀ ਸੈਂਟਰਾਂ ਦੇ ਬੱਚੇ ਵਾਪਸ ਕੀਤੇ ਜਾਣ ਤੇ ਪ੍ਰੀ ਨਰਸਰੀ ਕਲਾਸਾਂ ਆਂਗਣਵਾੜੀ ਸੈਂਟਰਾਂ ਨੂੰ ਦਿੱਤੀਆਂ ਜਾਣ। ਪੰਜਾਬ ਸਰਕਾਰ ਵੱਲੋਂ ਚੋਣ ਮੈਨੀਫੈਸਟੋ ਅਨੁਸਾਰ ਆਂਗਣਵਾੜੀ ਵਰਕਰ ਹੈਲਪਰ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇ।ਆਂਗਣਵਾੜੀ ਵਰਕਰਾਂ ਨੂੰ ਫੋਨ ਰੀਚਾਰਜ ਕਰਾਉਣ ਲਈ 500 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ, ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਰੂਲਾਂ ਦੇ ਨਿਯਮਾਂ ਵਿੱਚ ਸੋਧ ਕੀਤੀ ਜਾਵੇ।ਹਰ ਪਿੰਡ ਵਿੱਚ ਆਂਗਣਵਾੜੀ ਦੀ ਇਮਾਰਤ ਬਣਾਈ ਜਾਵੇ।ਟੀ ਏ ਵਿੱਚ ਵਾਧਾ ਕੀਤਾ ਜਾਵੇ ਤੇ ਡੀ ਏ ਲਾਗੂ ਕੀਤਾ ਜਾਵੇ।ਰਾਸ਼ਨ ਬਣਾਉਣ ਲਈ ਬਾਲਣ ਦੇ ਪੈਸੇ ਦੋ ਰੁਪਏ ਪ੍ਰਤੀ ਲਾਭਪਾਤਰੀ ਦਿੱਤੇ ਜਾਣ, ਵਿਦੇਸ਼ ਜਾਣ ਲਈ ਐਮਰਜੈਂਸੀ ਛੁੱਟੀ ਦਿੱਤੀ ਜਾਵੇ।ਅਡੀਸ਼ਨ ਚਾਰਜ ਦਾ ਮਾਣ ਭੱਤਾ 3000 ਪ੍ਰਤੀ ਮਹੀਨਾ ਦਿੱਤਾ ਜਾਵੇ ਤੇ ਵਿਧਵਾ ਪੈਨਸ਼ਨ ਬਹਾਲ ਰੱਖੀ ਜਾਵੇ।ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਹਰ ਮਹੀਨੇ ਦੀ ਪੰਜ ਤਰੀਕ ਤੋਂ ਪਹਿਲਾਂ ਮਾਣ ਭੱਤਾ ਦੇਣਾ ਯਕੀਨੀ ਬਣਾਇਆ ਜਾਵੇ, ਜੇਕਰ ਛੇ ਮਹੀਨੇ ਦਾ ਮਾਣ ਭੱਤਾ ਇੱਕ ਦੋ ਦਿਨਾਂ ਵਿੱਚ ਨਾ ਦਿੱਤਾ ਤਾਂ ਆਂਗਨਵਾੜੀ ਵਰਕਰ ਵੱਲੋਂ ਸਿਰਫ ਸੈਂਟਰ ਹੀ ਓਪਨ ਕੀਤੇ ਜਾਣਗੇ, ਪਰ ਪੰਜਾਬ ਸਰਕਾਰ ਤੇ ਸੈਂਟਰ ਸਰਕਾਰ ਦੀਆਂ ਸਕੀਮਾਂ ਦਾ ਕੋਈ ਵੀ ਕੰਮ ਪੋਸ਼ਨ ਟਰੈਕਰ 'ਤੇ ਨਹੀਂ ਕੀਤਾ ਜਾਵੇਗਾ।

## ਅੱਜ-ਨਾਮਾ

ਸਾਰੀ ਦੁਨੀਆ ਨੂੰ ਵੰਡਦਾ ਅਕਲ ਫਿਰਦਾ,
ਫਸਿਆ ਅੰਦਰ ਅਮਰੀਕਾ ਦੇ ਫਿਰੇ ਬੇਲੀ।
ਚੁੱਕਣੀ ਦੇਸ਼ ਦੀ ਕਹਿੰਦਾ ਹੈ ਆਰਥਿਕਤਾ,
ਵਸਤਾਂ ਕਈਆਂ ਦੇ ਅੰਕ ਹਨ ਗਿਰੇ ਬੇਲੀ।
ਦਬਕਾ ਟੈਰਿਫ ਦਾ ਦੇਵੇ, ਫਿਰ ਰੁਕ ਜਾਵੇ,
ਲੱਗਦਾ ਦਾਅਵਾ ਨਾ ਕੋਈ ਵੀ ਸਿਰੇ ਬੇਲੀ।
ਦੂਸਰੇ ਮੁਲਕਾਂ ਦੇ ਅੰਦਰ ਵੀ ਯਾਰ ਉਹਦੇ,
ਆਪਣੀ ਮੁਸ਼ਕਲ ਦੇ ਵਿੱਚ ਨੇ ਘਿਰੇ ਬੇਲੀ।
ਏਜੰਡਾ ਅੱਜ ਕੋਈ ਹੋਰ ਜਿਹਾ ਫਿਰੇ ਚੁੱਕੀ,
ਭਲਕ ਨੂੰ ਹੋਰ ਵੱਲ ਮਾਰ ਜਾਏ ਜੰਪ ਬੇਲੀ।
ਦਾਅਵਾ ਨਿੱਤ ਉਹ ਨਵਾਂ ਕੋਈ ਕਰੀ ਜਾਂਦਾ,
ਰਹਿੰਦਾ ਬੱਸ ਖਬਰਾਂ ਦੇ ਵਿੱਚ ਟਰੰਪ ਬੇਲੀ।

-ਤੀਸ ਮਾਰ ਖਾਂ

## ਹਥਿਆਰਾਂ ਦੀ ਤਸਕਰੀ ਕਰਨ ਵਾਲੇ ਬੇਨਕਾਬ, 2 ਪਿਸਤੌਲ ਬਰਾਮਦ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**

ਸ੍ਰੀ ਮੁਕਤਸਰ ਸਾਹਿਬ ਪੁਲਸ ਨੇ ਵੱਡੀ ਸਫਲਤਾ ਪ੍ਰਾਪਤ ਕਰਦਿਆਂ ਮਲੋਟ ਤੋਂ ਇੱਕ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਉਸ ਤੋਂ 9 ਐੱਮ ਐੱਮ ਦੇ 2 ਪਿਸਤੌਲ ਤੇ 3 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।ਉਸ ਦੇ ਸਾਥੀ ਨੂੰ ਵੀ ਜ਼ਿਲ੍ਹਾ ਫ਼ਿਰੋਜ਼ਪੁਰ ਤੋਂ ਕਾਬੂ ਕੀਤਾ ਗਿਆ ਹੈ।

ਐੱਸ ਐੱਸ ਪੀ ਡਾ. ਅਖਿਲ ਚੌਧਰੀ ਦੇ ਦਿਸ਼ਾ-ਨਿਰਦੇਸ਼ ਤੇ ਐਸ.ਪੀ. (ਡੀ.) ਅਤੇ ਡੀ.ਐਸ.ਪੀ. (ਮਲੋਟ) ਦੀ ਨਿਗਰਾਨੀ ਹੇਠ ਸਥਾਨਕ ਪੁਲਸ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਕਰਨ ਵਾਲਿਆਂ ਵਿਰੁੱਧ ਲਗਾਤਾਰ ਕਾਰਵਾਈ ਕਰ ਰਹੀ ਹੈ।ਇਸੇ ਸਿਲਸਿਲੇ ਹੇਠ ਪੁਲਸ ਥਾਣਾ ਸਿਟੀ ਮਲੋਟ ਦੀ ਟੀਮ ਨੇ ਇੱਕ ਮੁਲਜ਼ਮ ਨੂੰ ਗੈਰ-ਕਾਨੂੰਨੀ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਤੇ ਪੁੱਛਗਿੱਛ ਦੌਰਾਨ ਉਸ ਦੇ ਇੱਕ ਹੋਰ ਸਾਥੀ ਨੂੰ ਵੀ ਫ਼ਿਰੋਜ਼ਪੁਰ ਤੋਂ ਗ੍ਰਿਫ਼ਤਾਰ ਕੀਤਾ ਗਿਆ, ਜਿਸ ਦੇ ਪਾਕਿਸਤਾਨ ਅਧਾਰਤ ਤਸਕਰਾਂ ਨਾਲ ਸੰਬੰਧ ਹੋਣ ਦਾ ਖੁਲਾਸਾ ਹੋਇਆ ਹੈ।ਇਹ ਤਸਕਰ ਡਰੋਨ ਰਾਹੀਂ ਹਥਿਆਰ ਤੇ ਨਸ਼ੇ ਦੀ ਤਸਕਰੀ ਕਰਦੇ ਸਨ।ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਰਵੀ ਸਿੰਘ ਪੁੱਤਰ ਮੀਠੂ ਸਿੰਘ ਵਾਸੀ ਪਿੰਡ ਛੋਟਾ ਮੇਗਾ ਰਾਇ ਉੱਤਰ, ਜ਼ਿਲ੍ਹਾ ਫ਼ਿਰੋਜ਼ਪੁਰ, ਸੰਦੀਪ ਕੁਮਾਰ ਉਰਫ ਰਾਜੂ ਲੰਬਾ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਵੱਡਾ ਮੇਗਾ ਰਾਇ ਉੱਤਰ, ਜ਼ਿਲ੍ਹਾ ਫਿਰੋਜ਼ਪੁਰ ਵਜੋਂ ਹੋਈ। ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਦੋਵੇਂ ਮੁਲਜ਼ਮਾਂ ਦੇ ਸੰਬੰਧ ਪਾਕਿਸਤਾਨ ਅਧਾਰਤ ਡਰੋਨ ਰਾਹੀਂ ਹਥਿਆਰ ਤੇ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਤਸਕਰਾਂ ਨਾਲ ਹਨ।ਇਹ ਮੁਲਜ਼ਮ ਸਰਹੱਦ ਰਾਹੀਂ ਡਰੋਨ ਨਾਲ ਭੇਜੀਆਂ ਗਈਆਂ ਹਥਿਆਰਾਂ ਦੀਆਂ ਖੇਪਾਂ ਪ੍ਰਾਪਤ ਕਰਕੇ ਉਨ੍ਹਾਂ ਨੂੰ ਸਥਾਨਕ ਸੰਪਰਕਾਂ ਵਿੱਚ ਵੰਡਦੇ ਸਨ। ਇਸ ਕਾਰਵਾਈ ਨਾਲ ਨਾ ਸਿਰਫ਼ ਹਥਿਆਰ ਬਰਾਮਦ ਕੀਤੇ ਗਏ ਹਨ, ਬਲਕਿ ਇੱਕ ਵੱਡੇ ਸਰਹੱਦੀ ਹਥਿਆਰ ਤਸਕਰੀ ਜਾਲ ਦਾ ਵੀ ਖੁਲਾਸਾ ਹੋਇਆ ਹੈ।ਪੁਲਸ ਵੱਲੋਂ ਤਕਨੀਕੀ ਤੇ ਵਿੱਤੀ ਜਾਂਚ ਜਾਰੀ ਹੈ ਤਾਂ ਜੋ ਪੂਰੇ ਮੋਡੀਊਲ ਨੂੰ ਪੂਰੀ ਤਰ੍ਹਾਂ ਤੋੜਿਆ ਜਾ ਸਕੇ।

## ਰੇਲ ਮੰਤਰੀ ਜੀ, ਜੈਤੋ 'ਤੇ ਵੀ ਤਰਸ ਖਾਓ : ਪੰਨਾ ਲਾਲ ਜੈਨ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸਾਡੀ ਜੈਤੋ ਇੱਕ ਇਤਿਹਾਸਕ ਨਗਰੀ ਹੋਣ ਦੇ ਨਾਲ ਨਾਲ ਹੀ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੀ ਚਰਨਛੋਹ ਪ੍ਰਾਪਤ ਪਵਿੱਤਰ ਧਰਤੀ ਹੋਣ ਦੇ ਬਾਵਜੂਦ ਰੇਲਵੇ ਵਿਭਾਗ ਵੱਲੋਂ ਪਿਛਲੇ ਕਈ ਸਾਲਾਂ ਤੋਂ ਅਣਗੌਲੇ ਕੀਤਾ ਹੋਇਆ ਹੈ।ਅੱਜ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ੈਲਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਪੰਨਾ ਲਾਲ ਜੈਨ ਨੇ ਕਿਹਾ ਕਿ ਪਹਿਲਾਂ ਕੋਰੋਨਾ ਸਮੇਂ ਸਾਡੇ ਤੋਂ ਫਿਰੋਜ਼ਪੁਰ ਤੋਂ ਮੁੰਬਈ ਵਿਚਕਾਰ ਚੱਲਣ ਵਾਲੀ ਜਨਤਾ ਐਕਸਪ੍ਰੈੱਸ ਗੱਡੀ ਖੋਹ ਲਈ ਗਈ ਤੇ ਪਿਛਲੇ ਦਿਨੀਂ ਫਿਰੋਜ਼ਪੁਰ ਤੋਂ ਚੱਲੀਆਂ ਦੋ ਟ੍ਰੇਨਾਂ ਦਾ ਠਹਿਰਾਅ ਜੈਤੋ ਨਹੀਂ ਕੀਤਾ ਗਿਆ ਤੇ ਹੁਣ ਫਿਰ ਫਿਰੋਜ਼ਪੁਰ ਤੋਂ ਦਿੱਲੀ ਜਾਣ ਵਾਲੀ ਵੰਦੇ ਭਾਰਤ ਰਾਹੀਂ ਵੀ ਜੈਤੋ ਨੂੰ ਵਿਸਾਰ ਦਿੱਤਾ ਗਿਆ ਹੈ।ਪੰਨਾ ਲਾਲ ਜੈਨ ਨੇ ਕਿਹਾ ਕਿ ਇੱਕ ਪਾਸੇ ਤਾਂ ਰੇਲਵੇ ਵਿਭਾਗ ਦੇ ਮੰਤਰੀ ਤੇ ਸਰਕਾਰ ਡੀਂਗਾਂ ਮਾਰਦੇ ਹਨ ਕਿ ਅਸੀਂ ਭਾਰਤ ਦੇ ਕੋਨੇ ਕੋਨੇ ਵਿੱਚ ਰੇਲਵੇ ਦਾ ਜਾਲ਼ ਵਿਛਾ ਦਿੱਤਾ ਹੈ ਤੇ ਦੂਜੇ ਪਾਸੇ ਜੈਤੋ ਨਗਰੀ ਨਾਲ ਲਗਾਤਾਰ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ।ਅੰਤ ਵਿੱਚ ਜੈਨ ਨੇ ਕਿਹਾ ਕਿ ਵੰਦੇ ਭਾਰਤ ਦਾ ਜੈਤੋ ਵਿਖੇ ਠਹਿਰਾਓ ਦਾ ਤੋਹਫ਼ਾ ਦਿੱਤਾ ਜਾਵੇ, ਨਹੀਂ ਤਾਂ ਸਾਡੇ ਵੱਲੋਂ ਕੋਈ ਵੀ ਟ੍ਰੇਨ ਚੱਲੀ ਨਾ ਚੱਲੀ ਇੱਕ ਬਰਾਬਰ ਹੈ।ਇਸ ਮੌਕੇ ਉਨ੍ਹਾਂ ਨਾਲ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਟੇਕ ਚੰਦ ਗੋਇਲ, ਵਿਜੇ ਕੁਮਾਰ ਸੇਠੀ, ਲੀਲਾ ਜਿੰਦਲ, ਐਡਵੋਕੇਟ ਉਮਾ ਸ਼ੰਕਰ ਸ਼ਰਮਾ, ਸੁਰਿੰਦਰ ਕੁਮਾਰ ਪਟਵਾਰੀ, ਪਵਨ ਮਿੱਤਲ ਭੋਲਾ ਸੇਠੀ, ਪ੍ਰੇਮ ਨਾਥ ਪ੍ਰੇਮੀ, ਰਾਜੇਸ਼ ਬਾਂਸਲ ਬੱਬੂ, ਬਾਲ ਕ੍ਰਿਸ਼ਨ ਜੈਨ ਬੁੱਲੀ ਆਦਿ ਹਾਜ਼ਰ ਸਨ।

## ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਖਿਲਾਫ ਕਨਵੈਨਸ਼ਨ ਤੇ ਮਾਰਚ 'ਚ ਸ਼ਾਮਲ ਹੋਣ ਦਾ ਫੈਸਲਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਾਸ਼ੀਵਾਦੀ ਵਿਰੋਧੀ ਫਰੰਟ ਵੱਲੋਂ ਫਲਸਤੀਨ ਲੋਕਾਂ ਦੀ ਇਜ਼ਰਾਇਲੀ ਹਕੂਮਤ ਵੱਲੋਂ ਕੀਤੀ ਜਾ ਰਹੀ ਹੈ ਨਸਲਕੁਸ਼ੀ ਖਿਲਾਫ ਬਰਨਾਲਾ ਵਿਖੇ ਕੀਤੀ ਜਾ ਰਹੀ ਕਨਵੈਂਸ਼ਨ ਤੇ ਮਾਰਚ ਸਬੰਧੀ ਇੰਨਕਲਾਬੀ ਕੇਂਦਰ ਪੰਜਾਬ ਇਲਾਕਾ ਕਮੇਟੀ ਰਾਮਪੁਰਾ ਵੱਲੋਂ ਮੀਟਿੰਗ ਕੀਤੀ ਗਈ, ਜਿਸ ਵਿੱਚ ਜਗਜੀਤ ਸਿੰਘ ਲਹਿਰਾ, ਹਰਮੇਸ਼ ਕੁਮਾਰ ਰਾਮਪੁਰਾ, ਜਗਦੀਸ਼ ਸਿੰਘ ਰਾਮਪੁਰਾ, ਪਰਵਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਦੁਨੀਆ ਦੇ ਧਾੜਵੀ ਸਾਮਰਾਜੀ ਸਰਗਨੇ ਡੋਨਾਲਡ ਟਰੰਪ ਦੀ ਸ਼ਹਿ 'ਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਵੱਲੋਂ 7 ਅਕਤੂਬਰ 2023 ਤੋਂ ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ, ਹਜ਼ਾਰਾਂ ਲੋਕ ਮਾਰ ਦਿੱਤੇ ਗਏ ਹਨ।ਪੱਤਰਕਾਰ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਤੇ ਅਣਗਿਣਤ ਲੋਕ ਮਲਬੇ ਥੱਲੇ ਦੱਬੇ ਗਏ ਹਨ, ਬੰਬਾਂ ਨਾਲ ਇਮਾਰਤਾਂ ਢਹਿ ਢੇਰੀ ਕਰ ਦਿੱਤੀਆਂ ਗਈਆਂ ਹਨ, ਭੁੱਖ ਮਰੀ ਦਾ ਸ਼ਿਕਾਰ ਬਣਾਏ ਲੋਕਾਂ ਲਈ ਜ਼ਰੂਰੀ ਮਨੁੱਖੀ ਲੋੜਾਂ ਦਾ ਸਾਮਾਨ ਲੈ ਕੇ ਆ ਰਹੀਆਂ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਵੀ ਫਲਸਤੀਨ ਲੋਕਾਂ ਦੀ ਹਮਾਇਤ ਲਈ ਪਹੁੰਚਣ ਨਹੀਂ ਦਿੱਤਾ ਜਾ ਰਿਹਾ।ਆਗੂਆਂ ਨੇ ਕਿਹਾ ਕਿ ਫਲਸਤੀਨ ਲੋਕਾਂ ਦੀ ਨਸਲਕੁਸ਼ੀ ਖਿਲਾਫ ਫਾਸ਼ੀਵਾਦੀ ਵਿਰੋਧੀ ਫਰੰਟ ਵੱਲੋਂ ਬਰਨਾਲਾ ਵਿਖੇ ਜੋ ਕਨਵੈਂਸ਼ਨ ਤੇ ਮਾਰਚ ਕੀਤਾ ਜਾ ਰਿਹਾ ਹੈ, ਇਸ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।ਇਹ ਜਾਣਕਾਰੀ ਹਰਮੇਸ਼ ਕੁਮਾਰ ਰਾਮਪੁਰਾ ਸਕੱਤਰ ਇੰਨਕਲਾਬੀ ਕੇਂਦਰ ਪੰਜਾਬ ਇਲਾਕਾ ਰਾਮਪੁਰਾ ਨੇ ਪ੍ਰੈੱਸ ਨਾਲ ਸਾਂਝੀ ਕੀਤੀ।

## ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਲਈ ਕਲੱਸਟਰ ਪੱਧਰੀ ਟ੍ਰੇਨਿੰਗ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਰਕਾਰੀ ਸਕੂਲਾਂ ਦੇ ਵਿਕਾਸ ਨੂੰ ਹੋਰ ਗਤੀਸ਼ੀਲ ਤੇ ਗੁਣਾਤਮਕ ਬਣਾਉਣ ਲਈ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਬਠਿੰਡਾ ਦੀ ਅਗਵਾਈ ਹੇਠ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਕਲੱਸਟਰ ਪੱਧਰੀ ਟ੍ਰੇਨਿੰਗ ਪ੍ਰੋਗਰਾਮ ਸਰਕਾਰੀ ਪ੍ਰਾਇਮਰੀ ਸਕੂਲ ਲਹਿਰਾ ਬੇਗਾ ਵਿਖੇ ਕਰਵਾਇਆ ਗਿਆ। ਇਹ ਟ੍ਰੇਨਿੰਗ ਕਲੱਸਟਰ ਹੈੱਡ ਟੀਚਰ ਲਹਿਰਾ ਮੁਹੱਬਤ ਗੁਰਵਿੰਦਰ ਸਿੰਘ ਦੀ ਅਗਵਾਈ ਵਿੱਚ ਬੀ ਆਰ ਸੀ ਰਾਮ ਭਜਨ ਸਿੰਘ ਤੇ ਬੀ ਆਰ ਸੀ ਸੁਖਜੀਤ ਸਿੰਘ ਵੱਲੋਂ ਦਿੱਤੀ ਗਈ। ਜ਼ਿਲ੍ਹਾ ਸਿੱਖਿਆ ਅਫਸਰ ਮਨਿੰਦਰ ਕੌਰ ਨੇ ਦੱਸਿਆ ਕਿ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਪੂਰੇ ਜ਼ਿਲ੍ਹੇ ਵਿੱਚ ਇਹ ਟ੍ਰੇਨਿੰਗਾਂ ਕਮਿਊਨਿਟੀ ਨੂੰ ਬੂਸਟ ਕਰਨ ਵਿੱਚ ਮੀਲ ਪੱਥਰ ਸਾਬਿਤ ਹੋਣਗੀਆਂ। ਕਲੱਸਟਰ ਹੈੱਡ ਟੀਚਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਕਲੱਸਟਰ ਲਹਿਰਾ ਮੁਹੱਬਤ ਅਧੀਨ ਪੈਂਦੇ ਸਾਰੇ ਸੈਕੰਡਰੀ, ਮਿਡਲ ਤੇ ਪ੍ਰਾਇਮਰੀ ਸਕੂਲਾਂ ਦੀਆਂ ਕਮੇਟੀਆਂ ਨੇ ਇਸ ਕਲੱਸਟਰ ਪੱਧਰੀ ਟ੍ਰੇਨਿੰਗ ਵਿੱਚ ਭਾਗ ਲਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਮੁਖੀ ਗੁਰਜੀਤ ਸਿੰਘ ਲਹਿਰਾ ਬੇਗਾ, ਕਿਰਪਾਲ ਸਿੰਘ ਲਾਲ ਸਿੰਘ ਬਸਤੀ ਲਹਿਰਾ ਮੁਹੱਬਤ, ਰਾਜਵਿੰਦਰ ਕੌਰ ਲਹਿਰਾ ਧੂਰਕੋਟ, ਰਾਜਵਿੰਦਰ ਸਿੰਘ ਲਹਿਰਾ ਸੌਂਧਾ, ਨੀਨਾ ਰਾਣੀ ਲਹਿਰਾ ਖਾਨਾ ਤੇ ਜਸਵਿੰਦਰ ਕੌਰ ਕੋਠੇ ਥਾਂਦੇ ਆਦਿ ਹਾਜ਼ਰ ਸਨ।

## 'ਵੋਟ ਚੋਰ ਗੱਦੀ ਛੋੜ' ਮੁਹਿੰਮ ਨੂੰ ਘਰ ਘਰ ਲੈ ਕੇ ਜਾਵਾਂਗੇ : ਸ਼ੁਭਮ ਸ਼ਰਮਾ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**

ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਆਗੂ ਸ਼ੁਭਮ ਸ਼ਰਮਾ ਨੇ ਆਪਣੇ ਦਫ਼ਤਰ ਵਿਖੇ ਸੱਦੀ ਪ੍ਰੈੱਸ ਵਾਰਤਾ ਨੂੰ ਸੰਬੋਧਨ ਕਰਦਿਆਂ ਦੇਸ਼ ਦੀ ਭਾਜਪਾ ਸਰਕਾਰ ਖਿਲਾਫ਼ ਕਾਂਗਰਸ ਵੱਲੋਂ ਸ਼ੁਰੂ ਕੀਤੀ ਗਈ 'ਵੋਟ ਚੋਰ ਗੱਦੀ ਛੋੜ' ਮੁਹਿੰਮ ਤਹਿਤ ਹਲਕੇ ਦੇ ਪਿੰਡਾਂ ਤੇ ਵਾਰਡਾਂ ਵਿੱਚ ਜਾ ਕੇ ਲੋਕਾਂ ਨੂੰ ਇਸ ਮੁਹਿੰਮ ਨੂੰ ਜੁੜਨ ਦੀ ਅਪੀਲ ਕਰਨ ਦਾ ਫ਼ੈਸਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਸਾਡੇ ਨੇਤਾ ਰਾਹੁਲ ਗਾਂਧੀ ਨੇ ਪੁਖਤਾ ਸਬੂਤਾਂ ਦੇ ਅਧਾਰ 'ਤੇ ਚੋਣ ਕਮਿਸ਼ਨ ਖਿਲਾਫ਼ ਦੋਸ਼ ਲਗਾਏ ਹਨ ਤੇ ਪੰਜਾਬ ਵਿੱਚ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ 'ਤੇ ਅਸੀਂ ਲੋਕਾਂ ਕੋਲ ਜਾ ਕੇ ਭਾਜਪਾ ਦੀ ਕਰਤੂਤ ਬਾਰੇ ਦੱਸਾਂਗੇ ਤੇ ਲੋਕਾਂ ਦੇ ਦਸਤਖਤ ਫ਼ਾਰਮਾਂ 'ਤੇ ਕਰਵਾ ਕੇ ਚੋਣ ਕਮਿਸ਼ਨ ਜੋ ਭਾਜਪਾ ਦਾ ਹੱਥ ਠੋਕਾ ਬਣ ਕੇ ਕੰਮ ਕਰ ਰਿਹਾ ਹੈ, ਬਾਰੇ ਲੋਕਾਂ ਵਿੱਚ ਜਾਗਰੂਕਤਾ ਲਿਆਵਾਂਗੇ। 2027 ਦੀਆਂ ਚੋਣਾਂ ਸਬੰਧੀ ਹਲਕਾ ਧੂਰੀ ਤੋਂ ਟਿਕਟ ਦੇ ਦਾਅਵੇਦਾਰਾਂ ਦੀ ਲੰਬੀ ਲਿਸਟ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਸ਼ੁਭਮ ਸ਼ਰਮਾ ਕਾਂਗਰਸ ਵਿੱਚ ਸੀ, ਹੈ ਤੇ ਰਹੇਗਾ ਅਤੇ ਜਿਸ ਕਿਸੇ ਵੀ ਉਮੀਦਵਾਰ ਨੂੰ ਕਾਂਗਰਸ ਟਿਕਟ ਦੇਵੇਗੀ, ਸ਼ੁਭਮ ਸ਼ਰਮਾ ਕਾਂਗਰਸ ਦਾ ਝੰਡਾ ਚੁੱਕ ਕੇ ਪ੍ਰਚਾਰ ਕਰੇਗਾ।

ਇਸ ਮੌਕੇ ਬਲਾਕ ਕਾਂਗਰਸ ਦੇ ਪ੍ਰਧਾਨ ਸਤੀਸ਼ ਕੁਮਾਰ, ਧਰਮਪਾਲ ਬਾਂਸਲ, ਨਾਦਰ ਅਲੀ ਭੱਟੀ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

## ਕਲਾਸਾਂ ਲਾਉਣਾ ਸਭ ਤੋਂ ਜ਼ਰੂਰੀ : ਹਰਜੋਤ ਸਿੰਘ ਬੈਂਸ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਸਿੱਖਿਆ ਦੀ ਅਹਿਮੀਅਤ ਨੂੰ ਬਰਕਰਾਰ ਰੱਖਣ ਦੀ ਦਿਸ਼ਾ ਵਿੱਚ ਫੈਸਲਾਕੁੰਨ ਕਦਮ ਚੁੱਕਦੇ ਹੋਏ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਮੁੱਖ ਸਕੱਤਰ ਪੰਜਾਬ ਨੂੰ ਸਰਕਾਰੀ ਸਕੂਲ ਅਧਿਆਪਕਾਂ ਨੂੰ ਗੈਰ-ਅਧਿਆਪਨ ਅਤੇ ਰੁਟੀਨ ਪ੍ਰਸ਼ਾਸਕੀ ਡਿਊਟੀਆਂ 'ਤੇ ਨਾ ਭੇਜਣ ਦੇ ਨਿਰਦੇਸ਼ ਦਿੱਤੇ ਹਨ।ਕਈ ਜ਼ਿਲ੍ਹਿਆਂ ਵਿੱਚ ਅਧਿਆਪਕਾਂ ਨੂੰ ਕਲਾਸਰੂਮਾਂ ਤੋਂ ਹਟਾ ਕੇ ਰੁਟੀਨ ਪ੍ਰਸ਼ਾਸਕੀ ਕੰਮਾਂ ਉਤੇ ਲਗਾਏ ਜਾਣ ਦੀਆਂ ਰਿਪੋਰਟਾਂ ਉਤੇ ਸਖ਼ਤ ਇਤਰਾਜ਼ ਜਤਾਉਂਦੇ ਹੋਏ ਸਿੱਖਿਆ ਮੰਤਰੀ ਨੇ ਮੁੱਖ ਸਕੱਤਰ ਨੂੰ ਇੱਕ ਪੱਤਰ ਲਿਖਿਆ ਹੈ। ਉਨ੍ਹਾਂ ਨੇ ਇਸ ਰਵਾਇਤ ਨੂੰ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਵਾਂ ਨਾਲ ਘੋਰ ਬੇਇਨਸਾਫ਼ੀ ਕਰਾਰ ਦਿੱਤਾ। ਉਨ੍ਹਾਂ ਅਧਿਆਪਨ ਡਿਊਟੀਆਂ ਨੂੰ ਤਰਜੀਹ ਦੇਣ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਅਧਿਆਪਕ ਆਪਣੀ ਮੁੱਖ ਜ਼ਿੰਮੇਵਾਰੀ 'ਤੇ ਧਿਆਨ ਕੇਂਦਰਿਤ ਕਰਨ।ਬੈਂਸ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅਧਿਆਪਕ ਸਿਰਫ਼ ਆਮ ਸਰਕਾਰੀ ਕਰਮਚਾਰੀ ਨਹੀਂ ਹਨ , ਉਹ ਗਿਆਨ ਅਤੇ ਕਦਰਾਂ-ਕੀਮਤਾਂ ਦੇ ਝੰਡਾ-ਬਰਦਾਰ ਹਨ, ਜਿਨ੍ਹਾਂ ਨੂੰ ਪੰਜਾਬ ਦੇ ਭਵਿੱਖ ਨੂੰ ਦਿਸ਼ਾ ਦੇਣ ਦੀ ਪਵਿੱਤਰ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਨੂੰ ਕਲਾਸਰੂਮਾਂ ਦੀ ਥਾਂ ਵੱਖ-ਵੱਖ ਪ੍ਰਸ਼ਾਸਕੀ ਕੰਮਾਂ ਲਈ ਵਰਤਿਆ ਜਾਣਾ ਨਾ ਸਿਰਫ਼ ਉਨ੍ਹਾਂ ਨਾਲ ਸਗੋਂ ਸਾਡੇ ਬੱਚਿਆਂ ਨਾਲ ਵੀ ਬੇਇਨਸਾਫ਼ੀ ਹੈ, ਅਜਿਹਾ ਕਰਨਾ ਬੱਚਿਆਂ ਦੇ ਸਿੱਖਿਆ ਦੇ ਅਧਿਕਾਰ ਨਾਲ ਸਿੱਧਾ-ਸਿੱਧਾ ਸਮਝੌਤਾ ਹੈ।

## ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨ ਯੂਨੀਅਨ ਦੀ ਮੀਟਿੰਗ 'ਚ ਅਹਿਮ ਮਸਲੇ ਵਿਚਾਰੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨ ਯੂਨੀਅਨ ਏਟਕ ਪੰਜਾਬ (ਰਜਿ.) ਮਹਿਲ ਕਲਾਂ, ਠੁੱਲੀਵਾਲ ਇਕਾਈ ਦੀ ਅਹਿਮ ਮੀਟਿੰਗ ਪ੍ਰਧਾਨ ਇੰਜੀਨੀਅਰ ਕੇਵਲ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਹੋਈ। ਸ਼ੁਰੂਆਤ 'ਚ ਜਥੇਬੰਦੀ ਦੇ ਮੈਂਬਰ ਸੇਵਾ ਮੁਕਤ ਕਰਮਚਾਰੀ ਬਲਵਿੰਦਰ ਪ੍ਰਸ਼ਾਦ ਦੀ ਮੌਤ ਤੇ ਹੜ੍ਹਾਂ 'ਚ ਮਾਰੇ ਗਏ ਵਿਅਕਤੀਆਂ ਦੀ ਯਾਦ 'ਚ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ।ਜਥੇਬੰਦੀ ਦੇ ਸਮੂਹ ਪੈਨਸ਼ਨਰਾਂ, ਮੁਲਾਜ਼ਮਾਂ ਨੇ ਹੜ੍ਹ ਪੀੜਤ ਪਰਵਾਰਾਂ ਨੂੰ ਆਪਣੀ ਇੱਕ ਦਿਨ ਦੀ ਤਨਖਾਹ ਤੇ ਪੈਨਸ਼ਨ ਦੇਣ ਦਾ ਫੈਸਲਾ ਲਿਆ ਗਿਆ। ਸੂਬਾ ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ, ਪ੍ਰਧਾਨ ਕੇਵਲ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਪੈਨਸ਼ਨਰਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ, ਸਗੋਂ ਭਖਦੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਵੱਲੋਂ ਮੀਟਿੰਗ ਦਾ ਸਮਾਂ ਵੀ ਨਹੀਂ ਦਿੱਤਾ ਜਾ ਰਿਹਾ, ਜਿਸ ਕਰਕੇ ਸਾਰੇ ਪੈਨਸ਼ਨਰ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਸਰਕਾਰ ਦੇ ਰਵੱਈਏ ਤੋਂ ਦੁਖੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ 10 ਨਵੰਬਰ ਨੂੰ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਇਕ ਵੱਡੀ ਰੈਲੀ ਕੀਤੀ ਜਾਵੇਗੀ, ਜਿਸ ਵਿੱਚ ਪੰਜਾਬ ਭਰ ਤੋਂ ਪੈਨਸ਼ਨਰ ਯੂਨੀਅਨ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੌਕੇ ਆਗੂਆਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਤੋਂ ਮੰਗ ਕੀਤੀ ਕਿ 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਤਨਖ਼ਾਹ ਸਕੇਲ ਲਾਗੂ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਤੇ 2016 ਤੋਂ ਬਕਾਇਆ ਰਕਮ ਤੁਰੰਤ ਜਾਰੀ ਕੀਤੀ ਜਾਵੇ।

## ਨਕੋਦਰ-ਸ਼ਾਹਕੋਟ ਦੇ ਦਰਜਨਾਂ ਪਿੰਡਾਂ 'ਚ ਝੰਡਾ ਮਾਰਚ



**ਸ਼ਾਹਕੋਟ (ਗਿਆਨ ਸੈਦਪੁਰੀ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ ਉੱਤੇ ਮਜ਼ਦੂਰਾਂ ਨੇ ਬਲਾਕ ਸ਼ਾਹਕੋਟ ਅਤੇ ਨਕੋਦਰ ਦੇ ਦਰਜਨਾਂ ਪਿੰਡਾਂ ਅੰਦਰ ਮੋਟਰਸਾਈਕਲ ਮਾਰਚ ਕਰਕੇ ਮੰਗ ਕੀਤੀ ਕਿ ਹੜਾਂ/ਬਾਰਸ਼ਾਂ ਕਾਰਨ ਹੋਏ ਭਾਰੀ ਨੁਕਸਾਨ ਦੀ ਭਰਪਾਈ ਕੀਤੀ ਜਾਵੇ, ਵੱਖ ਵੱਖ ਪਿੰਡਾਂ ਅੰਦਰ ਲੋਕਾਂ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਆਗੂ ਗਿਆਨ ਸੈਦਪੁਰੀ ਨੇ ਕਿਹਾ ਕਿ ਅਜੇ ਤੱਕ ਪੰਜਾਬ ਸਰਕਾਰ ਨੇ ਸਿਵਾਏ ਨਿਗੂਣੇ ਐਲਾਨ ਤੋਂ ਬਿਨਾਂ ਕੁਝ ਨਹੀਂ ਦਿੱਤਾ। ਉਹਨਾਂ ਕਿਹਾ ਕਿ ਜਿਥੇ ਦਰਿਆਵਾਂ ਤੇ ਵੇਈਆਂ ਦੇ ਨੇੜਲੇ ਇਲਾਕਿਆਂ ਵਿਚ ਵੱਡੀ ਤਬਾਹੀ ਹੋਈ ਹੈ ਪਰ ਬਾਕੀ ਪੰਜਾਬ ਵਿੱਚ ਬਾਰਸ਼ਾਂ ਕਾਰਨ ਮਜ਼ਦੂਰਾਂ ਦੇ ਘਰਾਂ ਦਾ ਬਹੁਤ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਪਿਛਲਾ ਅਮਲ ਦਰਸਾਉਂਦਾ ਹੈ ਕਿ ਇਹ ਸਰਕਾਰ ਫੋਕੇ ਐਲਾਨ ਹੀ ਕਰਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਬਾਲੇ ਗਾਰਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ, ਢਹਿ ਗਏ ਘਰਾਂ ਲਈ 15 ਲੱਖ ਰੁਪਏ ਅਤੇ ਮਜ਼ਦੂਰਾਂ ਦੀਆਂ ਟੁੱਟੀਆਂ ਦਿਹਾੜੀਆਂ ਲਈ ਪ੍ਰਤੀ ਪਰਿਵਾਰ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ, ਮਰੇ ਡੰਗਰਾਂ ਦੇ ਪ੍ਰਤੀ ਪਸ਼ੂ ਇੱਕ ਲੱਖ ਰੁਪਏ ਦਿੱਤੇ ਜਾਣ। ਹੋਰਨਾਂ ਤੋਂ ਇਲਾਵਾ ਇਸ ਮੌਕੇ, ਹਰਪਾਲ ਬਿੱਟੂ, ਸੁਖਜਿੰਦਰ ਲਾਲੀ, ਨਿਰਮਲ ਸਹੋਤਾ ਅਤੇ ਨਛੱਤਰ ਨਾਹਰ, ਗੁਰਮੀਤ ਕੋਟਲੀ ਨੇ ਸੰਬੋਧਨ ਕੀਤਾ।

...ਸ.ਫ਼ਾ 1 ਦੇ ਬਾਕੀ

### ਆਪੋਜ਼ੀਸ਼ਨ ਤਰੱਕੀ 'ਚ...

ਕਿਉਂਕਿ ਉਨ੍ਹਾਂ ਸੱਤਾ ਵਿੱਚ ਹੁੰਦਿਆਂ ਲੋਕਾਂ ਦੀਆਂ ਇੱਛਾਵਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ।ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਲਹਿਰਾ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਨਵੇਂ ਦਫ਼ਤਰ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ।ਕੰਪਲੈਕਸ ਦੀ ਕੁੱਲ ਲਾਗਤ 4.69 ਕਰੋੜ ਰੁਪਏ ਹੋਵੇਗੀ ਅਤੇ ਇਹ ਪ੍ਰਾਜੈਕਟ 18 ਮਹੀਨਿਆਂ ਦੇ ਅੰਦਰ ਪੂਰਾ ਹੋਣ ਦੀ ਉਮੀਦ ਹੈ।ਮਾਨ ਨੇ ਲਹਿਰਾਗਾਗਾ ਵਿੱਚ 15.92 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਨਵੇਂ ਤਹਿਸੀਲ ਕੰਪਲੈਕਸ ਦਾ ਨੀਂਹ ਪੱਥਰ ਵੀ ਰੱਖਿਆ।ਮੁੱਖ ਮੰਤਰੀ ਨੇ ਸੌਰਭ ਗੋਇਲ ਫਾਊਂਡੇਸ਼ਨ ਦੁਆਰਾ ਚਲਾਈ ਜਾ ਰਹੀ 'ਆਪ ਕੀ ਰਸੋਈ' ਦਾ ਵੀ ਦੌਰਾ ਕੀਤਾ, ਜਿੱਥੇ ਸੌਰਭ ਗੋਇਲ ਫਾਊਂਡੇਸ਼ਨ ਦੇ ਸਮਾਜ ਸੇਵਕ ਗੌਰਵ ਗੋਇਲ ਅਤੇ ਉਨ੍ਹਾ ਦੀ ਟੀਮ ਨੇ ਇਹ ਵਿਲੱਖਣ ਉਪਰਾਲਾ ਸ਼ੁਰੂ ਕੀਤਾ ਹੈ। ਇਸ ਤੋਂ ਇਲਾਵਾ ਇਕ ਸਮਾਗਮ ਵਿੱਚ ਨਵ-ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਫਲ ਵਿਆਹੁਤਾ ਜੀਵਨ ਆਪਸੀ ਵਿਸ਼ਵਾਸ ਅਤੇ ਸੰਤੁਲਿਤ ਪਹੁੰਚ 'ਤੇ ਅਧਾਰਤ ਹੁੰਦਾ ਹੈ। ਉਨ੍ਹਾ ਸਰਕਾਰ ਦੇ ਭਲਾਈ ਉਪਰਾਲਿਆਂ ਵਜੋਂ ਨਵ-ਵਿਆਹੇ ਜੋੜਿਆਂ ਨੂੰ ਸ਼ਗਨ ਵਜੋਂ ਚੈੱਕ ਵੀ ਵੰਡੇ।ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਬਰਿੰਦਰ ਕੁਮਾਰ ਗੋਇਲ ਅਤੇ ਹਰਦੀਪ ਸਿੰਘ ਮੁੰਡੀਆਂ ਮੌਜੂਦ ਸਨ।

## ਕਾਂਗਰਸ ਵੱਲੋਂ ਹਸਤਾਖਰ ਮੁਹਿੰਮ ਤਹਿਤ ਸੁੰਦਰ ਬਸਤੀ 'ਚ ਭਾਰੀ ਇਕੱਤਰਤਾ

### ਭਾਜਪਾ ਦੀਆਂ ਬੇਈਮਾਨੀ ਨੀਤੀਆਂ ਤੋਂ ਤੰਗ ਦੇਸ਼ ਦੀ ਜਨਤਾ ਕਾਂਗਰਸ ਨਾਲ : ਸਿੰਗਲਾ



**ਸੰਗਰੂਰ (ਪ੍ਰਵੀਨ ਸਿੰਘ)**-ਕਾਂਗਰਸ ਪਾਰਟੀ ਵੱਲੋਂ ਦੇਸ਼ ਪੱਧਰ 'ਤੇ ਚਲਾਈ ਜਾ ਰਹੀ ਵੋਟ ਚੋਰ-ਗੱਦੀ ਛੋੜ ਮੁਹਿੰਮ ਤਹਿਤ ਸ਼ਹਿਰ ਦੀ ਸੁੰਦਰ ਬਸਤੀ ਵਿਖੇ ਸ੍ਰੀ ਦਰਸ਼ਨ ਸਿੰਘ ਕਾਂਗੜਾ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਅਗਵਾਈ ਹੇਠ ਲੋਕਾਂ ਦੀ ਵੱਡੀ ਗਿਣਤੀ ਇਕੱਤਰਤਾ ਹੋਈ, ਜਿਸ ਵਿੱਚ ਸ੍ਰੀ ਵਿਜੈ ਇੰਦਰ ਸਿੰਗਲਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਮੁਹੱਲੇ ਦੇ ਸੈਂਕੜੇ ਲੋਕਾਂ ਵੱਲੋਂ ਲੋਕ ਸਭਾ ਅੰਦਰ ਵਿਰੋਧੀ ਧਿਰ ਆਗੂ ਸ੍ਰੀ ਰਾਹੁਲ ਗਾਂਧੀ ਦਾ ਸਮਰਥਨ ਕਰਦਿਆਂ ਆਪਣੇ ਹਸਤਾਖਰ ਕੀਤੇ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਵਿਜੈ ਇੰਦਰ ਸਿੰਗਲਾ ਨੇ ਕਿਹਾ ਕਿ ਅੱਜ ਦੇਸ਼ ਅੰਦਰ ਭਾਰਤੀ ਜਨਤਾ ਪਾਰਟੀ ਦੀ ਬੇਈਮਾਨੀ ਨਾਲ ਬਣਾਈ ਗਈ ਸਰਕਾਰ ਸੱਤਾ ਵਿੱਚ ਹੈ, ਜੋ ਲੋਕਤੰਤਰ ਦਾ ਘਾਣ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵੋਟਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਸੱਤਾਧਾਰੀ ਧਿਰ ਸੱਤਾ ਦਾ ਦੁਰ-ਉਪਯੋਗ ਕਰਕੇ ਵੋਟਾਂ ਨੂੰ ਚੋਰੀ ਕਰ ਰਹੀ ਹੈ, ਜੋ ਦੇਸ਼ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।ਸ੍ਰੀ ਸਿੰਗਲਾ ਨੇ ਕਿਹਾ ਕਿ ਲੋਕਤੰਤਰ ਨੂੰ ਬਚਾਉਣ ਲਈ ਸਾਡੇ ਲੀਡਰ ਸ੍ਰੀ ਰਾਹੁਲ ਗਾਂਧੀ ਤੇ ਕਾਂਗਰਸ ਪਾਰਟੀ ਦੇ ਕੌਮੀ ਪ੍ਰਧਾਨ ਸ੍ਰੀ ਮਲਿਕ ਅਰਜਨ ਖੜਗੇ ਆਵਾਜ਼ ਬੁਲੰਦ ਕਰ ਰਹੇ ਹਨ ਅਤੇ ਦੇਸ਼ ਦੀ ਮੁੜ ਆਜ਼ਾਦੀ ਦੀ ਲੜਾਈ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਸਾਡੇ ਸੰਵਿਧਾਨ ਨੇ ਸਾਨੂੰ ਵੋਟ ਦਾ ਅਧਿਕਾਰ ਦਿੱਤਾ ਹੈ।ਭਾਜਪਾ ਉਸ ਨੂੰ ਖ਼ਤਮ ਕਰਨਾ ਚਾਹੁੰਦੀ ਹੈ, ਜਿਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਮੰਚ ਸੰਚਾਲਨ ਕਰਦਿਆਂ ਸ੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਦੇਸ਼ ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਵੱਲੋਂ ਲਿਖੇ ਸੰਵਿਧਾਨ ਨੂੰ ਬਚਾਉਣ ਲਈ ਕਾਂਗਰਸ ਪਾਰਟੀ ਦਾ ਦੇਸ਼ ਦੀ ਸੱਤਾ ਵਿੱਚ ਆਉਣਾ ਅਤਿ ਜ਼ਰੂਰੀ ਹੈ। ਇਸ ਮੌਕੇ ਮਨੀ ਕਥੂਰੀਆ, ਦੀਪਕ ਕੁਮਾਰ ਦੀਪੂ (ਦੋਵੇਂ ਕੌਂਸਲਰ), ਸ੍ਰੀਮਤੀ ਅਰਾਧਨਾ ਕਾਂਗੜਾ ਸੂਬਾ ਸਕੱਤਰ ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ, ਰਣਬੀਰ ਕੁਮਾਰ ਚੇਅਰਮੈਨ ਐੱਸ ਸੀ ਵਿਭਾਗ, ਸੱਤਪਾਲ ਲੱਧੜ, ਰਾਣਾ ਬਾਲੂ, ਜਗਸੀਰ ਸਿੰਘ ਜੱਗਾ, ਡਿਪਨ ਸਹੋਤਾ, ਨੇਹਾ ਚੌਹਾਨ, ਰਿੰਪੀ, ਮੋਹਨ ਸਿੰਘ ਮੋਨੂੰ ਆਦਿ ਹਾਜ਼ਰ ਸਨ।


## ਉਤਰ ਰੇਲਵੇ

### ਖੁਲ੍ਹੀ ਨਿਵਿਦਾ ਸੂਚਨਾ

ਉਪ ਮੁੱਖ ਬਿਜਲੀ ਇੰਜੀਨੀਅਰ/ਗਤੀ ਸ਼ਕਤੀ ਯੂਨਿਟ, ਉਤਰ ਰੇਲਵੇ, ਫਿਰੋਜਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰਕ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਬੰਦ ਹੋਣ ਦੀ ਮਿਤੀ 27.10.2025 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| | |
|---|---|
| ਟੈਂਡਰ ਨੰਬਰ | 27-ਟੀਆਰਡੀ-ਜੀਐਸਯੂ-ਟੀ-109-2025-26 |
| ਕੰਮਾਂ ਦਾ ਵੇਰਵਾ | ਐਫਜੇਡਆਰ, ਪੀਟੀਕੇ, ਜੀਐਸਪੀ, ਐਚਐਕਸਐਸ, ਡੀਡੀਐਲ, ਐਫਕੇਏ, ਕੇਐਕਸਐਚ, ਮੋਗਾ, ਪੀਜੀਡਬਲਯੂ ਪੀਐਚਆਰ ਅਤੇ ਐਮਸੀਟੀਐਮ ਸਟੇਸ਼ਨਾਂ ਤੇ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ 12 ਮੀਟਰ ਐਫਓਬੀ ਦੇ ਪ੍ਰਾਵਧਾਨ ਦੇ ਸਬੰਧ ਵਿਚ ਟੀਆਰਡੀ ਕੰਮ। |
| ਅੰਦਾਜ਼ਨ ਲਾਗਤ ₹ | 3,53,76,844.39P |
| ਟੈਂਡਰ ਦੀ ਕੀਮਤ ₹ | ਜੀਰੋ |
| ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | 27.10.2025 15:00 ਵਜੇ ਤਕ |
| ਬਿਆਨਾ ਰਾਸ਼ੀ ₹ | 326900/- |
| ਕੰਮ ਦਾ ਸਮਾਂ | 05 ਮਹੀਨੇ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 27.10.2025 15:00 ਵਜੇ ਦੇ ਬਾਅਦ |
| ਵੈਬਸਾਈਟ ਵੇਰਵਾ | www.ireps.gov.in |

ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੈਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜ਼ਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ।

27-ਟੀਆਰਡੀ-ਜੀਐਸਯੂ-ਟੀ-108-2025-26 ਮਿਤੀ: 04.10.2025

3071/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

5 Oct Page 3.qxd 10/4/2025 10:52 PM Page 1



## ਜੈ ਸ਼੍ਰੀ ਰਾਮ ਕਹਿਣ 'ਤੇ ਜਲੰਧਰ 'ਚ ਮਚੇ ਹੁੜਦੰਗ ਦੀ ਸਖ਼ਤ ਨਿੰਦਾ



**ਬਟਾਲਾ (ਤਰਲੋਕ ਬੱਗਾ)**- ਸ਼ਿਵ ਸੈਨਾ ਸਮਾਜਵਾਦੀ ਦੀ ਇੱਕ ਵਿਸ਼ੇਸ਼ ਮੀਟਿੰਗ ਜਲੰਧਰ ਰੋਡ ਬਟਾਲਾ ਵਿਖੇ ਆਯੋਜਿਤ ਕੀਤੀ ਗਈ ਜਿਸ ਵਿੱਚ ਪਾਰਟੀ ਦੇ ਸੀਨੀਅਰ ਲੀਡਰ ਓਮ ਪ੍ਰਕਾਸ਼ ਸ਼ਰਮਾ, ਰਾਸ਼ਟਰੀ ਪ੍ਰਭਾਰੀ ਰਜੀਵ ਮਹਾਜਨ, ਰਾਸ਼ਟਰੀ ਸਕੱਤਰ ਅਜੇ ਮਿਸ਼ਰਾ ਤੇ ਪੰਜਾਬ ਸਕੱਤਰ ਜਤਿੰਦਰ ਨੰਨ੍ਹੂ ਸ਼ਾਮਿਲ ਹੋਏ। ਮੀਟਿੰਗ ਵਿੱਚ ਜਲੰਧਰ ਸ਼ਹਿਰ ਵਿੱਚ ਇੱਕ ਵਿਸ਼ੇਸ਼ ਸਮੁਦਾਏ ਦੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਇੱਕ ਹਿੰਦੂ ਦੇ ਜੈ ਸ਼੍ਰੀ ਰਾਮ ਬੋਲਣ 'ਤੇ ਉਸ ਹਿੰਦੂ ਭਰਾ ਨਾਲ ਬਹੁਤ ਹੀ ਬੁਰਾ ਸਲੂਕ ਕੀਤਾ ਗਿਆ। ਇਥੋਂ ਤੱਕ ਕਿ ਉਸਦੀ ਬੇਵਜ੍ਹਾ ਖਿੱਚ ਧੂਹ ਕੀਤੀ ਗਈ ਤੇ ਉਸ ਨਾਲ ਕੁੱਟਮਾਰ ਵੀ ਕੀਤੀ ਗਈ। ਇਸ ਘਟਨਾ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਘੱਟ ਹੈ। ਇਸ ਤਰ੍ਹਾਂ ਦੇ ਸ਼ਰਾਰਤੀ ਲੋਕ ਸਮਾਜ ਦੇ ਦੁਸ਼ਮਣ ਹਨ ਅਤੇ ਇਹ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨਾ ਚਾਹੁੰਦੇ ਹਨ। ਲੱਗਦਾ ਇਹ ਲੋਕ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਠੇਸ ਪਹੁੰਚਾਉਣ ਲਈ ਹਰ ਵੇਲੇ ਤਾਕ 'ਤੇ ਰਹਿੰਦੇ ਹਨ। ਅਜਿਹੇ ਸ਼ਰਾਰਤੀ ਤੱਤਾਂ ਖਿਲਾਫ ਪਤਾ ਨਹੀਂ ਪੰਜਾਬ ਪੁਲਸ ਕਿਉਂ ਚੁੱਪ ਸਾਧ ਬੈਠੀ ਹੈ? ਸ਼ਿਵ ਸੈਨਾ ਸਮਾਜਵਾਦੀ ਮੰਗ ਕਰਦੀ ਹੈ ਕਿ ਇਨ੍ਹਾਂ ਆਪਹੁਦਰੇ ਅਨਸਰਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਇਨ੍ਹਾਂ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਨਹੀਂ ਤਾਂ ਸ਼ਿਵ ਸੈਨਾ ਸਮਾਜਵਾਦੀ ਸੜਕਾਂ 'ਤੇ ਉਤਰ ਕੇ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗੀ।

## ਲੱਖੂਵਾਲ ਤੇ ਮਾਛੀਵਾਲਾ 'ਚ ਹੜ੍ਹਾਂ ਦੀ ਭੇਟ ਚੜ੍ਹੇ ਦੋ ਮਕਾਨਾਂ ਦੀ ਮੁੜ ਉਸਾਰੀ ਸ਼ੁਰੂ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਕਿਸਾਨ ਖਾਲਸਾ ਫੂਡ ਸੰਸਥਾ ਜੋ ਬੀਤੇ ਦੋ ਮਹੀਨਿਆਂ ਤੋਂ ਸਮਾਜ ਭਲਾਈ ਦਾ ਕੰਮ ਕਰ ਰਹੀ ਹੈ, ਵੱਲੋਂ ਗਮਦਾਸ ਵਿਖੇ ਫਤਿਹਗੜ੍ਹ ਚੂੜੀਆਂ ਰੋਡ 'ਤੇ ਗੁਰਦੁਆਰਾ ਤਲਾਬ ਸਾਹਿਬ ਦੇ ਨਜ਼ਦੀਕ ਕੈਂਪ ਲਗਾਇਆ ਹੋਇਆ ਹੈ।ਸੰਸਥਾ ਦੇ ਮੁੱਖੀ ਗੁਰਪ੍ਰੀਤ ਸਿੰਘ ਉੱਪਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹੜ੍ਹਾਂ ਵਰਗੀ ਗੰਭੀਰ ਸਥਿਤੀ ਪੈਦਾ ਹੋਣ ਦੇ ਸਮੇਂ ਤੋਂ ਹੀ ਉਹ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਵਿੱਚ ਵਿਚਰ ਰਹੇ ਹਨ।ਸਕੂਲਾਂ ਅਤੇ ਹੋਰ ਪ੍ਰਭਾਵਿਤ ਵਿਅਕਤੀਆਂ ਨੂੰ ਸਾਫ ਪਾਣੀ ਅਤੇ ਹੋਰ ਜ਼ਰੂਰੀ ਵਸਤਾਂ ਮੁਹੱਈਆ ਕਰਵਾ ਰਹੇ ਹਨ।ਪਿੰਡ ਮਾਛੀਵਾਲਾ 'ਚ ਰਾਜਬੀਰ ਕੌਰ ਦਾ ਬਾਰਸ਼ਾਂ ਦੌਰਾਨ ਘਰ ਬੁਰੀ ਤਰਾਂ ਟੁੱਟ ਚੁੱਕਾ ਸੀ, ਜਿਸ ਦੀ ਮੁੜ ਉਸਾਰੀ ਸ਼ੁਰੂ ਕਰਵਾ ਦਿੱਤੀ ਗਈ। ਲੱਖੂਵਾਲ ਦੇ ਬਾਵਾ ਸਿੰਘ ਦਾ ਘਰ ਵੀ ਹੜ੍ਹਾਂ ਦੀ ਭੇਟ ਚੜ੍ਹ ਚੁੱਕਾ ਸੀ, ਜਿਸਦੇ ਘਰ ਦੇ ਦੋ ਕਮਰੇ, ਰਸੋਈ ਅਤੇ ਬਾਥਰੂਮ ਬਣਾਉਣ ਲਈ ਨੀਂਹ ਪੱਥਰ ਰੱਖਿਆ ਜਾ ਚੁੱਕਾ ਹੈ। ਉਨ੍ਹਾਂ ਘਰਾਂ ਲਈ ਲੋੜੀਂਦਾ ਸਾਮਾਨ ਪਹੁੰਚਾ ਦਿੱਤਾ ਗਿਆ ਹੈ।ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਕਿਸਾਨਾਂ ਨੂੰ ਕਣਕ ਬੀਜਣ ਲਈ ਬੀਜ ਅਤੇ ਟਰੈਕਟਰ ਵੀ ਮੁਹੱਈਆ ਕਰਵਾਉਣਗੇ, ਜਿਸ ਲਈ ਲੋੜਵੰਦ ਸੱਜਣ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ।ਉਨ੍ਹਾਂ ਦੀ ਸਮੁੱਚੀ ਟੀਮ ਜਿਸ ਵਿੱਚ ਮਾਸਟਰ ਫਤਿਹ ਸਿੰਘ, ਰਘਬੀਰ ਸਿੰਘ, ਬਘੇਲ ਸਿੰਘ ਅਵਾਨ, ਗੁਰਦੀਪ ਸਿੰਘ ਅਬਾਦੀ ਅਮਰਪੁਰਾ, ਗੋਲਡੀ, ਮਨਵੀਰ, ਗੋਰਾ ਜੱਸੜ, ਸੁਖਜੀਤ ਕੋਟ ਮੌਲਵੀ ਅਤੇ ਮੰਨਾ ਥੋਬਾ ਆਦਿ ਵੱਲੋਂ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ।



## ਹਲਕਾ ਵਿਧਾਇਕ ਤੇ ਡੀਸੀ ਵੱਲੋਂ ਰਾਵੀ ਦੇ ਨਾਲ ਲੱਗਦੇ ਇਲਾਕਿਆਂ ਦਾ ਦੌਰਾ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਮੌਸਮ ਵਿਭਾਗ ਵੱਲੋਂ ਪੰਜਾਬ ਅਤੇ ਨਾਲ ਲੱਗਦੇ ਰਾਜਾਂ ਦੇ ਕੁੱਝ ਹਿੱਸਿਆਂ ਵਿੱਚ ਬਾਰਿਸ਼ ਦੀ ਸੰਭਾਵਨਾ ਨੂੰ ਮੁੱਖ ਰੱਖਦੇ ਹੋਏ ਅਜਨਾਲਾ ਹਲਕੇ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਅਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਰਾਵੀ ਦਰਿਆ ਦੇ ਨੇੜਲੇ ਇਲਾਕੇ ਦਾ ਦੌਰਾ ਕੀਤਾ।ਉਨ੍ਹਾਂ ਦੱਸਿਆ ਕਿ ਮੀਂਹ ਦੌਰਾਨ ਡੈਮਾਂ ਤੋਂ ਪਾਣੀ ਛੱਡਣ ਕਾਰਨ ਰਾਵੀ ਅਤੇ ਬਿਆਸ ਦਰਿਆ ਦੇ ਪਾਣੀ ਦੇ ਪੱਧਰ ਵਿੱਚ ਕੁੱਝ ਉਤਰਾਅ ਚੜ੍ਹਾਅ ਹੋ ਸਕਦਾ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਫਿਲਹਾਲ ਰਾਵੀ ਅਤੇ ਬਿਆਸ ਵਿੱਚ ਪਾਣੀ ਬਿਲਕੁਲ ਕੰਟਰੋਲ ਵਿੱਚ ਵਗ ਰਿਹਾ ਹੈ ਅਤੇ ਆਪਣੀ ਡਰੇਨ ਵਿੱਚ ਚੱਲ ਰਿਹਾ ਹੈ ਪਰ ਪਹਾੜਾਂ ਵਿੱਚ ਮੀਂਹ ਪੈਣ ਦੀਆਂ ਸੰਭਾਵਨਾਵਾਂ ਕਾਰਨ ਡੈਮਾਂ ਤੋਂ ਪਾਣੀ ਛੱਡਿਆ ਗਿਆ ਹੈ, ਜਿਸ ਕਾਰਨ ਪਾਣੀ ਦਾ ਪੱਧਰ ਵੱਧ ਸਕਦਾ ਹੈ, ਇਸ ਲਈ ਦਰਿਆ ਪਾਰ ਜਾਣ ਤੋਂ ਸੰਕੋਚ ਕੀਤਾ ਜਾਵੇ।ਵਿਧਾਇਕ ਧਾਲੀਵਾਲ ਨੇ ਵੀ ਸਮੂਹ ਵਸਨੀਕਾਂ ਨੂੰ ਬੇਨਤੀ ਕੀਤੀ ਕਿ ਇਸ ਸਮੇਂ ਦੌਰਾਨ ਦਰਿਆ ਪਾਰ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ ਅਤੇ ਕਿਸਾਨ ਤੇ ਪਸ਼ੂ ਪਾਲਕ ਆਪਣੇ ਪਸ਼ੂਆਂ ਨੂੰ ਦਰਿਆ ਦੇ ਕੰਢੇ ਜਾਂ ਦਰਿਆ ਦੇ ਅੰਦਰ ਨਾ ਜਾਣ ਦੇਣ।

## ਹਾਵਰਡ ਲੇਨ ਸਕੂਲ ਠੱਠਾ ਝਬਾਲ ਵਿਖੇ ਲੱਗਾ ਦੋ ਦਿਨਾ ਪੁਸਤਕ ਮੇਲਾ

**ਝਬਾਲ (ਹਰਜਿੰਦਰ ਸਿੰਘ ਗਿੱਲ)**- ਹਿਊਰਿਸਟਿਕ ਐਜੂਕੇਸ਼ਨ ਵੱਲੋਂ 3 ਤੇ 4 ਅਕਤੂਬਰ ਨੂੰ ਹਾਵਰਡ ਲੇਨ ਸੀਨੀਅਰ ਸਕੂਲ, ਠੱਠਾ ਝਬਾਲ ਵਿਖੇ ਅਧਿਆਪਕ-ਮਾਪੇ ਮਿਲਣੀ 'ਤੇ ਦੋ ਦਿਨਾ ਕਿਤਾਬ ਮੇਲਾ ਆਯੋਜਿਤ ਕੀਤਾ ਗਿਆ। ਮੇਲੇ ਵਿੱਚ ਵੱਖ-ਵੱਖ ਕਿਸਮਾਂ ਦੀਆਂ ਕਿਤਾਬਾਂ ਰੱਖੀਆਂ ਗਈਆਂ ਸਨ ਜਿਵੇਂ ਕਿ ਵੱਖ-ਵੱਖ ਵਿਸ਼ਿਆਂ ਦੇ ਸ਼ਬਦ-ਕੋਸ਼, ਵਿਸ਼ਵਕੋਸ਼, ਸਧਾਰਨ ਗਿਆਨ ਦੀਆਂ ਕਿਤਾਬਾਂ, ਕਲਪਨਾਤਮਕ ਅਤੇ ਗੈਰ-ਕਲਪਨਾਤਮਕ ਕਿਤਾਬਾਂ ਕਹਾਣੀਆਂ ਦੀਆਂ ਕਿਤਾਬਾਂ, ਵਿਗਿਆਨ ਅਤੇ ਤਕਨਾਲੋਜੀ, ਨਾਵਲ, ਜੀਵਨੀਆਂ ਅਤੇ ਭਾਸ਼ਣ, ਸਵੈ-ਮਦਦ ਅਤੇ ਪ੍ਰੇਰਣਾਦਾਇਕ ਕਿਤਾਬਾਂ, ਐਨਸਾਈਕਲੋਪੀਡੀਆ, ਹਵਾਲਾ ਕਿਤਾਬਾਂ ਜੀ.ਕੇ./ਕੁਇਜ਼ ਆਦਿ। ਸਿੱਖਿਆ ਸ਼ਾਸਤਰੀਆਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੇ ਇਸ ਪੁਸਤਕ ਮੇਲੇ 'ਚੋਂ ਵੱਖ-ਵੱਖ ਤਰ੍ਹਾਂ ਦੀਆਂ ਪੁਸਤਕਾਂ ਦੀ ਖਰੀਦਦਾਰੀ ਕੀਤੀ।



ਇਸ ਮੌਕੇ ਮਮਤਾ ਨਿਕੇਤਨ ਸੀਨੀਅਰ ਸੈਕੰਡਰੀ ਸਕੂਲ ਤਰਨਤਾਰਨ ਦੇ ਪ੍ਰਿੰ. ਗੁਰਚਰਨ ਕੌਰ, ਗੁਰੂ ਨਾਨਕ ਦੇਵ ਅਕੈਡਮੀ ਸਕੂਲ ਦੇ ਪ੍ਰਿੰ. ਜਸਪਾਲ ਕੌਰ, ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸਕੂਲ ਤਰਨਤਾਰਨ ਦੇ ਪ੍ਰਿੰ. ਮਾਰੀਆ ਗੋਰਟੀ ਨੇ ਉਚੇਚੇ ਤੌਰ ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਕੂਲ ਪ੍ਰਿੰਸੀਪਲ ਅਤੇ ਮੈਨੇਜਮੈਂਟ ਵੱਲੋਂ ਉਨ੍ਹਾਂ ਨੂੰ ਕੁਝ ਚੋਣਵੀਆਂ ਕਿਤਾਬਾਂ ਤੋਹਫ਼ੇ ਵਜੋਂ ਦਿੱਤੀਆਂ ਗਈਆਂ।ਇਹ ਸਮਾਰੋਹ ਵਿਦਿਆਰਥੀਆਂ ਵਿੱਚ ਪੜ੍ਹਨ ਦੀ ਰੁਚੀ ਅਤੇ ਗਿਆਨ ਪ੍ਰਾਪਤੀ ਦੀ ਪ੍ਰੇਰਨਾ ਦੇਣ ਵੱਲ ਇਕ ਸਫਲ ਕਦਮ ਸਾਬਤ ਹੋਇਆ।

## ਡੇਹਰੀਵਾਲ ਦਰੋਗਾ 'ਚ ਦੁਸਹਿਰੇ ਨੂੰ ਸਮਰਪਿਤ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪਿੰਡ ਡੇਹਰੀਵਾਲ ਦਰੋਗਾ ਵਿਖੇ ਡ੍ਰਾਮਾਟਿਕ ਕਲੱਬ ਵੱਲੋਂ ਸਮੂਹ ਨਗਰ ਵਾਸੀਆਂ ਦੇ ਸਹਿਯੋਗ ਨਾਲ ਰਾਮ ਲੀਲਾ ਸਟੇਡੀਅਮ ਵਿਖੇ ਦੁਸਹਿਰੇ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਦੁਸਹਿਰੇ ਨੂੰ ਸਮਰਪਿਤ ਅਯੋਜਿਤ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪ੍ਰਸਿੱਧ ਗਾਇਕ ਜੀ ਖਾਨ ਨੇ ਆਪਣੇ ਚਰਚਿਤ ਗੀਤਾਂ ਦੁਆਰਾ ਸਰੋਤਿਆਂ ਦਾ ਖ਼ੂਬ ਮਨੋਰੰਜਨ ਕਰਦਿਆਂ ਲੰਮਾ ਸਮਾਂ ਕੀਲੀ ਰੱਖਿਆ। ਉਪਰੰਤ ਸ਼ਾਮ ਨੂੰ ਰਾਵਣ ਦੇ ਬੁੱਤ ਨੂੰ ਅਗਨ ਭੇਟ ਕੀਤਾ ਗਿਆ। ਇਸ ਮੌਕੇ ਕਲੱਬ ਦੇ ਆਗੂ ਜੋਗਿੰਦਰ ਪਾਲ ਬਿੱਟੂ, ਹਰਜੀਤ ਸਿੰਘ, ਨਾਜਰ ਸਿੰਘ, ਕੁਲਵਿੰਦਰ ਕਿੰਦਾ ਜੌਹਲ, ਕਮਲ ਘੁੰਮਣ, ਮੋਹਨ ਲਾਲ, ਤਰਲੋਕ ਚੰਦ, ਪਿੰਡ ਦੇ ਸਰਪੰਚ ਸੂਬੇਦਾਰ ਜਗਤਾਰ ਸਿੰਘ, ਆਗੂ ਮਨਿੰਦਰਪਾਲ ਸਿੰਘ ਘੁੰਮਣ, ਗੋਲਡੀ ਜੌਹਲ, ਦਲਜੋਧ ਸਿੰਘ, ਬੱਬੂ ਜੌਹਲ, ਜਸ ਜੌਹਲ, ਬਾਬਾ ਅਜੈਬ ਸਿੰਘ ਧਾਰੀਵਾਲ ਕਲਾਂ ਆਦਿ ਸਮੇਤ ਕਲੱਬ ਮੈਂਬਰਾਂ ਅਤੇ ਪ੍ਰਬੰਧਕਾਂ ਤੋਂ ਇਲਾਵਾ ਸਮੂਹ ਨਗਰ ਵਾਸੀ ਅਤੇ ਇਲਾਕੇ ਭਰ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



## ਚਾਵਾਂ ਵਿਖੇ ਸ਼੍ਰੀ ਰਾਮ ਲੀਲਾ ਨਾਟਕ ਕਲੱਬ ਨੇ ਕਲਾਕਾਰਾਂ ਨੂੰ ਕੀਤਾ ਸਨਮਾਨਿਤ



**ਗੁਰਦਾਸਪੁਰ (ਜਨਕ ਮਹਾਜਨ)**- ਸ਼੍ਰੀ ਰਾਮ ਲੀਲਾ ਨਾਟਕ ਕਲੱਬ ਨੇ ਰਾਮ ਲੀਲਾ ਬਹੁਤ ਸ਼ਾਨਦਾਰ ਤਰੀਕੇ ਨਾਲ ਚਲਾਈ ਅਤੇ ਦੁਸ਼ਹਿਰੇ ਤੋਂ ਬਾਅਦ ਸ਼੍ਰੀ ਰਾਮ ਤਿਲਕ ਕਰਨ ਤੋਂ ਬਾਅਦ ਸਮਾਪਤ ਹੋ ਗਈ। ਇਸ ਮੌਕੇ ਰਾਮਲੀਲਾ 'ਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਕਲਾਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪ੍ਰਧਾਨ ਰਾਜੂ ਪਠਾਣੀਆ, ਰਜੇਸ਼ ਮਨਹਾਸ ਪ੍ਰਧਾਨ ਮੰਦਰ ਕਮੇਟੀ, ਸਰਪੰਚ ਡਾਕਟਰ ਮਹਿੰਦਰ ਸਿੰਘ, ਰਜੇਸ਼ ਸਟੇਜ ਸੈਕਟਰੀ, ਨਿਤੀਸ਼ ਕੁਮਾਰ, ਪਵਨ, ਬਿਸ਼ਨ ਦਾਸ, ਸੁਖਰਾਜ ਸਿੰਘ, ਵਿਜੇ ਸਲਾਰੀਆ ਅਤੇ ਹੋਰ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਉਪਰੋਕਤ ਰਾਮਲੀਲਾ ਪਿਛਲੇ 40 ਸਾਲਾਂ ਤੋਂ ਚੱਲ ਰਹੀ ਹੈ ਅਤੇ ਇਲਾਕੇ ਦੇ ਲੋਕ, ਪੰਚ, ਸਰਪੰਚ ਸਮਾਜ ਸੇਵੀ ਜਥੇਬੰਦੀਆਂ ਤੋਂ ਇਲਾਵਾ ਪ੍ਰਵਾਸੀ ਭਾਰਤੀਆਂ ਦਾ ਵੱਡਾ ਸਹਿਯੋਗ ਮਿਲ ਰਿਹਾ ਹੈ। ਸਰਪੰਚ ਸੁਲੱਖਣ ਸਿੰਘ ਨੇ ਕਿਹਾ ਕਿ ਆਉਂਦੇ ਸਾਲ ਰਾਮਲੀਲਾ ਵਾਲੀ ਜਗ੍ਹਾ 'ਤੇ ਆਧੁਨਿਕ ਕਿਸਮ ਦਾ ਸਟੇਡੀਅਮ ਬਣਾਉਣ ਦੇ ਨਾਲ ਸਟੇਜ ਪੱਕੀ ਦਾ ਇੰਤਜ਼ਾਮ ਕੀਤਾ ਜਾਵੇਗਾ।

## ਪਰਾਲੀ ਨੂੰ ਨਾ ਸਾੜਨ ਸਬੰਧੀ ਐੱਸਡੀਐੱਮ ਨੇ ਕਿਸਾਨਾਂ ਨਾਲ ਕੀਤੀ ਮੀਟਿੰਗ

**ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)**- ਫਤਿਹਗੜ੍ਹ ਚੂੜੀਆਂ ਦੇ ਐੱਸਡੀਐੱਮ ਗੁਰਮਿੰਦਰ ਸਿੰਘ ਵੱਲੋਂ ਤਹਿਸੀਲ ਫਤਿਹਗੜ੍ਹ ਚੂੜੀਆਂ ਦੇ ਵੱਖ-ਵੱਖ ਪਿੰਡਾਂ ਲੋਧੀਨੰਗਲ, ਮੰਜਿਆਂਵਾਲੀ, ਮੁਰੀਦਕੇ, ਖੋਖਰ ਤੇ ਚਿਤੌੜਗੜ੍ਹ ਵਿਚ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ, ਜਿਸ ਵਿਚ ਕਿਸਾਨਾਂ ਨੂੰ ਜਾਗਰੂਕ ਕਰਦਿਆਂ ਐੱਸਡੀਐੱਮ ਨੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਓ।ਮੀਟਿੰਗ ਦੌਰਾਨ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਸੁਣ ਕੇ ਉਨ੍ਹਾਂ ਦੇ ਹੱਲ ਲਈ ਬੇਲਰਾਂ ਅਤੇ ਹੋਰ ਮਸ਼ੀਨਰੀ ਮੁਹੱਈਆ ਕਰਵਾਉਣ ਵਾਸਤੇ ਫੋਨ ਨੰਬਰ ਦਿੱਤੇ ਗਏ।ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਇਹ ਵੀ ਵਿਸ਼ਵਾਸ ਦਿਵਾਇਆ ਕਿ ਪਰਾਲੀ ਦੀ ਅੱਗ ਦੀ ਰੋਕਥਾਮ ਲਈ ਜੇਕਰ ਕੋਈ ਮਸ਼ੀਨਰੀ ਆਦਿ ਦੀ ਲੋੜ ਪੈਂਦੀ ਹੈ ਤਾਂ ਉਹ ਆਪਣੇ ਨੋਡਲ ਅਤੇ ਕਲੱਸਟਰ ਇੰਚਾਰਜਾਂ ਨਾਲ ਸੰਪਰਕ ਕਰ ਸਕਦੇ ਹਨ।ਇਸ ਮੌਕੇ ਤਹਿਸੀਲਦਾਰ ਪ੍ਰਵੀਨ ਕੁਮਾਰ, ਰਾਜੇਸ਼ ਕੁਮਾਰ ਕਾਨੂੰਗੋ, ਲਖਵਿੰਦਰਪਾਲ ਪਟਵਾਰੀ, ਦੀਪਕ ਸਿੰਘ ਪਟਵਾਰੀ, ਸਾਬਕਾ ਸਰਪੰਚ ਗੁਰਦੀਪ ਸਿੰਘ, ਗੁਰਦਿਆਲ ਸਿੰਘ, ਪਰਮਜੀਤ ਸਿੰਘ, ਕੁਲਦੀਪ ਸਿੰਘ ਪੰਧੇਰ, ਹੀਰਾ ਸਿੰਘ, ਦਿਲਪ੍ਰੀਤ ਸਿੰਘ, ਬਲਕਾਰ ਸਿੰਘ, ਗੁਰਨੂਰ ਸਿੰਘ, ਪਰਮਿੰਦਰ ਸਿੰਘ ਤੇ ਹੋਰ ਪਿੰਡ ਵਾਸੀ ਹਾਜ਼ਰ ਸਨ।



## ਡਿਪਟੀ ਐਡਵੋਕੇਟ ਜਨਰਲ ਰਾਜੀਵ ਮਦਾਨ ਦਾ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਵੱਲੋਂ ਸਨਮਾਨ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਬਦੀ ਉਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰਾ ਅਜਨਾਲਾ ਦੀ ਕੀਰਤਨ ਦਰਬਾਰ ਸੁਸਾਇਟੀ ਦੀ ਗਰਾਊਂਡ ਵਿੱਚ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਵੱਲੋਂ ਮਨਾਇਆ ਗਿਆ। ਇਸ ਮੌਕੇ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਅਤੇ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਵੱਲੋਂ ਸਾਂਝੇ ਤੌਰ 'ਤੇ ਸੋਸ਼ਲ ਵਰਕਰ ਅਤੇ ਅਜਨਾਲਾ ਤਹਿਸੀਲ ਦੇ ਮਾਣ ਡਿਪਟੀ ਐਡਵੋਕੇਟ ਜਨਰਲ ਰਾਜੀਵ ਕੁਮਾਰ ਮਦਾਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਰਾਜੀਵ ਮਦਾਨ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਗਈ।ਇਸ ਮੌਕੇ ਉਨ੍ਹਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਕਲੱਬ ਦੇ ਪ੍ਰਧਾਨ ਕਿਸ਼ੋਰੀ ਲਾਲ ਸ਼ਰਮਾ, ਪੁਨੀਤ ਕੁਮਾਰ ਭਾਰਦਵਾਜ, ਐਡਵੋਕੇਟ ਸੰਦੀਪ ਕੌਸ਼ਲ, ਪ੍ਰਦੀਪ ਕੁਮਾਰ, ਹੀਰਾ ਕੁਮਾਰ, ਪੰਮਾ ਮਹਿਤਾ, ਆਮ ਆਦਮੀ ਪਾਰਟੀ ਵੱਲੋਂ ਸ਼ਹਿਰੀ ਪ੍ਰਧਾਨ ਅਮਿਤ ਔਲ਼, ਅਜਨਾਲਾ ਨਗਰ ਪੰਚਾਇਤ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ, ਮੈਡਮ ਗੀਤਾ ਗਿੱਲ ਅਤੇ ਅਜੇ ਕੁਮਾਰ ਆਦਿ ਹਾਜ਼ਰ ਸਨ।



## ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਅੰਮ੍ਰਿਤਸਰ ਨੇ ਹੜ੍ਹ ਪੀੜਤਾਂ ਦੀ ਕੀਤੀ ਮਦਦ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਅੰਮ੍ਰਿਤਸਰ ਵੱਲੋਂ ਸੁਲਤਾਨਪੁਰ ਲੋਧੀ ਨੇੜੇ ਆਏ ਹੜ੍ਹ-ਪ੍ਰਭਾਵਿਤ ਇਲਾਕਿਆਂ ਲਈ 30 ਸਤੰਬਰ ਨੂੰ ਇਕ ਟੀਮ ਰਵਾਨਾ ਹੋਈ ਅਤੇ ਪਿੰਡ ਆਹਲੀ ਕਲਾਂ, ਆਹਲੀ ਖੁਰਦ ਅਤੇ ਨਾਲ ਲੱਗਦੇ ਕੁਝ ਡੇਰਿਆਂ ਵਿੱਚ ਪਹੁੰਚੀ।ਆਹਲੀ ਕਲਾਂ ਵਿੱਚ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਗਿਆ।ਬਹੁਤ ਸਾਰੇ ਲੋਕ ਉੱਚ (ਬਲੱਡ ਪ੍ਰੈਸ਼ਰ), ਸ਼ੂਗਰ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਸਨ।ਲਗਭਗ 80 ਲੋਕਾਂ ਨੂੰ ਟੈਟਨਸ ਦੇ ਟੀਕੇ ਲਗਾਏ ਗਏ ਅਤੇ ਹੋਰ ਬਿਮਾਰੀਆਂ ਲਈ ਬਹੁਤ ਸਾਰੀ ਦਵਾਈਆਂ ਵੀ ਵੰਡੀਆਂ ਗਈਆਂ।ਪਿੰਡ ਆਹਲੀ ਖੁਰਦ ਅਤੇ ਕੁਝ ਡੇਰਿਆਂ 'ਤੇ ਜ਼ਰੂਰਤ ਦਾ ਵੱਖ-ਵੱਖ ਸਾਮਾਨ ਵੰਡਿਆ। ਇਸ ਮੌਕੇ ਪਿੰਗਲਵਾੜਾ ਪਰਿਵਾਰ ਦੇ ਮੈਂਬਰ ਰਾਜਬੀਰ ਸਿੰਘ, ਡਾ. ਇੰਦਰਜੀਤ ਕੌਰ ਰੇਣੂ, ਬੀਬੀ ਹਰਭਜਨ ਕੌਰ (ਯੂ.ਕੇ.), ਯੋਗੇਸ਼ ਸੂਰੀ, ਤਿਲਕ ਰਾਜ, ਗੁਲਸ਼ਨ ਰੰਜਨ, ਸ਼ਮਸ਼ੇਰ ਸਿੰਘ, ਮਲਕੀਤ ਸਿੰਘ, ਬੀਬੀ ਸੁਰਿੰਦਰ ਕੌਰ ਭੱਟੀ, ਤਜਿੰਦਰ ਭਾਨ ਸਿੰਘ ਬੇਦੀ, ਮਨਦੀਪ ਕੌਰ, ਗੁਰਪ੍ਰੀਤ ਕੌਰ, ਜਸਪ੍ਰੀਤ ਕੌਰ, ਦਲਵਿੰਦਰ ਸਿੰਘ, ਜਗਪ੍ਰੀਤ ਸਿੰਘ, ਹਰਿੰਦਰ ਮੋਹਨ ਸਿੰਘ, ਨਿਸ਼ਾਨ ਸਿੰਘ, ਹਰਦੀਪ ਸਿੰਘ ਅਤੇ ਪਿੰਗਲਵਾੜਾ ਦੇ ਹੋਰ ਸੇਵਾਦਾਰ ਸ਼ਾਮਿਲ ਸਨ।



## ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਗੁਰਦਾਸਪੁਰ ਦਾਣਾ ਮੰਡੀ 'ਚ ਝੋਨੇ ਦੀ ਖ਼ਰੀਦ ਦਾ ਲਿਆ ਜਾਇਜ਼ਾ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦਾਣਾ ਮੰਡੀ ਗੁਰਦਾਸਪੁਰ ਵਿਖੇ ਝੋਨੇ ਦੀ ਖ਼ਰੀਦ ਦਾ ਜਾਇਜ਼ਾ ਲਿਆ। ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁਰਦਾਸਪੁਰ ਦੇ ਹਲਕਾ ਇੰਚਾਰਜ ਰਮਨ ਬਹਿਲ, ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ. ਹਰਜਿੰਦਰ ਸਿੰਘ ਬੇਦੀ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ। ਕਟਾਰੂਚੱਕ ਨੇ ਦੱਸਿਆ ਕਿ ਹੁਣ ਤੱਕ ਰਾਜ ਭਰ ਦੀਆਂ ਮੰਡੀਆਂ ਵਿੱਚ 4.21 ਲੱਖ ਮੀਟਰਿਕ ਟਨ ਝੋਨਾ ਆਇਆ ਹੈ ਜਿਸ ਵਿੱਚੋਂ 4 ਲੱਖ ਮੀਟਰਿਕ ਟਨ ਖ਼ਰੀਦਿਆ ਜਾ ਚੁੱਕਾ ਹੈ। ਝੋਨੇ ਦੀ ਨਾਲੋ-ਨਾਲ ਲਿਫ਼ਟਿੰਗ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਨੂੰ 24 ਘੰਟੇ ਵਿੱਚ ਅਦਾਇਗੀ ਯਕੀਨੀ ਬਣਾਈ ਜਾ ਰਹੀ ਹੈ। ਬੀਤੀ ਸ਼ਾਮ ਤੱਕ ਕਿਸਾਨਾਂ ਨੂੰ 721 ਕਰੋੜ ਰੁਪਏ ਝੋਨੇ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੇਂਦਰੀ ਪੂਲ ਵਿੱਚ 172 ਲੱਖ ਮੀਟਰਕ ਟਨ ਝੋਨੇ ਦਾ ਟਾਰਗੇਟ ਪੰਜਾਬ ਨੂੰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ 27 ਹਜ਼ਾਰ ਕਰੋੜ ਰੁਪਏ ਦੀ ਸੀਸੀਐੱਲ ਵੀ ਜਾਰੀ ਹੋ ਚੁੱਕੀ ਹੈ। ਇਸ ਮੌਕੇ ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਜ਼ਿਲ੍ਹਾ ਖ਼ੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਸੁਖਜਿੰਦਰ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਜਸਵਿੰਦਰ ਸਿੰਘ ਰਿਆੜ ਤੋਂ ਇਲਾਵਾ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਅਤੇ ਆੜ੍ਹਤੀਆ ਐਸੋਸੀਏਸ਼ਨ ਦੇ ਨੁਮਾਇੰਦੇ ਵੀ ਹਾਜ਼ਰ ਸਨ।



## ਪ੍ਰਤਾਪ ਵਰਲਡ ਸਕੂਲ ਪਠਾਨਕੋਟ 'ਚ ਕਰੀਅਰ ਫੇਅਰ ਓਡਿਸੀ-2025 ਦਾ ਸਫਲ ਆਯੋਜਨ

**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵੱਲੋਂ ਕਰੀਅਰ ਫੇਅਰ ਓਡਿਸੀ-2025 ਦਾ ਸ ਫ ਲ ਤਾ ਪੂ ਰ ਵ ਕ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਉੱਚ ਸਿੱਖਿਆ ਸੰਸਥਾਵਾਂ ਨੂੰ ਇੱਕੋ ਮੰਚ 'ਤੇ ਇਕੱਠਾ ਕੀਤਾ। ਇਸ ਮੌਕੇ ਪਠਾਨਕੋਟ ਅਤੇ ਕਠੂਆ ਖੇਤਰ ਦੇ 20 ਤੋਂ ਵੱਧ ਸਕੂਲਾਂ ਦੇ ਵਿਦਿਆਰਥੀਆਂ ਅਤੇ 1000 ਤੋਂ ਵੱਧ ਉਤਸ਼ਾਹੀ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਆਪਣੇ ਭਵਿੱਖ ਲਈ ਕਰੀਅਰ ਮੌਕਿਆਂ ਦੀ ਪੜਚੋਲ ਕੀਤੀ।ਇਸ ਮੇਲੇ ਵਿੱਚ ਭਾਰਤ ਅਤੇ ਵਿਦੇਸ਼ ਦੇ 50 ਤੋਂ ਵੱਧ ਪ੍ਰਸਿੱਧ ਯੂਨੀਵਰਸਿਟੀਆਂ, ਕਾਲਜਾਂ ਨੇ ਭਾਗ ਲਿਆ ਅਤੇ ਉੱਚ ਸਿੱਖਿਆ ਦੇ ਰਾਹਾਂ ਤੇ ਉਭਰਦੇ ਖੇਤਰਾਂ ਬਾਰੇ ਉਪਯੋਗੀ ਜਾਣਕਾਰੀ ਸਾਂਝੀ ਕੀਤੀ।ਪ੍ਰਤਾਪ ਵਰਲਡ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਕਰੀਅਰ ਫੇਅਰ ਓਡਿਸੀ 2025 ਦੀ ਬੇਮਿਸਾਲ ਸਫਲਤਾ ਸਾਡੇ ਉਸ ਵਿਜ਼ਨ ਨੂੰ ਦਰਸਾਉਂਦੀ ਹੈ, ਜਿਸ ਅਧੀਨ ਅਸੀਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸਪੱਸ਼ਟ ਵਿਜ਼ਨ ਅਤੇ ਸਹੀ ਦਿਸ਼ਾ ਦੇਣ ਲਈ ਵਚਨਬੱਧ ਹਾਂ।ਮੈਡਮ ਸ਼ੁਭਰਾ ਰਾਣੀ ਨੇ ਕਿਹ ਕਿ ਇਹ ਮੇਲਾ ਦਰਅਸਲ ਗਿਆਨ, ਖੋਜ ਅਤੇ ਸਹਿਯੋਗ ਦਾ ਤਿਉਹਾਰ ਸੀ। ਅੰਤ ਵਿੱਚ ਮੁੱਖ ਮਹਿਮਾਨ ਇੰਜੀ. ਗਗਨਦੀਪ ਸਿੰਘ ਨੇ ਕਿਹਾ ਕਿ ਕਰੀਅਰ ਫੇਅਰ ਓਡਿਸੀ ਵਰਗੇ ਮੰਚ ਨਾ ਸਿਰਫ ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਬਣਾਉਂਦੇ ਹਨ, ਸਗੋਂ ਉਨ੍ਹਾਂ ਵਿੱਚ ਵੱਡੇ ਸੁਪਨੇ ਦੇਖਣ ਅਤੇ ਇਕਾਗਰਤਾ ਨਾਲ ਕੰਮ ਕਰਨ ਦਾ ਆਤਮ ਵਿਸ਼ਵਾਸ ਵੀ ਜਗਾਉਂਦੇ ਹਨ।




## ਅੰਮ੍ਰਿਤਾ ਹਸਪਤਾਲ ਨੇ ਦੀਪ ਹਸਪਤਾਲ ਨਾਲ ਮਿਲ ਕੇ ਸ਼ੁਰੂ ਕੀਤੀ ਓ ਪੀ ਡੀ

**ਲੁਧਿਆਣਾ**- ਅੰਮ੍ਰਿਤਾ ਹਸਪਤਾਲ ਫਰੀਦਾਬਾਦ ਨੇ ਦੀਪ ਹਸਤਾਲ ਲੁਧਿਆਣਾ ਦੇ ਸਹਿਯੋਗ ਨਾਲ 250-ਬੈੱਡ ਦੇ ਮਲਟੀ ਸੁਪਰਸਪੈਸ਼ਲਟੀ ਹਸਪਤਾਲ ਵਿੱਚ ਵਿਸ਼ੇਸ਼ ਲਿਵਰ ਦੀਆਂ ਬਿਮਾਰੀਆਂ ਅਤੇ ਟਰਾਂਸਪਲਾਂਟ ਓਪੀਡੀ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।ਇਸ ਪਹਿਲ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਪੰਜਾਬ ਵਿੱਚ ਲਿਵਰ ਦੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਹੁਣ ਉੱਨਤ ਜਾਂਚ, ਸਮੇਂ 'ਤੇ ਸਲਾਹ ਅਤੇ ਪੋਸਟ-ਟਰਾਂਸਪਲਾਂਟ ਫਾਲੋਅਪ ਸੇਵਾਵਾਂ ਆਪਣੇ ਨੇੜੇ ਦੇ ਸ਼ਹਿਰ ਵਿੱਚ ਹੀ ਮਿਲ ਸਕਣ ਤਾਂ ਜੋ ਉਨ੍ਹਾਂ ਨੂੰ ਮਾਹਿਰ ਇਲਾਜ ਲਈ ਦੂਰ-ਦੁਰਾਡੇ ਨਾ ਜਾਣਾ ਪਵੇ।ਇਸ ਓਪੀਡੀ ਦੀ ਅਗਵਾਈ ਡਾ. ਸ਼ਲੀਨ ਅਗਰਵਾਲ ਕਰਨਗੇ ਜੋ ਪ੍ਰਿੰਸੀਪਲ ਕਨਸਲਟੈਂਟ ਅਤੇ ਚੀਫ਼ ਲਿਵਰ ਟਰਾਂਸਪਲਾਂਟ ਅਤੇ ਐੱਚਪੀਬੀ ਸੇਵਾਵਾਂ ਅੰਮ੍ਰਿਤਾ ਹਾਸਪੀਟਲ ਫਰੀਦਾਬਾਦ ਹਨ ਜਿਨ੍ਹਾਂ ਕੋਲ ਜਟਿਲ ਹੈਪੇਟੋਬਿਲੀਅਰੀ ਅਤੇ ਟਰਾਂਸਪਲਾਂਟ ਸਰਜਰੀ ਵਿੱਚ ਵਿਸ਼ਾਲ ਤਜਰਬਾ ਹੈ।ਓਪੀਡੀ 'ਚ ਲਾਈਵ ਡੋਨਰ ਅਤੇ ਕੈਡੇਵਰਿਕ ਟਰਾਂਸਪਲਾਂਟ, ਐਡਵਾਂਸ ਲਿਵਰ ਕੈਂਸਰ ਲਈ ਟਰਾਂਸਪਲਾਂਟ ਅਤੇ ਬਲੱਡ-ਗਰੁੱਪ ਮਿਸਮੈਚ ਡੋਨਰ ਟਰਾਂਸਪਲਾਂਟ ਜਿਹੀਆਂ ਕੰਪਲੀਕੇਟਿਡ ਪ੍ਰਕਿਰਿਆਵਾਂ ਨੂੰ ਸਫਲਤਾਪੂਰਵਕ ਕੀਤਾ ਜਾਂਦਾ ਹੈ।

## ਅਧਿਆਤਮਕ ਸਿਖਲਾਈ ਅਤੇ ਮਾਨਵੀ ਮੁੱਲਾਂ ਦੇ ਮਹੱਤਵ 'ਤੇ ਕੇਂਦਰਿਤ ਸੈਮੀਨਾਰ ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਆਫ ਨਰਸਿੰਗ ਵਿਖੇ ਡਿਵਨਿਟੀ ਸੈਮੀਨਾਰ ਕਰਵਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਸੈਮੀਨਾਰ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੋਂ ਚੇਅਰਮੈਨ ਸ: ਬਲਜੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਿਸ 'ਚ ਵਿਦਿਆਰਥੀਆਂ ਨੂੰ ਅਧਿਆਤਮਿਕ ਸਿਖਲਾਈ ਅਤੇ ਮਾਨਵਿਕ ਮੁੱਲਾਂ ਦੇ ਮਹੱਤਵ ਸਬੰਧੀ ਪ੍ਰੇਰਨਾ ਦਿੱਤੀ ਗਈ।ਇਸ ਸਬੰਧੀ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੈਮੀਨਾਰ 'ਚ ਸ: ਬਲਜੀਤ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।ਜਦਕਿ ਸ: ਸਤਨਾਮ ਸਿੰਘ ਸਲੋਪੁਰੀ ਸੰਚਾਲਕ ਸਹਿਜਪਾਠ ਸੇਵਾ ਸ੍ਰੀ ਅੰਮ੍ਰਿਤਸਰ ਨੇ ਆਪਣੇ ਅਨੁਭਵਾਂ ਅਤੇ ਗਿਆਨ ਰਾਹੀਂ ਵਿਦਿਆਰਥੀਆਂ ਨੂੰ ਆਧਿਆਤਮਕ ਉਤਕ੍ਰਿਸ਼ਟਤਾ ਅਤੇ ਨੈਤਿਕ ਵਿਕਾਸ ਦੀ ਮਹੱਤਤਾ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ।ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਕਿਹਾ ਕਿ ਸੈਮੀਨਾਰ ਦਾ ਮੁੱਖ ਉਦੇਸ਼ ਵਿਦਿਆਰਥੀਆਂ 'ਚ ਅਧਿਆਤਮਿਕ ਗਿਆਨ ਨੂੰ ਬੜ੍ਹਾਵਾ ਦੇਣਾ, ਮਨੁੱਖੀ ਮੁੱਲਾਂ ਨੂੰ ਸਿਖਾਉਣਾ ਅਤੇ ਉਨ੍ਹਾਂ ਦੀ ਸਖਸ਼ੀਅਤ ਨੂੰ ਨਿਖਾਰਨਾ ਹੈ।ਉਨ੍ਹਾਂ ਕਿਹਾ ਕਿ ਇਸ ਮੌਕੇ ਸਵਾਲ—ਜਵਾਬ ਦਾ ਸੈਸ਼ਨ ਵੀ ਕਰਵਾਇਆ ਗਿਆ, ਜਿਸ ਦੌਰਾਨ ਆਏ ਮੁੱਖ ਮਹਿਮਾਨ ਨੇ ਬਹੁਤ ਹੀ ਸਰਲਤਾ ਸਹਿਤ ਸਵਾਲਾਂ ਦੇ ਜਵਾਬ ਦਿੱਤੇ।ਇਸ ਮੌਕੇ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।



## ਆਂਗਣਵਾੜੀ ਫੈਡਰੇਸ਼ਨ ਆਫ ਇੰਡੀਆ ਦੇ ਸੱਦੇ 'ਤੇ ਅੱਜ ਤੋਂ ਰੋਸ ਧਰਨੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਆਂਗਣਵਾੜੀ ਫੈਡਰੇਸ਼ਨ ਆਫ ਇੰਡੀਆ ਬਲਾਕ ਪ੍ਰਧਾਨ ਰਣਜੀਤ ਕੌਰ ਨੂਰਮਹਿਲ ਨੇ ਦੱਸਿਆ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਦੇ ਖਿਲਾਫ ਪੰਜ ਅਕਤੂਬਰ ਤੋਂ 20 ਅਕਤੂਬਰ ਤਕ ਮੈਂਬਰ ਪਾਰਲੀਮੈਂਟ ਦੇ ਘਰਾਂ ਦੇ ਸਾਹਮਣੇ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਜਿਸ ਦੇ ਤਹਿਤ ਜਿਲਾ ਜਲੰਧਰ ਵਿੱਚ ਰੋਸ ਧਰਨਾ 5 ਅਕਤੂਬਰ ਨੂੰ ਦਿੱਤਾ ਜਾਵੇਗਾ। ਉਹਨਾਂ ਨੇ ਦੱਸਿਆ ਕਿ 50 ਸਾਲ ਤੋਂ ਆਂਗਣਵਾੜੀ ਸਕੀਮ ਚੱਲ ਰਹੀ ਹੈ ,ਕੇਂਦਰ ਦੀ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਨਿਗੂਣਾ ਜਿਹਾ ਮਾਣ ਭੱਤਾ ਦੇ ਕੇ ਸ਼ੋਸ਼ਣ ਕੀਤਾ ਜਾ ਰਿਹਾ ਹੈ,ਆਂਗਣਵਾੜੀ ਵਰਕਰ ਨੂੰ ਕੇਵਲ 4500/ ਹੈਲਪਰ ਨੂੰ 2250/ ਰੁਪਏ ਹੀ ਦਿੱਤੇ ਜਾ ਰਹੇ ਹਨ। ਇਹ ਹਿੰਦੁਸਤਾਨ ਦੀਆਂ 28 ਲੱਖ ਔਰਤਾਂ ਅਤੇ ਮਾਤਰਤ ਸ਼ਕਤੀ ਦਾ ਅਪਮਾਨ ਹੈ। ਉਨ੍ਹਾਂ ਨੇ ਕਿਹਾ ਕਿ ਮੰਗਾਂ ਨੂੰ ਲੈ ਕੇ ਆਂਗਣਵਾੜੀ ਵਰਕਰਾਂ ਆਪਣੇ ਆਪਣੇ ਹਲਕੇ ਦੇ ਪਾਰਲੀਮੈਂਟ ਮੈਂਬਰਾਂ ਦੇ ਘਰਾਂ ਦੇ ਸਾਹਮਣੇ ਜਾਂ ਦਫਤਰਾਂ ਦੇ ਸਾਹਮਣੇ ਰੋਸ ਪ੍ਰਦਰਸ਼ਨ ਕਰਨਗੀਆਂ।



## ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਦੀ ਡਾਇਰੈਕਟਰ ਸ਼ੀਨਾ ਅਗਰਵਾਲ ਨਾਲ ਮੀਟਿੰਗ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਸਰਵ ਆਂਗਣਵਾੜੀ ਵਰਕਰ ਅਤੇ ਹੈਲਪਰ ਯੂਨੀਅਨ ਦੀ ਮੀਟਿੰਗ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਡਾਇਰੈਕਟਰ ਸ਼ੀਨਾ ਅਗਰਵਾਲ, ਡਿਪਟੀ ਡਾਇਰੈਕਟਰ ਕੁਲਵਿੰਦਰ ਸਿੰਘ ਨਾਲ ਚਾਰ ਮੈਂਬਰੀ ਵਫ਼ਦ ਨਾਲ ਆਨਲਾਈਨ ਹੋਈ।ਯੂਨੀਅਨ ਵੱਲੋਂ 1 ਅਕਤੂਬਰ ਨੂੰ ਪੂਰੇ ਪੰਜਾਬ ਦੇ ਜ਼ਿਲਾ ਪ੍ਰੋਗਰਾਮ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ।ਧਰਨੇ ਦੌਰਾਨ ਡਾਇਰੈਕਟਰ ਮੈਡਮ ਵੱਲੋਂ ਡੀਪੀਓ ਅੰਮ੍ਰਿਤਸਰ ਰਾਹੀਂ ਦੋ ਦਿਨ ਵਿੱਚ ਬਜਟ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ ਸੀ ਜੋ ਕਿ ਪੂਰਾ ਕੀਤਾ ਗਿਆ ਹੈ। ਸੂਬਾ ਪ੍ਰਧਾਨ ਬਰਿੰਦਰਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ ਡਾਇਰੈਕਟੋਰੇਟ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਚੰਡੀਗੜ੍ਹ ਨਾਲ ਹੋਈ ਜਿਸ ਵਿੱਚ ਸੈਂਟਰ ਦੇ ਬਜਟ ਦੀ ਚਿੱਠੀ ਦਿੱਤੀ ਗਈ ਅਤੇ ਕਈ ਅਹਿਮ ਮੁੱਦਿਆਂ 'ਤੇ ਗੱਲਬਾਤ ਕੀਤੀ ਗਈ। ਮੀਟਿੰਗ ਦੌਰਾਨ ਯੂਨੀਅਨ ਵੱਲੋਂ ਮੰਗ ਰੱਖੀ ਗਈ ਕਿ ਪੂਰੇ ਛੇ ਮਹੀਨੇ ਦਾ ਸੈਂਟਰ ਦਾ ਬਜਟ ਰਿਲੀਜ਼ ਕੀਤਾ ਜਾਵੇ।ਮੈਡਮ ਨੇ ਦੱਸਿਆ ਕਿ ਚਾਰ ਮਹੀਨਿਆਂ ਦਾ ਬਜਟ ਇਕ ਹਫ਼ਤੇ ਦੇ ਅੰਦਰ ਜਾਰੀ ਕਰ ਦਿੱਤਾ ਜਾਵੇਗਾ ਇਸ ਦੇ ਨਾਲ ਹੀ ਪੀਐੱਮਵੀਵਾਏ ਦਾ ਇਨਸੈਂਟਿਵ, ਸੀਬੀਈ ਦਾ ਬਜਟ, ਸ਼ਹਿਰੀ ਸੈਂਟਰਾਂ ਦੇ ਕਿਰਾਏ ਦਾ ਛੇ ਮਹੀਨਿਆਂ ਦਾ ਬਜਟ ਅਤੇ ਯੂਨੀਫਾਰਮ ਭੱਤਾ ਵੀ ਜਾਰੀ ਕੀਤਾ ਜਾਵੇਗਾ। ਆਂਗਣਵਾੜੀ ਵਰਕਰਾਂ ਨੂੰ ਆਨਲਾਈਨ ਕੰਮ ਕਰਨ ਲਈ ਮੋਬਾਈਲ ਫੋਨ ਵੀ ਦਿੱਤੇ ਜਾਣਗੇ। ਯੂਨੀਅਨ ਵੱਲੋਂ ਇਹ ਵੀ ਮੰਗ ਰੱਖੀ ਗਈ ਕਿ ਕੁਝ ਬਲਾਕਾਂ ਵਿੱਚ ਫੀਡ ਸੈਂਟਰ ਟੂ ਸੈਂਟਰ ਨਹੀਂ ਆ ਰਹੀ ਜਿਸ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ, ਚੋਣਾਂ ਦੌਰਾਨ ਮਾਣ ਭੱਤਾ ਡਬਲ ਕਰਨ ਦੀ ਮੰਗ ਵੀ ਰੱਖੀ ਗਈ। ਮੈਡਮ ਨੇ ਦੱਸਿਆ ਕਿ ਆਂਗਣਵਾੜੀ ਵਰਕਰਾਂ/ਹੈਲਪਰਾਂ ਦੀ ਭਰਤੀ 12 ਅਕਤੂਬਰ ਤੋਂ ਸ਼ੁਰੂ ਕੀਤੀ ਜਾਵੇਗੀ। ਮੀਟਿੰਗ ਬਹੁਤ ਹੀ ਸੁਖਾਵੇਂ ਮਾਹੌਲ ਵਿੱਚ ਹੋਈ। ਮੀਟਿੰਗ ਵਿੱਚ ਜਨਰਲ ਸਕੱਤਰ ਹਰਪ੍ਰੀਤ ਕੌਰ, ਕੈਸ਼ੀਅਰ ਹਰਪ੍ਰੀਤ ਕੌਰ ਸਾਰੰਗਰਾ, ਪ੍ਰੈੱਸ ਸਕੱਤਰ ਮਧੂ ਕੁਮਾਰੀ ਵੱਲੋਂ ਹਾਜ਼ਰੀ ਭਰੀ ਗਈ।

- **ਚਿਰੋਕਣੀਆਂ ਮੰਗਾਂ ਛੇਤੀ ਹੀ ਮੰਨੇ ਜਾਣ ਦੀ ਬੱਝੀ ਆਸ**




## ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਹੜ੍ਹ/ਬਾਰਸ਼ਾਂ ਦੇ ਮੁਆਵਜ਼ੇ ਲਈ ਪੰਜਾਬ ਸਰਕਾਰ ਖਿਲਾਫ ਮੋਟਰਸਾਈਕਲ ਮਾਰਚ ਅੱਜ

**ਗੁਰਦਾਸਪੁਰ, ਧਾਰੀਵਾਲ (ਜਨਕ ਮਹਾਜਨ, ਮਨਦੀਪ ਸਿੰਘ ਵਿੱਕੀ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਹੜ੍ਹ/ਬਾਰਸ਼ ਪੀੜਤਾਂ ਨੂੰ ਰਾਹਤ ਦਿਵਾਉਣ ਲਈ 5 ਅਕਤੂਬਰ ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਬਹਿਰਾਮਪੁਰ ਇਲਾਕੇ ਅੰਦਰ ਵੱਖ-ਵੱਖ ਪਿੰਡਾਂ ਵਿੱਚ ਪੰਜਾਬ ਸਰਕਾਰ ਖ਼ਿਲਾਫ਼ ਮੋਟਰਸਾਈਕਲ ਮਾਰਚ ਕੀਤਾ ਜਾਵੇਗਾ ।ਇਸ ਸਬੰਧੀ ਗੁਰੂ ਨਾਨਕ ਪਾਰਕ ਵਿਖੇ ਮਜ਼ਦੂਰ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਵਿੱਤ ਸਕੱਤਰ ਸਾਥੀ ਸ਼ਮਸ਼ੇਰ ਸਿੰਘ ਬਟਾਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਪੰਡੋਰੀ, ਮੇਜਰ ਸਿੰਘ ਕੋਟ ਟੋਡਰ ਮੱਲ, ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਆਗੂ ਵਿਜੇ ਸੋਹਲ, ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਬਲਬੀਰ ਸਿੰਘ ਮੱਲ੍ਹੀ ਆਦਿ ਆਗੂ ਹਾਜ਼ਰ ਸਨ।ਆਗੂਆਂ ਨੇ ਕਿਹਾ ਕਿ ਹੜ੍ਹਾਂ ਦੀ ਸਿੱਧੀ ਮਾਰ ਹੇਠ ਆਏ ਲੋਕਾਂ ਦਾ ਜਿੱਥੇ ਭਾਰੀ ਜਾਨੀ ਮਾਲੀ ਨੁਕਸਾਨ ਹੋਇਆ ਹੈ ਉੱਥੇ ਮਜ਼ਦੂਰ ਵਰਗ ਦੇ ਲੋਕਾਂ ਦੇ ਪੂਰੇ ਪੰਜਾਬ ਅੰਦਰ ਘਰਾਂ ਦਾ ਬਹੁਤ ਨੁਕਸਾਨ ਹੋਇਆ ਹੈ, ਉਨ੍ਹਾਂ ਕਿਹਾ ਕਿ ਜਥੇਬੰਦੀਆਂ ਦੇ ਸੰਘਰਸ਼ ਕਰਨ ਤੋਂ ਬਾਅਦ ਬੇਸ਼ੱਕ ਸਰਕਾਰ ਨੇ ਢਹਿ ਗਏ ਘਰਾਂ ਅਤੇ ਨੁਕਸਾਨੇ ਘਰਾਂ ਲਈ ਕੁਝ ਮੁਆਵਜ਼ਾ ਰਾਸ਼ੀ ਐਲਾਨੀ ਹੈ ਜੋ ਨੁਕਸਾਨ ਦੇ ਮੱਦੇਨਜ਼ਰ ਬਹੁਤ ਊਣੀ ਹੈ।ਆਗੂਆਂ ਨੇ ਕਿਹਾ ਕਿ ਸਿਤਮਜ਼ਰੀਫੀ ਤਾਂ ਇਹ ਹੈ ਕਿ ਅਜੇ ਤੱਕ ਕੋਈ ਅਧਿਕਾਰੀ ਮਜ਼ਦੂਰ ਘਰਾਂ ਦੇ ਸਰਵੇ ਕਰਨ ਨਹੀਂ ਆਇਆ ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸੂਬਾ ਸਰਕਾਰ ਕਿੰਨੀ ਕੁਝ ਸੰਜੀਦਾ ਹੈ ?, ਉਨ੍ਹਾਂ ਕਿਹਾ ਕਿ 2023 ਦੇ ਹੜ੍ਹਾਂ ਵੇਲੇ ਵੀ ਸਿਰਫ਼ ਐਲਾਨ ਹੀ ਰਹਿ ਗਏ ਸਨ ਲੋਕਾਂ ਨੂੰ ਮੁਆਵਜ਼ਾ ਨਹੀਂ ਸੀ ਮਿਲਿਆ। ਇਸ ਮੌਕੇ ਮੰਗ ਕੀਤੀ ਗਈ ਕਿ ਹੜ੍ਹਾਂ/ਬਾਰਸ਼ਾਂ ਨਾਲ ਢਹਿ ਗਏ ਘਰਾਂ ਨੂੰ ਮੁੜ ਉਸਾਰਨ ਲਈ 15 ਲੱਖ ਰੁਪਏ, ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ, ਹੜ੍ਹਾਂ ਚ ਜਾਨਾਂ ਗੁਆਉਣ ਵਾਲੇ ਪੀੜਤਾਂ ਦੇ ਪਰਿਵਾਰਾਂ ਨੂੰ ਘੱਟੋ-ਘੱਟ 25 ਲੱਖ ਰੁਪਏ ਅਤੇ ਮਜ਼ਦੂਰਾਂ ਦੀਆਂ ਟੁੱਟੀਆਂ ਦਿਹਾੜੀਆਂ ਦੀ ਭਰਪਾਈ ਲਈ ਪ੍ਰਤੀ ਪਰਿਵਾਰ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ, ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਇਸ ਮਾਰਚ ਵਿਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਵੋ।





## ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੇ ਐੱਸਐੱਮਓ ਰਾਹੀਂ ਸਿਹਤ ਮੰਤਰੀ ਦੇ ਨਾਂਅ ਭੇਜਿਆ ਮੰਗ ਪੱਤਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਦੇ ਸੂਬਾਈ ਪ੍ਰੋਗਰਾਮ ਤਹਿਤ ਤਰਸਿੱਕਾ ਬਲਾਕ ਦੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਵੱਲੋਂ ਸੀਐੱਚਸੀ ਭਾਮ ਵਿਖੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਮੈਡੀਕਲ ਅਫ਼ਸਰ ਡਾ. ਰਵਨੀਤ ਕੌਰ ਰਾਹੀਂ ਸਿਹਤ ਮੰਤਰੀ ਪੰਜਾਬ ਅਤੇ ਡਾਇਰੈਕਟਰ ਨੈਸ਼ਨਲ ਹੈਲਥ ਮਿਸ਼ਨ ਨੂੰ ਮੰਗ ਪੱਤਰ ਭੇਜੇ ਗਏ।ਇਸ ਮੌਕੇ ਇਕੱਠੀਆਂ ਹੋਈਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਸੰਬੋਧਨ ਕਰਦਿਆਂ ਗੁਰਵਿੰਦਰ ਕੌਰ ਬਹਿਰਾਮਪੁਰ ਜ਼ਿਲ੍ਹਾ ਜਰਨਲ ਸਕੱਤਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਦੀਆਂ ਮੰਗਾਂ ਨੂੰ ਲਗਾਤਾਰ ਅਣਗੌਲਿਆਂ ਕੀਤਾ ਜਾ ਰਿਹਾ ਹੈ ਅਤੇ ਸਰਕਾਰ ਨਾਲ ਹੋਈਆਂ ਮੀਟਿੰਗਾਂ ਵਿੱਚ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਜਾ ਰਹੇ।ਇਸੇ ਤਰ੍ਹਾਂ ਡਾਇਰੈਕਟਰ ਨੈਸ਼ਨਲ ਹੈਲਥ ਮਿਸ਼ਨ ਪੰਜਾਬ ਵੱਲੋਂ ਵਾਰ-ਵਾਰ ਮੰਗ ਪੱਤਰ ਦੇਣ ਦੇ ਬਾਵਜੂਦ ਵੀ ਗੱਲਬਾਤ ਲਈ ਸਮਾਂ ਨਾ ਦੇਣ ਕਾਰਨ ਜਥੇਬੰਦੀ ਵੱਲੋਂ 24 ਅਕਤੂਬਰ ਨੂੰ ਡਾਇਰੈਕਟਰ ਦਫ਼ਤਰ ਚੰਡੀਗੜ੍ਹ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਜਥੇਬੰਦੀ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਚੋਣ ਵਾਅਦੇ ਅਨੁਸਾਰ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦਾ ਮਾਣਭੱਤਾ ਅਤੇ ਇਨਸੈਂਟਿਵ ਫੌਰੀ ਤੌਰ ਤੇ ਦੁੱਗਣੇ ਕੀਤੇ ਜਾਣ, ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਘੱਟੋ ਘੱਟ ਉਜਰਤਾਂ ਅਨੁਸਾਰ ਤਨਖਾਹ ਦਿੱਤੀ ਜਾਵੇ ਅਤੇ ਸੇਵਾ ਮੁਕਤੀ 'ਤੇ ਘੱਟੋ ਘੱਟ 5 ਲੱਖ ਰੁਪਏ ਗਰੈਚੁਟੀ ਅਤੇ 10 ਹਜ਼ਾਰ ਰੁਪਏ ਪੈਨਸ਼ਨ ਦਿੱਤੀ ਜਾਵੇ।ਇਸ ਮੌਕੇ ਊਸ਼ਾ ਦੇਵੀ, ਇਕਬਾਲ ਕੌਰ, ਲਖਵਿੰਦਰ ਹਰਮੀਤ ਕੌਰ, ਹਰਜੀਤ ਕੌਰ, ਸੁਰਿੰਦਰ ਕੌਰ, ਪਰਮਿੰਦਰ ਕੌਰ ਆਦਿ ਨੇ ਵੀ ਸੰਬੋਧਨ ਕੀਤਾ।

## ਯੂਥ ਪ੍ਰਧਾਨ ਸੁਖਦੇਵ ਸਿੰਘ ਸੁੱਖ ਦੀ ਅਗਵਾਈ ਹੇਠ ਸੈਂਕੜੇ ਨੌਜਵਾਨ ਝਬਾਲ ਰੈਲੀ 'ਚ ਹੋਏ ਸ਼ਾਮਲ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**- ਤਰਨ ਤਾਰਨ ਵਿਧਾਨ ਸਭਾ ਸੀਟ ਦੀ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਾ ਐਲਾਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਕਸਬਾ ਝਬਾਲ ਵਿੱਚ ਰੱਖੇ ਗਏ ਸੂਬਾ ਪੱਧਰੀ ਇਕੱਠ ਦੌਰਾਨ ਕੀਤਾ ਗਿਆ।ਰੈਲੀ ਵਿੱਚ ਵਿਧਾਨ ਸਭਾ ਹਲਕਾ ਖੇਮਕਰਨ ਤੋਂ ਵਿਧਾਇਕ ਸਰਵਨ ਸਿੰਘ ਧੁੰਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਹਲਕਾ ਖੇਮਕਰਨ ਤੋਂ ਯੂਥ ਪ੍ਰਧਾਨ ਸੁਖਦੇਵ ਸਿੰਘ ਸੁੱਖ ਆਪਣੇ ਸੈਂਕੜੇ ਨੌਜਵਾਨ ਸਾਥੀਆਂ ਸਮੇਤ ਸ਼ਾਮਲ ਹੋਏ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਦੇਵ ਸਿੰਘ ਸੁੱਖ ਨੇ ਕਿਹਾ ਕਿ ਝਬਾਲ ਰੈਲੀ ਵਿੱਚ ਸਮਰਥਕਾਂ ਦੇ ਠਾਠਾਂ ਮਾਰਦੇ ਇਕੱਠ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹਨ।ਸੁੱਖ ਨੇ ਕਿਹਾ ਕਿ ਹਲਕਾ ਖੇਮਕਰਨ ਦੇ ਵਿਧਾਇਕ ਸਰਵਨ ਸਿੰਘ ਧੁੰਨ ਦੀ ਅਗਵਾਈ ਹੇਠ ਉਹ ਆਪਣੇ ਸਾਥੀਆਂ ਸਮੇਤ 150 ਗੱਡੀਆਂ ਦਾ ਕਾਫ਼ਲਾ ਲੈ ਕੇ ਰੈਲੀ ਵਿਚ ਪਹੁੰਚੇ ਹਨ।ਉਨ੍ਹਾਂ ਕਿਹਾ ਕਿ ਹਰਮੀਤ ਸਿੰਘ ਸੰਧੂ ਜ਼ਿਮਨੀ ਚੋਣ ਜਿੱਤ ਕੇ ਭਗਵੰਤ ਮਾਨ ਦੀ ਝੋਲੀ 'ਚ ਪਾਉਣਗੇ।ਇਸ ਮੌਕੇ ਸਰਪੰਚ ਪਲਵਿੰਦਰ ਸਿੰਘ ਸਾਂਡਪੁਰਾ, ਸਰਪੰਚ ਬਲਰਾਜ ਸਿੰਘ ਬੈਂਕਾ, ਕਿਰਪਾ ਸਿੰਘ, ਸੁਖਰਾਜ ਸਿੰਘ, ਬਖਸ਼ੀਸ਼ ਸਿੰਘ, ਤਰਲੋਚਨ ਸਿੰਘ, ਬਲਵਿੰਦਰ ਸਿੰਘ, ਸੇਵਕ ਸਿੰਘ, ਅਮਰੀਕ ਸਿੰਘ, ਬਲਵਿੰਦਰ ਸਿੰਘ, ਅਮਨ ਬਾਜਵਾ, ਸੁਖਵੰਤ ਸਿੰਘ, ਰਵਿੰਦਰ ਸਿੰਘ, ਗੁਰਜੰਟ ਸਿੰਘ, ਰਣਜੀਤ ਸਿੰਘ ਕਾਮਰੇਡ, ਜਸ਼ਨਦੀਪ ਸਿੰਘ, ਗੁਰਪ੍ਰੀਤ ਸਿੰਘ, ਕਰਮਜੀਤ ਸਿੰਘ, ਵਰਿੰਦਰ ਸਿੰਘ ਨਿਰਮਲ ਸਿੰਘ ਮੈਂਬਰ, ਲਵਦੀਪ ਸਿੰਘ ਅਤੇ ਸ਼ਰਨਜੀਤ ਸਿੰਘ ਆਦਿ ਹਾਜ਼ਰ ਸਨ।

## ਨੌਸ਼ਹਿਰਾ ਵਿਖੇ ਚੌਥਾ ਵਿਸ਼ਾਲ ਕਬੱਡੀ ਟੂਰਨਾਮੈਂਟ 12 ਨੂੰ

**ਗੁਰਦਾਸਪੁਰ (ਜਨਕ ਮਹਾਜਨ)**- ਜੇ. ਐੱਫ. ਸੀ. ਕਲੱਬ ਨੌਸ਼ਹਿਰਾ ਬਹਾਦਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਚੌਥਾ ਕਬੱਡੀ ਟੂਰਨਾਮੈਂਟ 12 ਅਕਤੂਬਰ ਨੂੰ ਨੌਸ਼ਹਿਰਾ ਸਟੇਡੀਅਮ ਸ਼ਹੀਦ ਇੰਦਰ ਵਿਖੇ ਪਿੰਡ ਵਾਸੀਆਂ ਤੇ ਭਾਰਤੀ ਪ੍ਰਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਹ ਮੈਚ 12 ਵਜੇ ਦੁਪਹਿਰ ਆਰੰਭ ਹੋ ਕੇ ਦੇਰ ਸ਼ਾਮ ਤੱਕ ਚਲੇਗਾ। ਇਹ ਜਾਣਕਾਰੀ ਪਿੰਡ ਦੇ ਸਰਪੰਚ ਜਿੰਦੀ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਸਾਬਕਾ ਕੈਬਨਿਟ ਮੰਤਰੀ ਤੇ ਮੌਜੂਦਾ ਵਿਧਾਇਕਾ ਅਰੁਣਾ ਚੌਧਰੀ ਅਤੇ ਸੀਨੀਅਰ ਕਾਂਗਰਸੀ ਆਗੂ ਅਸ਼ੋਕ ਚੌਧਰੀ ਕਰਨਗੇ। ਉਨ੍ਹਾਂ ਨੇ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਨੌਜਵਾਨ ਕਾਂਗਰਸੀ ਆਗੂ ਅਭਿਨਵ ਚੌਧਰੀ ਹੋਣਗੇ। ਜੇਤੂ ਕਬੱਡੀ ਟੀਮ ਨੂੰ 17000 ਅਤੇ ਦੂਜੇ ਨੰਬਰ 'ਤੇ ਰਹਿਣ ਵਾਲੀ ਟੀਮ ਨੂੰ 10 ਹਜ਼ਾਰ ਤੇ ਬਾਕੀ ਜੇਤੂ ਟੀਮਾਂ ਨੂੰ 2000 ਇਨਾਮ ਵਜੋਂ ਦਿੱਤੇ ਜਾਣਗੇ।

## ਕੁਲਦੀਪ ਰਾਜ ਨਈਅਰ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸਥਾਨਕ ਕਸਬੇ ਦੇ ਨਾਮਵਰ ਕਾਰੋਬਾਰੀ ਗੁਰੂ ਨਾਨਕ ਆਟੋ ਮੋਬਾਇਲ ਦੇ ਮਾਲਕ ਸੂਰਜ ਕੁਮਾਰ ਨਈਅਰ, ਦੀਪਕ ਨਈਅਰ ਦੇ ਪਿਤਾ ਅਤੇ ਬ੍ਰਹਮ ਗਿਆਨੀ ਸੰਤ ਬਾਬਾ ਗੋਪਾਲ ਦਾਸ ਮਹਾਰਾਜ ਅਤੇ ਬਾਬਾ ਲਾਡੋ ਦੇ ਪਰਮ ਸੇਵਕ ਕੁਲਦੀਪ ਰਾਜ ਨਈਅਰ (68) ਜੋ ਸੰਖੇਪ ਬਿਮਾਰੀ ਦੇ ਚੱਲਦਿਆਂ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਦਾ ਅੰਤਿਮ ਸੰਸਕਾਰ ਸਥਾਨਕ ਕਸਬੇ ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ।ਇਸ ਮੌਕੇ ਗ੍ਰੰਥੀ ਸਿੰਘ ਗੁਰਪ੍ਰੀਤ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਉਨ੍ਹਾਂ ਦੇ ਵੱਡੇ ਸਪੁੱਤਰ ਸੂਰਜ ਨਈਅਰ ਅਤੇ ਛੋਟੇ ਸਪੁੱਤਰ ਦੀਪਕ ਨਈਅਰ ਵੱਲੋਂ ਉਨ੍ਹਾਂ ਦੀ ਚਿਖਾ ਨੂੰ ਅਗਨੀ ਦਿਖਾਈ ਗਈ।ਇਸ ਅੰਤਿਮ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਤੋਂ ਇਲਾਵਾ ਬ੍ਰਹਮ ਗਿਆਨੀ ਬਾਬਾ ਗੋਪਾਲ ਦਾਸ, ਬਾਬਾ ਲਾਡੋ ਦੀਆਂ ਸੰਗਤਾਂ ਨੇ ਸ਼ਾਮਲ ਹੋ ਕੇ ਕੁਲਦੀਪ ਰਾਜ ਨਈਅਰ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਈ ਦਿੱਤੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਪ੍ਰਗਟ ਕੀਤਾ।ਇਸ ਮੌਕੇ ਸੁਰੇਖਾ ਰਾਣੀ, ਰਾਕੇਸ਼ ਕੁਮਾਰ ਨਈਅਰ, ਵਿਜੇ ਨਈਅਰ, ਲਵਲੀ ਨਈਅਰ, ਕੁਮਾਰ ਗੌਰਵ, ਬਾਬਾ ਸ਼ਿਵ ਚਰਨ ਸਿੰਘ ਬੇਦੀ ਕਲਾਨੌਰ, ਹੀਰਾ ਲਾਲ ਬੇਦੀ, ਵਿਜੇ ਕੁਮਾਰ ਬੇਦੀ, ਕ੍ਰਿਸ਼ਨਾ, ਰੋਹਿਤ ਬੇਦੀ, ਅਜੇ ਬਾਊ, ਗੋਰੀ, ਬਵਿਸ਼ ਬੇਦੀ, ਬਾਬਾ ਕਮਲਜੀਤ ਬੇਦੀ, ਅਰਜੁਨ ਬੇਦੀ, ਭਗਤ ਵਿਸ਼ਵਾ ਮਿੱਤਰ, ਰਿੰਪੂ ਮਰਵਾਹਾ, ਅਸ਼ਵਨੀ ਬੇਦੀ, ਸੁਧੀਰ ਬੇਦੀ, ਅਸ਼ਵਨੀ ਅਰੋੜਾ, ਕਰਨਜੀਤ, ਰਾਕੇਸ਼ ਮਹਾਜਨ, ਡਾ. ਸਾਹਿਲ ਮਹਾਜਨ, ਸਾਬਕਾ ਡੀਈਓ ਵਿਨੋਦ ਮੱਤਰੀ, ਪ੍ਰਿੰ. ਰਾਕੇਸ਼ ਮਹਾਜਨ, ਬਲਵਿੰਦਰ ਗੁਪਤਾ, ਇੰਸਪੈਕਟਰ ਅੰਮ੍ਰਿਤਪਾਲ ਸਿੰਘ, ਪ੍ਰਧਾਨ ਜਸਪ੍ਰੀਤ ਸਿੰਘ, ਜੋਬਨਜੀਤ ਸਿੰਘ, ਸਰਬਜੀਤ ਸਿੰਘ, ਅਸ਼ੋਕ ਨਈਅਰ, ਲਾਟੀ ਨਈਅਰ, ਹੀਰਾ ਲਾਲ ਜੰਡਿਆਲ, ਰਾਮ ਲਾਲ ਸ਼ਰਮਾ, ਮਾਸਟਰ ਅਵਤਾਰ ਸਿੰਘ, ਮਲਕੀਤ ਸਿੰਘ, ਵਿਜੇ ਸ਼ਰਮਾ, ਗੁਰਵਿੰਦਰ ਸਿੰਘ, ਕੌਂਸਲਰ ਰਜਤ ਮਰਵਾਹਾ, ਨਰੇਸ਼ ਕੁਮਾਰ ਸੇਠੀ, ਡਾ. ਮਨਮੋਹਨ ਸਿੰਘ ਭੱਟੀ, ਰਾਣਾ ਤੋਂ ਇਲਾਵਾ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



## ਜਸਮੇਲ ਸਿੰਘ ਡੇਅਰੀਵਾਲਾ ਨੇ ਚੋਣ ਲਈ ਦਾਅਵੇਦਾਰੀ ਜਤਾਈ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਪਾਰਟੀ ਵੱਲੋਂ ਹਲਕਾ ਮਹਿਲ ਕਲਾਂ ਤੋਂ ਦਾਅਵੇਦਾਰੀ ਜਤਾਉਣ ਵਾਲੇ ਕਾਂਗਰਸ ਐੱਸ ਸੀ ਡਿਪਾਰਟਮੈਂਟ ਦੇ ਜ਼ਿਲ੍ਹਾ ਚੇਅਰਮੈਨ ਜਸਮੇਲ ਸਿੰਘ ਡੇਅਰੀਵਾਲਾ ਸਾਥਕਾ ਐੱਮ ਸੀ ਨੇ ਆਪਣੇ ਪਰਵਾਰ ਸਮੇਤ ਇਤਿਹਾਸਕ ਗੁਰਦੁਆਰਾ ਸਾਹਿਬ ਜੰਡਸਰ, ਠੁੱਲੀਵਾਲ ਵਿਖੇ ਨਤਮਸਤਕ ਹੋ ਕੇ ਅਰਦਾਸ ਬੇਨਤੀ ਕਰਨ ਉਪਰੰਤ ਕਾਂਗਰਸ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਚੋਣ ਲੜਨ ਦੀ ਦਾਅਵੇਦਾਰੀ ਦਾ ਐਲਾਨ ਕੀਤਾ।ਇਸ ਮੌਕੇ ਡੇਅਰੀਵਾਲਾ ਨੇ ਕਿਹਾ ਕਿ ਉਨ੍ਹਾਂ ਨੂੰ ਕਾਂਗਰਸ ਪਾਰਟੀ ਹਾਈ ਕਮਾਨ ਵੱਲੋਂ ਹਲਕਾ ਮਹਿਲ ਕਲਾਂ ਤੋਂ ਚੋਣ ਲੜਨ ਦੀ ਤਿਆਰੀ ਕਰਨ ਦਾ ਸੰਕੇਤ ਮਿਲਿਆ ਹੈ।ਮੈਨੂੰ ਪੂਰਾ ਭਰੋਸਾ ਹੈ ਕਿ ਪਾਰਟੀ ਮੇਰੀਆਂ ਅਣਥੱਕ ਸੇਵਾਵਾਂ ਤੇ ਵਫ਼ਾਦਾਰੀ ਨੂੰ ਵੇਖਦਿਆਂ ਮੈਨੂੰ ਜ਼ਰੂਰ ਮਾਣ ਦੇਵੇਗੀ। ਉਨ੍ਹਾਂ ਕਿਹਾ ਕਿ ਜਿਵੇਂ ਐੱਮ ਸੀ ਬਣ ਕੇ ਉਨ੍ਹਾਂ ਨੇ ਸ਼ਹਿਰ ਬਰਨਾਲਾ 'ਚ ਰਿਕਾਰਡ ਤੋੜ ਵਿਕਾਸ ਕਰਵਾਇਆ, ਉਸੇ ਤਰਜ਼ 'ਤੇ ਹਲਕਾ ਮਹਿਲ ਕਲਾਂ ਦੇ ਲੋਕਾਂ ਦੀ ਸੇਵਾ ਲਈ ਹੋਰ ਵਧੇਰੇ ਤਨਦੇਹੀ ਨਾਲ ਕੰਮ ਕਰਨਗੇ।ਡੇਅਰੀਵਾਲਾ ਨੇ ਹਲਕੇ ਦੇ ਸਮੂਹ ਲੋਕਾਂ ਨੂੰ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਸਹਿਯੋਗ ਦੀ ਅਪੀਲ ਕੀਤੀ ਹੈ।ਇਸ ਮੌਕੇ ਰਾਣੀ ਕੌਰ ਐੱਮ ਸੀ ਬਰਨਾਲਾ, ਜਗਜੀਤ ਸਿੰਘ, ਮਲਕੀਤ ਕੌਰ ਬਰਨਾਲਾ, ਜੁਗਰਾਜ ਸਿੰਘ ਢੱਡੀ, ਮਹਿੰਦਰ ਕੌਰ ਹਮੀਦੀ, ਮਲਕੀਤ ਕੌਰ ਰਾਣੀ, ਗੁਰਪ੍ਰੀਤ ਕੌਰ, ਲਕਸ਼ਮੀ ਰਾਣੀ ਬਰਨਾਲਾ ਆਦਿ ਹਾਜ਼ਰ ਸਨ।

## ਆਲ ਇੰਡੀਆ ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਨੇ ਦਿੱਤਾ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**
ਆਲ ਇੰਡੀਆ ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਏਟਕ ਵੱਲੋਂ ਆਪਣੇ ਹੱਕੀ ਮੰਗਾਂ ਨੂੰ ਲੈ ਕੇ ਮੋਗਾ ਦੀ ਐਮ.ਐਲ.ਏ ਅਮਨਦੀਪ ਕੌਰ ਅਰੋੜਾ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਗੁਰਚਰਨ ਕੌਰ ਮੋਗਾ, ਛਿੰਦਰ ਕੌਰ ਦੁੱਨੇਕੇ, ਆਂਗਣਵਾੜੀ ਵਰਕਰਾਂ/ਹੈਲਪਰ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ।ਆਂਗਣਵਾੜੀ ਵਰਕਰਾਂ ਹੈਲਪਰਾਂ ਨੂੰ ਛੇ ਮਹੀਨੇ ਤੋਂ ਲੇ ਕੇ ਮਾਣਭੱਤਾ ਨਹੀਂ ਮਿਲਿਆ।ਜਥੇਬੰਦੀ ਮੰਗ ਕਰਦੀ ਹੈ ਕਿ ਮੋਗਾ ਜ਼ਿਲ੍ਹੇ ਵਿੱਚ ਚਲ ਰਹੇ ਪੋਸ਼ਣ ਮੀਟਿੰਗ ਦਵਾ ਕੇ ਇਨ੍ਹਾਂ ਮੰਗਾਂ 'ਤੇ ਮੁਸ਼ਕਲਾਂ ਦਾ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ।ਆਂਗਣਵਾੜੀ ਸੈਂਟਰਾਂ ਦੇ ਬੱਚੇ ਵਾਪਸ ਕੀਤੇ ਜਾਣ।

ਪ੍ਰੀ ਨਰਸਰੀ ਕਲਾਸਾਂ ਆਂਗਣਵਾੜੀ ਸੈਂਟਰਾਂ ਨੂੰ ਦਿੱਤੀਆਂ ਜਾਣ। ਪੰਜਾਬ ਸਰਕਾਰ ਵੱਲੋਂ ਚੋਣ ਮੈਨੀਫੈਸਟੋ ਅਨੁਸਾਰ ਆਂਗਣਵਾੜੀ ਵਰਕਰ ਹੈਲਪਰ ਦਾ ਮਾਣਭੱਤਾ ਦੁਗਣਾ ਕੀਤਾ ਜਾਵੇ। ਓ.ਟੀ.ਪੀ ਤੇ ਈ.ਕੇ.ਵਾਈ.ਸੀ ਬੰਦ ਕਰਕੇ ਕੋਈ ਹੋਰ ਰਸਤਾ ਲੱਭਿਆ ਜਾਵੇ। ਗਰੀਬ ਲੋਕਾਂ ਕੋਲ ਮੋਬਾਇਲ ਫੋਨ ਨਹੀਂ ਹੁੰਦੇ।ਆਂਗਣਵਾੜੀ ਵਰਕਰਾਂ ਨੂੰ ਫੋਨ ਰੀਚਾਰਜ ਕਰਾਉਣ ਲਈ 500 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ।ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਰੂਲਾਂ ਦੇ ਨਿਯਮਾਂ ਵਿੱਚ ਸੋਧ ਕੀਤੀ ਜਾਵੇ।ਹਰ ਪਿੰਡ ਵਿੱਚ ਆਂਗਣਵਾੜੀ ਦੀ ਇਮਾਰਤ ਬਣਾਈ ਜਾਵੇ, ਜਿਸ ਵਿੱਚ ਰਸੋਈ ਘਰ ਬਾਥਰੂਮ ਸਟੋਰ ਬਿਜਲੀ ਪਾਣੀ ਫਰਨੀਚਰ ਤੇ ਖੇਡਾਂ ਦਾ ਸਮਾਨ ਐਜੂਕੇਸ਼ਨ ਨਾਲ ਸਬੰਧਿਤ ਚਾਰਟ ਬੱਚਿਆਂ ਦੀਆਂ ਵਰਦੀਆਂ ਤੇ ਸਟੇਸ਼ਨਰੀ ਦਿੱਤੀ ਜਾਵੇ।ਟੀ.ਐਚ.ਆਰ ਵਿੱਚ ਵਾਧਾ ਕੀਤਾ ਜਾਵੇ ਤੇ ਡੀ. ਏ ਲਾਗੂ ਕੀਤਾ ਜਾਵੇ।ਰਾਸ਼ਨ ਬਣਾਉਣ ਲਈ ਬਾਲਣ ਦੇ ਪੈਸੇ ਦੋ ਰੁਪਏ ਪ੍ਰਤੀ ਲਾਭਪਾਤਰੀ ਦਿੱਤੇ ਜਾਣ ਵਿਦੇਸ਼ ਜਾਣ ਲਈ ਐਮਰਜੈਂਸੀ ਛੁੱਟੀ ਦਿੱਤੀ ਜਾਵੇ।ਅਡੀਸ਼ਨ ਚਾਰਜ ਦਾ ਮਾਣਭੱਤਾ 3000 ਪ੍ਰਤੀ ਮਹੀਨਾ ਦਿੱਤਾ ਜਾਵੇ ਤੇ ਆਂਗਣਵਾੜੀ ਹੈਲਪਰਾਂ ਦੀ ਵਿਧਵਾ ਪੈਨਸ਼ਨ ਬਹਾਲ ਰੱਖੀ ਜਾਵੇ।ਸੀ.ਬੀ.ਈ ਤੇ ਪੀ.ਐਮ.ਐਮ.ਵੀ ਬਾਰੇ ਦੇ ਬਕਾਏ ਤੁਰੰਤ ਦਿੱਤੇ ਜਾਣ।ਆਂਗਣਵਾੜੀ ਵਰਕਰਾਂ ਹੈਲਪਰਾਂ ਨੂੰ ਹਰ ਮਹੀਨੇ ਦੀ ਪੰਜ ਤਰੀਕ ਤੱਕ ਪਹਿਲਾਂ ਮਾਣਭੱਤਾ ਦੇਣਾ ਯਕੀਨੀ ਬਣਾਇਆ ਜਾਵੇ, ਜੇਕਰ ਛੇ ਮਹੀਨੇ ਦਾ ਮਾਣਭੱਤਾ ਇੱਕ-ਦੋ ਦਿਨਾਂ ਵਿੱਚ ਨਾ ਦਿੱਤਾ ਤਾਂ ਆਂਗਣਵਾੜੀ ਵਰਕਰ ਵੱਲੋਂ ਸਿਰਫ ਸੈਂਟਰ ਹੀ ਓਪਨ ਕੀਤੇ ਜਾਣ।

## ਕੇਂਦਰ ਵੱਲੋਂ ਫਸਲਾਂ ਦੇ ਸਮਰਥਨ ਮੁੱਲ 'ਚ ਵਾਧਾ ਸ਼ਲਾਘਾਯੋਗ : ਸ਼ੇਖੋਂ



**ਨਿਹਾਲ ਸਿੰਘ ਵਾਲਾ (ਲਵਲੀ ਮਾਣੂੰਕੇ)**-ਕੇਂਦਰ ਸਰਕਾਰ ਵੱਲੋਂ ਫਸਲਾਂ ਦੇ ਸਮਰਥਨ ਮੁੱਲ 'ਚ ਵਾਧਾ ਕਰਨਾ ਸ਼ਲਾਘਾਯੋਗ ਕਦਮ ਹੈ, ਕਿਉਂਕਿ ਇਸ ਨਾਲ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ।ਇਹ ਪ੍ਰਗਟਾਵਾ ਕਿਸਾਨ ਵਿੰਗ ਦੇ ਭਾਜਪਾ ਆਗੂ ਹਰਿੰਦਰ ਸਿੰਘ ਸ਼ੇਖੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਜਦੋਂ ਤੋਂ ਕੇਂਦਰ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਸਰਕਾਰ ਬਣੀ ਹੈ ਤਾਂ ਦੇਸ਼ ਤਰੱਕੀ ਦੀਆਂ ਲੀਹਾਂ 'ਤੇ ਤੁਰਿਆ ਹੈ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਹਰ ਖਿੱਤੇ ਦਾ ਧਿਆਨ ਰੱਖਿਆ ਗਿਆ ਹੈ, ਉਸ 'ਚ ਭਾਵੇਂ ਕਿਸਾਨ ਹੋਵੇ ਜਾਂ ਮਜ਼ਦੂਰ ਜਾਂ ਵਪਾਰੀ ਵਰਗ।ਪੰਜਾਬ ਸਰਕਾਰ 'ਤੇ ਸ਼ਬਦੀ ਹਮਲਾ ਬੋਲਦੇ ਹੋਏ ਭਾਜਪਾ ਆਗੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਕਰਕੇ ਸੱਤਾ ਹਾਸਲ ਕੀਤੀ ਸੀ, ਉਨ੍ਹਾਂ 'ਚੋਂ ਇੱਕ ਵੀ ਵਾਅਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੂਰਾ ਨਹੀਂ ਕੀਤਾ, ਜਿਸ ਕਰਕੇ ਪੰਜਾਬ ਦੇ ਲੋਕ ਤ੍ਰਾਹ-ਤ੍ਰਾਹ ਕਰ ਰਹੇ ਹਨ।

## ਹਰਪ੍ਰੀਤ ਘੁੰਮਣ 'ਆਪ' ਦੇ ਬਲਾਕ ਪ੍ਰਧਾਨ ਬਣੇ



**ਸਨੌਰ (ਰਾਜਿੰਦਰ ਸਿੰਘ ਚਿੱਟ)**-ਆਮ ਆਦਮੀ ਪਾਰਟੀ ਵੱਲੋਂ ਹਰਪ੍ਰੀਤ ਸਿੰਘ ਘੁੰਮਣ ਸ਼ੇਖੂਪੁਰ ਨੂੰ ਉਨ੍ਹਾਂ ਵੱਲੋਂ ਪਾਰਟੀ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਦੇਖਦੇ ਹੋਏ ਬਲਾਕ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਪ੍ਰਧਾਨ ਨਿਯੁਕਤ ਹੋਣ 'ਤੇ ਉਨ੍ਹਾਂ ਪਾਰਟੀ ਹਾਈਕੋਮਾਨ ਦਾ ਧੰਨਵਾਦ ਕਰਦੇ ਕਿਹਾ ਕਿ ਉਹ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਇੱਕ ਕਰ ਦੇਣਗੇ।ਹਰਪ੍ਰੀਤ ਸਿੰਘ ਘੁੰਮਣ ਨੂੰ ਬਲਾਕ ਸਨੌਰ ਦੇ ਪ੍ਰਧਾਨ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ।ਘੁੰਮਣ ਨੇ ਕਿਹਾ ਕਿ ਪਾਰਟੀ ਵੱਲੋਂ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਦਿੱਤੀ ਗਈ ਹੈ, ਉਹ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਮਿਹਨਤ ਕਰਨਗੇ ਤੇ ਪਾਰਟੀ ਦੇ ਹਿੱਤਾਂ ਲਈ ਕੰਮ ਕਰਨਗੇ। ਉਨ੍ਹਾਂ ਭਗਵੰਤ ਸਿੰਘ ਮਾਨ, ਪੰਜਾਬ ਪ੍ਰਧਾਨ ਅਮਨ ਅਰੋੜਾ ਤੇ ਹਲਕਾ ਸਨੌਰ ਦੇ ਵਿਚਾਰਕ ਰਣਜੋਧ ਸਿੰਘ ਹਡਾਣਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਉਨ੍ਹਾਂ ਜੋ ਮੇਰੇ 'ਤੇ ਵਿਸ਼ਵਾਸ ਪ੍ਰਗਟਾਇਆ ਹੈ, ਮੈਂ ਉਸ 'ਤੇ ਪੂਰੀ ਇਮਾਨਦਾਰੀ ਨਾਲ ਖਰਾ ਉਤਰਾਂਗਾ।ਹਰਪ੍ਰੀਤ ਸਿੰਘ ਘੁੰਮਣ ਨੂੰ ਬਲਾਕ ਪ੍ਰਧਾਨ ਬਣਨ 'ਤੇ ਪਿੰਡ ਹਸਨਪੁਰ ਪ੍ਰੋਹਤਾ ਵਿਖੇ ਸੁਰਿੰਦਰ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਚੌਥਾ ਕਬੱਡੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ



**ਧੂਰੀ (ਮਹਿਤ ਗਰਗ, ਬਿੰਨੀ ਗਰਗ, ਮਨੋਹਰ ਸਿੰਘ ਸੱਗੂ)**-ਬਾਬਾ ਅਟੱਲ ਰਾਏ ਸਪੋਰਟਸ ਐਂਡ ਵੈਲਫ਼ੇਅਰ ਕਲੱਬ ਧੂਰੀ ਵੱਲੋਂ ਪ੍ਰਧਾਨ ਬਲਦੇਵ ਸਿੰਘ ਮਾਨ ਦੀ ਅਗਵਾਈ ਹੇਠ ਚੌਥਾ ਕਬੱਡੀ ਟੂਰਨਾਮੈਂਟ ਸ਼ਾਨੋ-ਸ਼ੌਕਤ ਤੇ ਉਤਸ਼ਾਹ ਨਾਲ ਸੰਪੰਨ ਹੋਇਆ।ਖੇਡ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀਆਂ ਨੇ ਹਾਜ਼ਰੀ ਭਰੀ ਤੇ ਖਿਡਾਰੀਆਂ ਦਾ ਹੌਸਲਾ ਵਧਾਇਆ। ਟੂਰਨਾਮੈਂਟ ਦੌਰਾਨ ਖਾਸ ਮਹਿਮਾਨ ਵਜੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓਐਸਡੀ ਸੁਖਵੀਰ ਸਿੰਘ, ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ, ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਪੰਜਾਬ ਫੂਡ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਤੇ ਪਾਰਟੀ ਦੇ ਸੂਬਾਈ ਆਗੂ ਅਮਰਦੀਪ ਸਿੰਘ ਧਾਂਦਰਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਬਚੇਲ ਸਿੰਘ ਢਿੱਲੋਂ ਵੱਲੋਂ 41 ਹਜ਼ਾਰ ਰੁਪਏ ਅਤੇ ਹਰਸਿਮਰਨ ਸਿੰਘ ਚੀਮਾਂ ਵੱਲੋਂ 31 ਹਜ਼ਾਰ ਰੁਪਏ ਦੇ ਇਨਾਮ ਦਿੱਤੇ ਗਏ।ਓ ਐਸ ਡੀ ਸੁਖਵੀਰ ਸਿੰਘ ਨੇ ਕਿਹਾ ਕਿ ਪੰਜਾਬੀ ਖੇਡ ਕਬੱਡੀ ਸਾਡੀ ਸੱਭਿਆਚਾਰਕ ਵਿਰਾਸਤ ਹੈ ਤੇ ਇਸ ਨੂੰ ਹੋਰ ਵਧਾਉਣ ਲਈ ਸਰਕਾਰ ਅਤੇ ਖੇਡ ਪ੍ਰੇਮੀ ਹਮੇਸ਼ਾ ਯੋਗਦਾਨ ਪਾਉਂਦੇ ਰਹਿਣਗੇ।ਉਨ੍ਹਾਂ ਕਲੱਬ ਵੱਲੋਂ ਕਰਾਏ ਗਏ ਇਸ ਖੇਡ ਸਮਾਰੋਹ ਦੀ ਪ੍ਰਸ਼ੰਸਾ ਕੀਤੀ ਅਤੇ ਖਿਡਾਰੀਆਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਮੁਕਾਬਲਿਆਂ ਦੌਰਾਨ ਖਿਡਾਰੀਆਂ ਨੇ ਵਧੀਆ ਪ੍ਰਦਰਸ਼ਨ ਕੀਤਾ।ਫਾਈਨਲ ਰਾਊਂਡ ਵਿੱਚ ਨੰਦਪੁਰ ਸਾਹਨੇਵਾਲ ਦੀ ਟੀਮ ਨੇ ਸ਼ਾਨਦਾਰ ਖੇਡ ਦਿਖਾਉਂਦਿਆਂ ਪਹਿਲਾ ਸਥਾਨ ਪ੍ਰਾਪਤ ਕੀਤਾ ਜਦਕਿ ਘਰਾਚੋਂ ਦੀ ਟੀਮ ਦੂਜੇ ਸਥਾਨ 'ਤੇ ਰਹੀ।ਜਿੱਤਣ ਵਾਲੀਆਂ ਟੀਮਾਂ ਨੂੰ ਟ੍ਰਾਫੀਆਂ ਤੇ ਨਕਦ ਇਨਾਮ ਭੇਟ ਕੀਤੇ ਗਏ।

## ਬਾਬਾ ਫਰੀਦ ਲਾਅ ਕਾਲਜ ਵਿਖੇ ਕੁਇਜ਼ ਮੁਕਾਬਲਾ ਕਰਵਾਇਆ



**ਫਰੀਦਕੋਟ (ਅਲੈਗਜ਼ੈਂਡਰ ਡਿਸੂਜ਼ਾ)**-ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਨੇ ਵਿਦਿਆਰਥੀਆਂ ਦੇ ਗਿਆਨ ਤੇ ਆਤਮਵਿਸ਼ਵਾਸ ਨੂੰ ਵਧਾਉਣ ਲਈ ਇੱਕ ਕੁਇਜ਼ ਮੁਕਾਬਲਾ ਕਰਵਾਇਆ।ਇਹ ਮੁਕਾਬਲਾ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ।ਬੀ.ਏ.ਐੱਲ.ਐੱਲ.ਬੀ. ਭਾਗ-3 ਮੁਕਾਬਲਾ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਲਈ ਆਯੋਜਿਤ ਕੀਤਾ ਗਿਆ, ਜਿਸ ਵਿੱਚ ਕਾਲਜ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਗਿਆਨਕ ਮੁਕਾਬਲੇ ਵਿੱਚ ਨਿਤਿਆ, ਅਰਸ਼ਦੀਪ ਕੌਰ ਤੇ ਮੁਸਕਾਨਪ੍ਰੀਤ ਕੌਰ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਪਹਿਲਾ ਸਥਾਨ ਪ੍ਰਾਪਤ ਕੀਤਾ।ਸ਼ਿਵਾ, ਕੋਸ਼ਵ ਤੇ ਮਹਿਕ ਦੀ ਟੀਮ ਨੇ ਇੱਕ ਕਰੀਬੀ ਮੁਕਾਬਲੇ ਤੋਂ ਬਾਅਦ ਦੂਜਾ ਸਥਾਨ ਪ੍ਰਾਪਤ ਕੀਤਾ।ਪ੍ਰੋਗਰਾਮ ਦੇ ਅੰਤ ਵਿੱਚ ਮੁੱਖ ਮਹਿਮਾਨ ਡਾ. ਪੰਕਜ ਕੁਮਾਰ ਗਰਗ ਨੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਅਤੇ ਸਾਰੇ ਭਾਗੀਦਾਰਾਂ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੇ ਆਤਮਵਿਸ਼ਵਾਸ ਨੂੰ ਵਧਾਉਂਦੇ ਹਨ ਤੇ ਉਨ੍ਹਾਂ ਨੂੰ ਅੱਗੇ ਵਧਣ ਦੀ ਹਿੰਮਤ ਦਿੰਦੇ ਹਨ।ਪ੍ਰਿੰਸੀਪਲ ਡਾ. ਗਰਗ ਨੇ ਸਹਾਇਕ ਪ੍ਰੋਫੈਸਰਾਂ ਦੀਪਿਕਾ ਕੱਕੜ, ਮਨਪ੍ਰੀਤ ਕੌਰ ਤੇ ਸੁਪ੍ਰੀਤ ਕੌਰ ਨੂੰ ਵੀ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ, ਜਿਨ੍ਹਾਂ ਇਸ ਸਫਲ ਸਮਾਗਮ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਲਈ ਸਖ਼ਤ ਮਿਹਨਤ ਕੀਤੀ।ਇਸ ਮੌਕੇ ਕਾਲਜ ਦੀ ਅਕਾਦਮਿਕ ਇੰਚਾਰਜ ਡਾ. ਨਵਜੋਤ ਕੌਰ ਮੌਜੂਦ ਸਨ।

## ਝਾੜ ਸਾਹਿਬ ਕਾਲਜ ਵਿਖੇ ਗੁਰਮਤਿ ਸਮਾਗਮ ਅੱਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ ਗੁਰਮਤਿ ਸਮਾਗਮ 5 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਦੱਸਿਆ ਕਿ ਇਹ ਗੁਰਮਤਿ ਸਮਾਗਮ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਦਿਵਸ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਤ ਹੋਵੇਗਾ। ਉਨ੍ਹਾਂ ਦੱਸਿਆ ਕਿ 5 ਅਕਤੂਬਰ ਨੂੰ ਸਵੇਰੇ 9.30 ਵਜੇ ਤੋਂ 1 ਵਜੇ ਤੱਕ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੁਖਵੰਤਜੀਤ ਸਿੰਘ, ਭਾਈ ਦਿਲਬਰ ਸਿੰਘ ਕੀਰਤਨ ਰਾਹੀਂ ਸੰਗਤਾਂ ਨੂੰ ਬਾਣੀ ਨਾਲ ਜੋੜਨਗੇ। ਇਸ ਤੋਂ ਇਲਾਵਾ ਕਥਾਵਾਚਕ ਬਾਬਾ ਬੂਟਾ ਸਿੰਘ ਸੰਗਤਾਂ ਨੂੰ ਗੁਰੂ ਇਤਿਹਾਸ ਤੋਂ ਜਾਣੂ ਕਰਵਾਉਣਗੇ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵੀ ਵਰਤਾਏ ਜਾਣਗੇ।

## ਬਾਬਾ ਫਰੀਦ ਸਕੂਲ ਛੱਤਿਆਣਾ ਵਿਖੇ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸਮਾਪਤ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**
ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਵਿਖੇ ਯੁਵਕ ਸੇਵਾਵਾਂ ਵਿਭਾਗ ਦੇ ਕੁਲਵਿੰਦਰ ਸਿੰਘ ਡਿਪਟੀ ਡਾਇਰੈਕਟਰ ਪੰਜਾਬ ਅਤੇ ਦਵਿੰਦਰ ਲੋਟੇ ਅਸਿਸਟੈਂਟ ਡਾਇਰੈਕਟਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਦੇ ਪ੍ਰਿੰਸੀਪਲਮੈਡਮ ਪਰਮਜੀਤ ਕੌਰ ਦੀ ਯੋਗ ਅਗਵਾਈ ਵਿੱਚ ਸੱਤ ਰੋਜ਼ਾ ਐੱਨਐੱਸਐੱਸ ਕੈਂਪ ਦਾ ਸਮਾਪਤੀ ਸਮਾਰੋਹ ਕਰਾਇਆ ਗਿਆ।ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਰਜਿੰਦਰ ਸੋਨੀ ਸਹਾਇਕ ਜਿਲਾ ਸਿੱਖਿਆ ਅਫਸਰ, ਡਿਪਟੀ ਕਾਉਂਸਲਰ ਸੁਨੀਲ ਜੱਗਾ, ਸਤਪਾਲ ਮੋਹਲਾਂ ਐੱਮਡੀ ਸੀਜੀਐੱਮ ਕਾਲਜ ਅਤੇ ਸਵਰਨਜੀਤ ਸਿੰਘ ਮੋਲਣ ਐੱਮਡੀ ਨਿਊ ਮਾਲਵਾ ਸਕੂਲ ਮੋਲਣ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਵੱਖ-ਵੱਖ ਬੁਲਾਰਿਆਂ ਵੱਲੋਂ ਐੱਨਐੱਸਐੱਸ ਵਲੰਟੀਅਰਾਂ ਨੂੰ ਸਕੂਲ ਵੱਲੋਂ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਅਤੇ ਸਮਾਜਿਕ ਸਮਾਜ ਦੀ ਭਲਾਈ ਲਈ ਅੱਗੇ ਹੋ ਕੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ।ਇਸ ਮੌਕੇ ਐੱਨਐੱਸਐੱਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰੋਗਰਾਮ ਅਫਸਰ ਬਲਕਰਨ ਸਿੰਘ ਬਰਾੜ ਲੈਕਚਰਾਰ ਸੁਖਦੀਪ ਤੇ ਸਿੰਘ ਮਾਨ ਪੰਜਾਬੀ ਲੈਕਚਰਾਰ ਨੇ ਦੱਸਿਆ ਕਿ ਇਸ ਕੈਂਪ ਵਿੱਚ 11ਵੀਂ ਤੇ 12ਵੀਂ ਜਮਾਤ ਦੇ ਦੋ ਯੂਨਿਟਾਂ ਵਿੱਚ ਕੁੱਲ 100 ਐੱਨਐੱਸਐੱਸ ਵਲੰਟੀਅਰ 50 ਲੜਕੀਆਂ ਤੇ 50 ਲੜਕੇ ਭਾਗ ਲਿਆ, ਐੱਨਐੱਸਐੱਸ ਕੈਂਪ ਦੀ ਰੋਜ਼ਾਨਾ ਸ਼ੁਰੂਆਤ ਗੁਰਜੋਤ ਸਿੰਘ ਲੈਕਚਰਾਰ ਕੈਮਿਸਟਰੀ ਵੱਲੋਂ ਵਲੰਟੀਅਰਾਂ ਨੂੰ ਯੋਗ ਆਸਣ ਕਰਵਾ ਕੇ ਕਰਵਾਉਂਦੇ ਹਨ, ਐੱਨਐੱਸਐੱਸ ਵਲੰਟੀਅਰਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਵਿੱਦਿਅਕ ਟੂਰ ਅਤੇ ਵੱਖ-ਵੱਖ ਵਿਸ਼ਿਆਂ ਤੇ ਸੈਮੀਨਾਰ ਲਗਾਏ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਚੰਗੇ ਨਾਗਰਿਕ ਬਣਨ ਲਈ ਐੱਨਐੱਸਐੱਸ ਕੈਂਪ ਬਹੁਤ ਸਹਾਈ ਸਿੱਧ ਹੁੰਦੇ ਹਨ।ਇਸ ਮੌਕੇ ਐੱਨਐੱਸਐੱਸ ਵਲੰਟੀਅਰਾਂ ਨੂੰ ਸਰਟੀਫਿਕੇਟ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਗੁਰਜੋਤ ਸਿੰਘ ਲੈਕਚਰਾਰ ਕੈਮਿਸਟਰੀ ਨੇ ਬਖੂਬੀ ਨਿਭਾਈ।ਇਸ ਮੌਕੇ ਜਗਮੀਤ ਸਿੰਘ, ਬੇਅੰਤ ਕੌਰ, ਗੁਰਪ੍ਰੀਤ ਕੌਰ, ਸ਼ਰਨਜੋਤ ਕੌਰ, ਸੁਖਜਿੰਦਰ ਕੌਰ, ਲਵਪ੍ਰੀਤ ਕੌਰ, ਮਨਦੀਪ ਕੌਰ, ਅਮਨਦੀਪ ਕੌਰ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

## 'ਸਵੱਛਤਾ ਹੀ ਸੇਵਾ ਹੈ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰੀਸ਼ਦ ਵਿਖੇ ਸਮਾਰੋਹ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-'ਸਵੱਛਤਾ ਹੀ ਸੇਵਾ ਹੈ' ਮੁਹਿੰਮ ਤਹਿਤ ਕਾਰਜਕਾਰੀ ਇੰਜੀਨੀਅਰ ਰਜਤ ਗੋਪਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰੀਸ਼ਦ ਹਾਲ ਵਿਖੇ ਸਮਾਰੋਹ ਹੋਇਆ, ਜਿਸ 'ਚ ਵੱਖ-ਵੱਖ ਸਕੂਲੀ ਵਿਦਿਆਰਥੀਆਂ ਤੇ ਪਿੰਡਾਂ ਦੀਆਂ ਪੰਚਾਇਤਾਂ ਨੇ ਭਾਗ ਲਿਆ। ਇਸ ਸਮਾਰੋਹ ਦੌਰਾਨ ਸਵੱਛਤਾ ਮੁਹਿੰਮ 'ਚ ਵਧੀਆ ਕੰਮ ਕਰਨ ਵਾਲੀਆਂ ਪੰਚਾਇਤਾਂ ਤੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਐੱਸਡੀਈ ਗੁਰਤੇਜ ਸਿੰਘ, ਬੀਆਰਸੀ ਸੁਖਪਾਲ, ਅਨੀਤਾ ਰਾਣੀ, ਵਿਨੋਦ ਕੁਮਾਰ, ਮੰਗਤ, ਅਮ੍ਰਿਤਪਾਲ ਆਦਿ ਹਾਜ਼ਰ ਸਨ।

## ਕਾਕਾ ਬਰਾੜ ਨੇ ਮੁਕਤਸਰ ਵਿਖੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਬਾਬਤ ਪੁਖਤਾ ਪ੍ਰਬੰਧ ਕੀਤੇ ਗਏ ਹਨ ਤੇ ਖਰੀਦ ਸਬੰਧੀ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਸ੍ਰੀ ਮੁਕਤਸਰ ਸਾਹਿਬ ਦੀ ਮੰਡੀ ਵਿੱਚ ਝੋਨੇ ਦੀ ਖ਼ਰੀਦ ਸ਼ੁਰੂ ਕਰਵਾਉਣ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਏ.ਡੀ.ਸੀ. ਜਨਰਲ) ਗੁਰਪ੍ਰੀਤ ਸਿੰਘ ਥਿੰਦ ਵੀ ਮੌਜੂਦ ਸਨ।ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਝੋਨੇ ਦੀ ਖਰੀਦ ਲਈ ਸਰਕਾਰ ਵੱਲੋਂ ਕੁੱਲ ਵਿੱਚ ਨਮੀ ਦੀ ਵੱਧ ਤੋਂ ਵੱਧ ਮਾਤਰਾ 17 ਫੀਸਦੀ ਨਿਰਧਾਰਤ ਕੀਤੀ ਗਈ ਹੈ ਤੇ ਇਸ ਮਾਪਦੰਡ ਵਿੱਚ ਆਉਣ ਵਾਲੇ ਦਾਣੇ-ਦਾਣੇ ਦੀ ਨਿਰਵਿਘਨ ਖਰੀਦ ਯਕੀਨੀ ਬਣਾਈ ਜਾਵਾਂਗੀ।ਉਨ੍ਹਾਂ ਕਿਹਾ ਕਿ ਇਸ ਵਾਰ ਬਾਰਦਾਨਾ, ਲੇਬਰ ਤੇ ਢੋਆ ਦੁਆਈ ਦੇ ਪ੍ਰਬੰਧ ਮੁਕੰਮਲ ਹਨ। ਮੰਡੀਆਂ ਵਿੱਚੋਂ ਖਰੀਦ ਕੀਤੇ ਝੋਨੇ ਦੀ ਚੁਕਾਈ 72 ਘੰਟਿਆਂ ਦੇ ਅੰਦਰ ਅੰਦਰ ਕੀਤੀ ਜਾਵੇਗੀ ਅਤੇ ਤੈਅ ਸਮੇਂ ਮੁਤਾਬਕ ਕਿਸਾਨਾਂ ਨੂੰ ਅਦਾਇਗੀ ਕੀਤੀ ਜਾਵੇਗੀ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ ਜਗਸੀਰ ਕੁਮਾਰ ਚਰਨਾ, ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਇਕਬਾਲ ਸਿੰਘ ਵੜਿੰਗ, ਕੱਚਾ ਆੜ੍ਹਤੀ ਐਸੋਸੀਏਸ਼ਨ ਬਰੀਵਾਲਾ ਦੇ ਪ੍ਰਧਾਨ ਅਜੇ ਗਰਗ, ਮਾਰਕੀਟ ਕਮੇਟੀ ਦੇ ਚੇਅਰਮੈਨ ਸਰਜੀਤ ਸਿੰਘ ਸੰਧੂ, ਸਮੂਹ ਖਰੀਦ ਏਜੰਸੀਆਂ ਦੇ ਅਧਿਕਾਰੀ ਤੇ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।

## ਕਿੰਡਰ ਗਾਰਟਨ ਸਕੂਲ ਨੇ ਖੇਡਾਂ 'ਚ ਮਾਰੀਆਂ ਮੱਲਾਂ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਐਥਲੈਟਿਕ ਮੀਟ ਲੁਧਿਆਣਾ ਵਿਖੇ ਹੋਈ, ਜਿਸ ਵਿੱਚ ਸਮਰਾਲੇ ਜ਼ੋਨ ਤੋਂ ਸਥਾਨਕ ਕਿੰਡਰ ਗਾਰਟਨ ਸਕੂਲ ਦੇ ਵਿਦਿਆਰਥੀਆਂ ਹਰਕੀਰਤ ਸਿੰਘ ਨੇ ਅੰਡਰ-19 ਲੜਕਿਆਂ ਹੈਮਰ ਥਰੋਅ ਵਿੱਚ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ।ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ ਨੇ ਦੱਸਿਆ ਕਿ ਹਰ ਸਾਲ ਇਸ ਸਕੂਲ ਦੇ ਬੱਚੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਮੈਡਲ ਜਿੱਤ ਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਦੇ ਹਨ।

ਉਨ੍ਹਾਂ ਬੱਚਿਆਂ ਨੂੰ ਉਤਸ਼ਾਹਤ ਕਰਦਿਆਂ ਕਿਹਾ ਕਿ ਖੇਡਾਂ ਮੱਨੁਖੀ ਜੀਵਨ ਦਾ ਅਟੁੱਟ ਹਿੱਸਾ ਹਨ। ਖੇਡਾਂ ਜਿੱਥੇ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ, ਉਥੇ ਮਾਨਸਿਕ ਤੌਰ 'ਤੇ ਹੋਣ ਵਾਲੀਆਂ ਬਿਮਾਰੀਆਂ ਤੋਂ ਵੀ ਬਚਾਉਂਦੀਆਂ ਹਨ।ਖੇਡਾਂ ਇੱਕ ਵਿਦਿਆਰਥੀ ਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀਆਂ ਹਨ ਤੇ ਨਸ਼ਿਆਂ ਤੋਂ ਵੀ ਦੂਰ ਰੱਖਦੀਆਂ ਹਨ।ਅੰਤ ਵਿੱਚ ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ, ਡਾਇਰੈਕਟਰ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਤੇ ਸਮੂਹ ਸਟਾਫ਼ ਨੇ ਬੱਚਿਆਂ ਅਤੇ ਡੀ. ਪੀ. ਮੈਡਮ ਹਰਪ੍ਰੀਤ ਕੌਰ ਨੂੰ ਵਧਾਈਆਂ ਦਿੱਤੀਆਂ ਤੇ ਬੱਚਿਆਂ ਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ।

## ਬਾਬਾ ਵਿਸਾਖੀ ਦਾਸ ਦੀ ਬਰਸੀ ਧੂਮਧਾਮ ਨਾਲ ਮਨਾਈ



**ਚੀਮਾ ਮੰਡੀ (ਰਵਿੰਦਰ ਚੀਮਾ)**-ਸਿੱਧ ਸਮਾਧਾਂ ਬੀਰ ਕਲਾਂ ਵਿਖੇ ਹਰ ਸਾਲ ਦੀ ਤਰ੍ਹਾਂ ਬਾਬਾ ਵਿਸਾਖੀ ਦਾਸ ਦੀ ਯਾਦ ਵਿੱਚ ਦਸਵੀਂ ਬਰਸੀ ਧੂਮ-ਧਾਮ ਨਾਲ ਮਨਾਈ ਗਈ। ਦਸਹਿਰੇ ਵਾਲੇ ਦਿਨ ਚੰਦਰ ਸਿਧਾਂਤ ਸਾਗਰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸਾਨਤਾ ਨੰਦ ਬੀਰੋਕਿਆਂ ਵਾਲੇ ਤੇ ਸਵਾਮੀ ਚੰਦਰਮਣੀ ਸ਼ੇਰੋ ਵਾਲੇ ਨੇ ਪ੍ਰਵਚਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਸੰਗਤਾਂ ਨੂੰ ਸਿੱਧ ਸਮਾਧਾਂ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਇਸ ਮੌਕੇ ਦੇਸ਼ਾਂ ਵਿਦੇਸ਼ਾਂ ਵਿੱਚੋਂ ਸੰਗਤਾਂ ਨੇ ਹਾਜ਼ਰ ਹੋ ਕੇ ਆਪਣੀ ਹਾਜ਼ਰੀ ਲਗਾਈ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੀਰ ਬਾਬਾ ਪੂਰਨ ਨਾਥ ਹੀਰੋ ਕਲਾਂ ਵਾਲੇ ਪੀਰ ਬਾਬਾ ਰੂਪ ਨਾਥ ਸਰਹਾਲੀ ਵਾਲੇ ਮਹੰਤ ਪ੍ਰਕਾਸ਼ਮਣੀ ਹਰਿਦੁਆਰ ਵਾਲੇ ਮਹਾਨ ਮਹਾਂ ਮਹੇਸ਼ਵਰ ਸਵਾਮੀ ਜੋਗਿੰਦਰ ਨੰਦ ਸੰਗਰੀਆਂ, ਮੰਡੀ ਵਾਲੇ ਮਹੰਤ ਸਾਨਤਾ ਨੰਦ, ਬੀਰੋਕੇ ਵਾਲੇ ਮਹੰਤ ਰਮੇਸ਼ ਮੁਨੀ ਭਾਗੀ, ਬਾਂਦਰ ਵਾਲੇ ਸਵਾਮੀ ਚੰਦਰ ਮੁਨੀ, ਸ਼ੇਰੋ ਵਾਲੇ ਮਹੰਤ ਭੂਮਾ ਨੰਦ, ਰਾਏਪੁਰ ਵਾਲੇ ਮਹੰਤ ਨੌਮੀ ਦਾਸ, ਭੀਖੀ ਵਾਲੇ ਮਹੰਤ ਜਮਨਾ ਦਾਸ, ਦੂਨੇ ਵਾਲੇ ਮਹੰਤ ਮੱਖਣ ਮੁਨੀ, ਡੂਮ ਵਾਲੇ ਮਹੰਤ ਰਾਮ ਦਾਸ, ਚੱਠਿਆਂ ਵਾਲੇ ਮਹੰਤ ਕ੍ਰਿਸ਼ਨ ਮੁਨੀ, ਭੀਖੀ ਵਾਲੇ ਮਹੰਤ ਮੋਰਾਰੀ ਦਾਸ ਸ਼ਾਮਲ ਹੋਏ। ਇਸ ਮੌਕੇ ਸਿੱਧ ਸਮਾਧਾਂ ਦੇ ਗੱਦੀ ਨਸ਼ੀਨ ਬਾਬਾ ਰੁੜਕੀ ਦਾਸ ਨੇ ਬਾਹਰੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰੂ ਕਾ ਲੰਗਰ ਟੁੱਟ ਵਰਤਿਆ ਅਤੇ ਸਮੂਹ ਪਿੰਡ ਵਾਸੀ ਤੇ ਸੇਵਾਦਾਰ ਹਾਜ਼ਰ ਸਨ।

## ਵਿਧਾਇਕ ਤੇ ਐੱਸ ਡੀ ਐੱਮ ਨੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ



**ਜਲਾਲਾਬਾਦ (ਜੀਤ ਕੁਮਾਰ)**-ਜਲਾਲਾਬਾਦ ਦੇ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਅਤੇ ਐਸ.ਡੀ.ਐਮ. ਕੰਵਰਜੀਤ ਸਿੰਘ ਮਾਨ ਨੇ ਦਾਣਾ ਮੰਡੀ 'ਚ ਪਹੁੰਚ ਕੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਫਸਲ ਦਾ ਇਕ-ਇਕ ਦਾਣਾ ਚੁੱਕਿਆ ਜਾਵੇਗਾ ਤੇ ਕਿਸੇ ਕਿਸਾਨ ਭਰਾ ਨੂੰ ਖੱਜਲ ਨਹੀਂ ਹੋਣ ਦਿੱਤਾ ਜਾਵੇਗਾ। ਵਿਧਾਇਕ ਸ੍ਰੀ ਗੋਲਡੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੀ ਫਸਲ ਦੀ ਨਾਲੋਂ ਨਾਲ ਖਰੀਦ ਕਰਕੇ ਕਿਸਾਨਾਂ ਨੂੰ ਉਨ੍ਹਾਂ ਦੀ ਬਣਦੀ ਰਕਮ 48 ਘੰਟੇ ਵਿੱਚ ਅਦਾ ਕਰਨ ਲਈ ਵਚਨਬੱਧ ਹੈ। ਇਸ ਮੌਕੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਅਤੇ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਕਰਨ ਦੌਰਾਨ ਕਿਸੇ ਵੀ ਕਿਸਾਨ ਆੜ੍ਹਤੀਏ ਜਾਂ ਮੰਡੀ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਕੋਈ ਦਿੱਕਤ ਨਾ ਆਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ 'ਚ ਸੁੱਕੀ ਫਸਲ ਹੀ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਮੰਡੀ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ ਤੇ ਮੰਡੀਆਂ ਵਿੱਚ ਭੀੜ ਦੀ ਸਮੱਸਿਆ ਨਾ ਬਣੇ। ਇਸ ਮੌਕੇ ਸਕੱਤਰ ਮਾਰਕੀਟ ਕਮੇਟੀ ਸੌਰਵ ਕੁਮਾਰ, ਮਾਰਕੀਟ ਕਮੇਟੀ ਚੇਅਰਮੈਨ ਦੇਵਰਾਜ ਸ਼ਰਮਾ ਆਦਿ ਹਾਜ਼ਰ ਸਨ।

## ਹੜ੍ਹ ਪੀੜਤਾਂ ਲਈ 21 ਹਜ਼ਾਰ ਦੀ ਰਾਸ਼ੀ ਭੇਟ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਭੱਟੀਆਂ ਦੇ ਵਿਦਿਆਰਥੀਆਂ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ 21 ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ ਗਈ। ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ 'ਰੰਗਲਾ ਪੰਜਾਬ' ਮੁਹਿੰਮ ਤਹਿਤ ਇਕੱਤਰ ਕੀਤੀ ਰਾਸ਼ੀ ਐੱਸ.ਡੀ.ਐੱਮ. ਸਮਰਾਲਾ ਰਜਨੀਸ਼ ਅਰੋੜਾ ਨੂੰ ਭੇਟ ਕੀਤੀ। ਐੱਸ.ਡੀ.ਐੱਮ. ਸਮਰਾਲਾ ਨੇ ਸਕੂਲ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਲਾਕੇ ਦੀਆਂ ਜਥੇਬੰਦੀਆਂ ਤੇ ਹੋਰ ਪਤਵੰਤੇ ਸੱਜਣਾਂ ਨੂੰ ਸਰਕਾਰ ਦੀ ਮੁਹਿੰਮ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਪੀੜਤ ਪਰਵਾਰਾਂ ਦੀ ਸਹਾਇਤਾ ਕੀਤੀ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਮੈਨੇਜਰ ਵਿਕਰਮਜੀਤ ਸਿੰਘ ਮੌਜੂਦ ਸਨ।

## ਗਹਿਣੇ ਚੋਰੀ ਹੋਣ ਦੇ ਮਾਮਲੇ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਸੋਨੇ ਦੇ ਗਹਿਣੇ ਚੋਰੀ ਹੋ ਜਾਣ ਦੇ ਕਥਿਤ ਮਾਮਲੇ 'ਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮੁਕੱਦਮਾ ਦਰਜ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਜਤਿੰਦਰ ਸਿੰਘ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ 2011 ਵਿੱਚ ਉਸ ਦਾ ਵਿਆਹ ਕਰਮਜੀਤ ਕੌਰ ਨਾਲ ਹੋਇਆ ਸੀ।ਵਿਆਹ ਤੋਂ ਕਰੀਬ 7/8 ਸਾਲ ਬਾਅਦ ਉਸ ਦੀ ਪਤਨੀ ਨੂੰ ਕੈਂਸਰ ਹੋ ਗਿਆ।ਉਹ ਭਾਰਤੀ ਫੌਜ 'ਚ ਨੌਕਰੀ ਕਰਦਾ ਸੀ, ਜਿਸ ਕਾਰਨ ਉਸ ਦੀ ਪਤਨੀ ਨੇ ਆਪਣੇ ਇੱਕ ਭਤੀਜੇ ਨੂੰ ਕੋਲ ਰੱਖ ਲਿਆ, ਜਿਸ ਤੋਂ ਬਾਅਦ ਉਹ ਫੌਜ ਦੀ ਨੌਕਰੀ ਤੋਂ ਰਿਟਾਇਰਮੈਂਟ ਲੈ ਕੇ ਆਪਣੀ ਪਤਨੀ ਦਾ ਇਲਾਜ ਕਰਵਾਉਣ ਲੱਗ ਪਿਆ, ਜੋ ਉਨ੍ਹਾਂ ਕੋਲ ਸੋਨੇ ਦੇ ਗਹਿਣੇ ਸਨ, ਉਹ ਉਨ੍ਹਾਂ ਨੇ ਘਰ ਦੇ ਅੰਦਰ ਹੀ ਟੋਆ ਪੁੱਟ ਕੇ ਦੱਬ ਦਿੱਤੇ, ਜਿਸ ਬਾਰੇ ਉਸ ਦੀ ਪਤਨੀ ਤੇ ਪਤਨੀ ਦੇ ਭਤੀਜੇ ਨੂੰ ਵੀ ਪਤਾ ਸੀ।ਕੁਝ ਸਮੇਂ ਬਾਅਦ ਉਸ ਦੀ ਪਤਨੀ ਦੀ ਮੌਤ ਹੋ ਗਈ ਤੇ ਉਹ ਪੁਲਸ ਵਿੱਚ ਭਰਤੀ ਹੋ ਗਿਆ।ਹੁਣ ਕਿਸੇ ਪ੍ਰੋਗਰਾਮ 'ਤੇ ਗਹਿਣੇ ਪਾਉਣ ਲਈ ਜਦੋਂ ਉਸ ਨੇ ਉਕਤ ਥਾਂ ਨੂੰ ਪੁੱਟ ਕੇ ਦੇਖਿਆ ਤਾਂ ਉਥੋਂ ਗਹਿਣੇ ਗਾਇਬ ਸਨ।ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕੇ ਉਸ ਦੇ ਸੋਨੇ ਦੇ ਗਹਿਣੇ ਉਸ ਦੀ ਮਰ ਚੁੱਕੀ ਪਤਨੀ ਦੇ ਉਕਤ ਭਤੀਜੇ ਨੇ ਚੋਰੀ ਕੀਤੇ ਹਨ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਬਿਜਲੀ ਸਬਸਿਡੀ ਗ਼ਰੀਬਾਂ ਨਾਲ ਕੋਝਾ ਮਜ਼ਾਕ, ਖਜ਼ਾਨਾ ਵੱਡੇ ਸਨਅਤਕਾਰਾਂ ਤੇ ਵੱਡੀਆਂ ਜਗੀਰਾਂ ਵਾਲਿਆਂ ਨੂੰ ਲੁਟਾਇਆ ਜਾ ਰਿਹਾ : ਲਾਭ ਅਕਲੀਆ

**ਬਰਨਾਲਾ (ਰਾਜਿੰਦਰ ਬਰਾੜ)**-ਇੱਕ ਪੰਜਾਬੀ ਅਖ਼ਬਾਰ ਵਿੱਚ ਛਪੀ ਰਿਪੋਰਟ ਤੋਂ ਬਾਅਦ ਪਤਾ ਲੱਗਿਆ ਹੈ ਕਿ ਸੱਤਾਧਾਰੀ ਹਾਕਮ ਜਮਾਤਾਂ ਸਰਕਾਰੀ ਖਜ਼ਾਨੇ ਨੂੰ ਸਬਸਿਡੀ ਦੇ ਰੂਪ 'ਚ ਪੰਜਾਬ ਦੇ ਵੱਡੇ ਸਨਅਤਕਾਰਾਂ ਤੇ ਵੱਡੀਆਂ ਜਗੀਰਾਂ ਦੇ ਮਾਲਕਾਂ ਨੂੰ ਕਿਵੇਂ ਲੁਟਾ ਰਹੀਆਂ ਹਨ।ਸੀਪੀਆਈ (ਐੱਮ ਐੱਲ) ਰੈੱਡ ਸਟਾਰ ਦੇ ਸੂਬਾ ਸਕੱਤਰ ਕਾਮਰੇਡ ਲਾਭ ਸਿੰਘ ਅਕਲੀਆ ਨੇ ਭਗਵੰਤ ਮਾਨ ਸਰਕਾਰ ਦੀਆਂ ਗ਼ਰੀਬ ਮਾਰੂ ਤੇ ਖਜ਼ਾਨਾ ਲੁਟਾਊ ਨੀਤੀਆਂ ਦਾ ਤਿੱਖਾ ਵਿਰੋਧ ਕਰਦਿਆਂ ਕਿਹਾ ਕਿ ਸਰਕਾਰ ਇੱਕ ਪਾਸੇ ਖਜ਼ਾਨਾ ਖ਼ਾਲੀ ਹੋਣ ਦਾ ਰੋਣਾ ਰੋ ਰਹੀ ਹੈ ਤੇ ਦੂਜੇ ਪਾਸੇ ਇਸ ਸਾਲ 22 ਹਜ਼ਾਰ ਕਰੋੜ ਰੁਪਏ ਸਬਸਿਡੀ ਦੇ ਰੂਪ 'ਚ ਪਾਵਰਕਾਮ ਨੂੰ ਦੇ ਕੇ ਹੋਰ ਬੋਝ ਪਾ ਰਹੀ ਹੈ।ਆਗੂ ਨੇ ਕਿਹਾ ਕਿ ਸੂਬੇ ਵਿੱਚ ਧੜਾ-ਧੜ ਮਸ਼ੀਨੀਕਰਨ ਹੋ ਜਾਣ ਕਰਕੇ ਗ਼ਰੀਬ ਲੋਕਾਂ ਨੂੰ ਕਿਧਰੇ ਕੰਮ ਨਹੀਂ ਮਿਲ ਰਿਹਾ, ਉਲਟਾ ਭਗਵੰਤ ਮਾਨ ਸਰਕਾਰ ਨੇ ਮਨਰੇਗਾ ਦਾ ਕੰਮ ਵੀ ਬੰਦ ਕਰ ਦਿੱਤਾ ਹੈ। ਉਨ੍ਹਾਂ ਗ਼ਰੀਬ ਪਰਵਾਰਾਂ ਨੂੰ ਦਸ ਹਜ਼ਾਰ ਤੋਂ ਲੈ ਕੇ ਵੀਹ-ਵੀਹ ਹਜ਼ਾਰ ਰੁਪਏ ਦੇ ਬਿਜਲੀ ਦੇ ਬਿੱਲ ਆ ਰਹੇ ਹਨ, ਪਰ ਜਿਹੜੇ ਅਰਬਾਂ-ਖ਼ਰਬਾਂ ਪਤੀ ਸਨਅਤਕਾਰਾਂ ਤੇ ਵੱਡੀਆਂ ਜ਼ਮੀਨਾਂ ਜਾਇਦਾਦਾਂ ਦੇ ਮਾਲਕਾਂ ਨੂੰ ਬਿਜਲੀ ਫਰੀ ਕੀਤੀ ਹੋਈ ਹੈ, ਉਨ੍ਹਾਂ ਦਾ ਹਜ਼ਾਰਾਂ ਕਰੋੜ ਰੁਪਏ ਬਿਜਲੀ ਦਾ ਬਿੱਲ ਸਰਕਾਰੀ ਖਜ਼ਾਨੇ ਵਿੱਚੋਂ ਭਰਿਆ ਜਾ ਰਿਹਾ ਹੈ।ਆਗੂ ਨੇ ਇਹ ਵੀ ਕਿਹਾ ਕਿ ਇਹ ਗ਼ਰੀਬ ਤੇ ਬੇਜ਼ਮੀਨੇ ਲੋਕਾਂ ਦੇ ਨਾਲ ਸ਼ਰੇਆਮ ਕੋਝਾ ਮਜ਼ਾਕ ਕੀਤਾ ਜਾ ਰਿਹਾ ਹੈ, ਜਿਨ੍ਹਾਂ ਗ਼ਰੀਬ ਲੋਕਾਂ ਕੋਲ ਕੋਈ ਆਮਦਨ ਦਾ ਵਸੀਲਾ ਨਹੀਂ ਹੈ, ਜਿਹੜੇ ਮੌਕੇ ਸਿਰ ਬਿਜਲੀ ਦਾ ਬਿੱਲ ਨਹੀਂ ਭਰ ਸਕਦੇ, ਬਿਜਲੀ ਮੁਲਾਜ਼ਮ ਹਰ ਰੋਜ਼ ਉਨ੍ਹਾਂ ਦੇ ਮੀਟਰ ਪੁੱਟ ਕੇ ਦੀਵੇ ਗੁੱਲ ਕਰ ਰਹੇ ਹਨ।ਆਗੂ ਨੇ ਕਿਹਾ ਕਿ ਹਾਕਮ ਜਮਾਤਾਂ ਵੱਖ ਵੱਖ ਸਮੇਂ ਵੱਡੇ ਸਰਮਾਏਦਾਰਾਂ ਤੋਂ ਸਿਰਫ਼ ਚੋਣ ਫੰਡ ਲੈਣ ਦੀ ਖ਼ਾਤਰ ਉਨ੍ਹਾਂ ਨੂੰ ਭਾਰੀ ਰਿਆਇਤਾਂ ਦੇ ਗੱਫ਼ੇ ਦਿੰਦੀਆਂ ਆ ਰਹੀਆਂ ਹਨ ਅਤੇ ਚੋਣਾਂ ਸਮੇਂ ਗ਼ਰੀਬ ਲੋਕਾਂ ਨਾਲ ਕੀਤੀਆਂ ਸਭ ਗਰੰਟੀਆਂ ਠੰਡੇ ਬਸਤੇ ਵਿੱਚ ਪਾ ਦਿੱਤੀਆਂ।ਇੱਕ ਪਾਸੇ ਲਗਾਤਾਰ ਸਰਕਾਰੀ ਖ਼ਜ਼ਾਨਾ ਲੁਟਾਇਆ ਜਾ ਰਿਹਾ ਹੈ, ਦੂਜੇ ਪਾਸੇ ਭਗਵੰਤ ਮਾਨ ਸਰਕਾਰ ਵੱਲੋਂ ਹੋਰ ਕਰਜ਼ਾ ਲੈ-ਲੈ ਕੇ ਪੰਜਾਬ ਦੀ ਜਨਤਾ ਸਿਰ ਕਰੀਬ ਚਾਰ ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹਾ ਦਿੱਤਾ ਹੈ।ਆਗੂ ਨੇ ਮੰਗ ਕੀਤੀ ਕਿ ਵੱਡੇ ਸਨਅਤਕਾਰਾਂ ਤੇ ਵੱਡੀਆਂ ਜਗੀਰਾਂ-ਜਾਇਦਾਦਾਂ ਦੇ ਮਾਲਕਾਂ ਨੂੰ ਸਭ ਤਰ੍ਹਾਂ ਦੀਆਂ ਰਿਆਇਤਾਂ/ਸਬਸਿਡੀਆਂ ਦੇਣੀਆਂ ਬੰਦ ਕੀਤੀਆਂ ਜਾਣ, ਪੰਜ ਏਕੜ ਤੱਕ ਵਾਲੇ ਕਿਸਾਨਾਂ ਨੂੰ ਹਰ ਸਹੂਲਤ ਦੇ ਕੇ ਪੈਰਾਂ ਸਿਰ ਕੀਤਾ ਜਾਵੇ।ਪੜ੍ਹੇ ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇ, ਮਨਰੇਗਾ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਤੇ ਦਿਹਾੜੀ ਵਧਾ ਕੇ ਇੱਕ ਹਜ਼ਾਰ ਕੀਤੀ ਜਾਵੇ।ਔਰਤਾਂ ਦੇ ਖਾਤਿਆਂ ਵਿੱਚ ਇੱਕ ਹਜ਼ਾਰ ਰੁਪਏ ਬਕਾਏ ਸਮੇਤ ਪਾਏ ਜਾਣ।ਦੋ ਰੁਪਏ ਕਿੱਲੋ ਵਾਲੀ ਕਣਕ ਬਕਾਏ ਸਮੇਤ ਜਾਰੀ ਕੀਤੀ ਜਾਵੇ।ਗ਼ਰੀਬ ਪਰਵਾਰਾਂ ਨੂੰ ਸਵੈ-ਰੋਜ਼ਗਾਰ ਲਈ ਤਿੰਨ ਲੱਖ ਰੁਪਏ ਬਿਨਾਂ ਵਿਆਜ ਤੋਂ ਕਰਜ਼ਾ ਦਿੱਤਾ ਜਾਵੇ, ਹੜ੍ਹਾਂ ਵਿੱਚ ਜਿਨ੍ਹਾਂ ਲੋਕਾਂ ਦੇ ਘਰ ਤੇ ਡੰਗਰ ਪਸ਼ੂਆਂ ਦਾ ਨੁਕਸਾਨ ਹੋ ਗਿਆ ਹੈ, ਨੂੰ ਯੋਗ ਸਹਾਇਤਾ ਦੇ ਕੇ ਪੈਰਾਂ ਸਿਰ ਕੀਤਾ ਜਾਵੇ।

## ਸਿਹਤ ਬਲਾਕ ਫਤਿਹਗੜ੍ਹ ਪੰਜਗਰਾਈਆਂ ਅਧੀਨ ਫੋਗਿੰਗ ਕਰਵਾਈ



**ਸ਼ੇਰਪੁਰ (ਰਵੀ ਟਿੱਬਾ)**-ਸਿਵਲ ਸਰਜਨ ਮਲੇਰਕੋਟਲਾ ਡਾ. ਸੰਜੇ ਗੋਇਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਐਪੀਡੀਮੋਲੋਜਿਸਟ ਡਾ. ਮੁਨੀਰ ਮੁਹੰਮਦ ਤੇ ਸੀਨੀਅਰ ਮੈਡੀਕਲ ਅਫਸਰ ਇ.ਪੀ.ਐੱਚ.ਸੀ. ਫਤਿਹਗੜ੍ਹ ਪੰਜਗਰਾਈਆਂ ਡਾ. ਗੁਰਪ੍ਰਕਾਸ਼ ਸਿੰਘ ਭਿੰਡਰ ਦੀ ਯੋਗ ਅਗਵਾਈ ਹੇਠ ਸਿਹਤ ਬਲਾਕ ਫਤਿਹਗੜ੍ਹ ਪੰਜਗਰਾਈਆਂ ਅਧੀਨ ਪੈਂਦੇ ਵੱਖ-ਵੱਖ ਪਿੰਡਾਂ ਵਿੱਚ ਨਗਰ ਪੰਚਾਇਤਾਂ ਦੇ ਸਹਿਯੋਗ ਨਾਲ ਫੋਗਿੰਗ ਕਰਵਾਈ ਗਈ।ਇਸ ਮੌਕੇ ਹੈਲਥ ਇੰਸਪੈਕਟਰ ਗੁਲਜ਼ਾਰ ਖਾਨ ਤੇ ਬਲਾਕ ਐਜੂਕੇਟਰ ਜਗਸੀਰ ਸਿੰਘ ਟਿੱਬਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਡੇਂਗੂ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਇਹ ਫੋਗਿੰਗ ਕਰਵਾਈ ਗਈ ਹੈ ਤਾਂ ਕਿ ਡੇਂਗੂ, ਮਲੇਰੀਆ ਤੇ ਚਿਕਨਗੁਣੀਆ ਵਰਗੀਆਂ ਬਿਮਾਰੀਆਂ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਡੇਂਗੂ ਤੋਂ ਬਚਾਅ ਲਈ ਆਪਣੇ ਘਰ ਤੇ ਆਲੇ-ਦੁਆਲੇ ਸਾਫ਼-ਸਫਾਈ ਰੱਖਣੀ ਚਾਹੀਦੀ ਹੈ ਤੇ ਇਸ ਦੇ ਨਾਲ ਹੀ ਮੱਛਰਾਂ ਤੋਂ ਬਚਾਅ ਦੇ ਉਪਾਅ ਕਰਨੇ ਬਹੁਤ ਜ਼ਰੂਰੀ ਹਨ।ਡੇਂਗੂ ਦੇ ਲੱਛਣਾਂ ਬਾਰੇ ਗੱਲ ਕਰਦੇ ਉਨ੍ਹਾਂ ਕਿਹਾ ਕਿ ਤੇਜ਼ ਬੁਖਾਰ, ਸਰੀਰ ਤੇ ਜੋੜਾਂ ਵਿੱਚ ਦਰਦ, ਚਮੜੀ ਉੱਤੇ ਰੈਸ਼, ਅੱਖਾਂ ਦੇ ਪਿੱਛੇ ਦਰਦ, ਨੱਕ ਜਾਂ ਮੂੰਹ ਤੋਂ ਖੂਨ ਆਉਣਾ ਡੇਂਗੂ ਦੇ ਲੱਛਣ ਹੋ ਸਕਦੇ ਹਨ।ਜੇਕਰ ਕੋਈ ਵੀ ਵਿਅਕਤੀ ਡੇਂਗੂ ਤੋਂ ਪੀੜਤ ਹੋ ਜਾਂਦਾ ਹੈ ਤਾਂ ਉਸ ਨੂੰ ਜਲਦੀ ਤੋਂ ਜਲਦੀ ਆਪਣੇ ਨੇੜੇ ਦੇ ਸਿਹਤ ਕੇਂਦਰ ਵਿੱਚ ਜਾ ਕੇ ਆਪਣੇ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਤੇ ਡਾਕਟਰ ਦੀ ਸਲਾਹ ਨਾਲ ਹੀ ਲੋੜੀਂਦਾ ਇਲਾਜ ਲੈਣਾ ਚਾਹੀਦਾ ਹੈ।ਇਸ ਮੌਕੇ ਚਮਕੌਰ ਸਿੰਘ ਮਪਹਵ (ਮ), ਤਰਸੇਮ ਸਿੰਘ ਮਪਹਵ (ਮ), ਸੂਬੇਦਾਰ ਬਾਰਾ ਸਿੰਘ, ਗੁਰਦੀਪ ਸਿੰਘ ਮੈਂਬਰ ਪੰਚਾਇਤ, ਚਰਨ ਸਿੰਘ ਤੇ ਲੋਕ ਹਾਜ਼ਰ ਸਨ।

## ਚੇਅਰਮੈਨ ਬਰਾੜ ਵੱਲੋਂ ਝੋਨੇ ਦੀ ਖਰੀਦ ਸ਼ੁਰੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾ ਦਾਣਾ ਮੰਡੀਆਂ ਵਿੱਚੋਂ ਚੁੱਕਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਸਰਕਾਰ ਵੱਲੋਂ ਕਿਸਾਨਾਂ ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਾ ਆਵੇ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮੰਡੀਆਂ ਵਿੱਚ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਅਨਾਜ ਮੰਡੀ ਘੱਗਾ ਵਿਖੇ ਝੋਨੇ ਦੀ ਖਰੀਦ ਦੀ ਰਸਮੀ ਸ਼ੁਰੂਆਤ ਕਰਨ ਨੂੰ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਕਿਹਾ ਕਿ ਸੂਬੇ ਵਿੱਚ ਆਏ ਭਿਆਨਕ ਹੜ੍ਹਾਂ ਅਤੇ ਬੇਮੌਸਮੀ ਪਈ ਭਾਰੀ ਬਰਸਾਤ ਦੀ ਵਜ੍ਹਾ ਕਾਰਨ ਕਿਸਾਨਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ ਪਰ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਹੀਂ ਆਉਣ ਦੇਵੇਗੀ।ਖਰੀਦ ਏਜੰਸੀਆਂ ਵੱਲੋਂ ਮੰਡੀਆਂ ਵਿੱਚ ਖਰੀਦ ਪ੍ਰਬੰਧ ਪੂਰੀ ਤਰ੍ਹਾਂ ਮੁਕੰਮਲ ਕੀਤੇ ਗਏ ਹਨ।ਚੇਅਰਮੈਨ ਬਰਾੜ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਝੋਨੇ ਦੀ ਫਸਲ ਨੂੰ ਪੂਰੀ ਤਰ੍ਹਾਂ ਪੱਕਣ ਉਪਰੰਤ ਸੁਕਾ ਕੇ ਹੀ ਮੰਡੀਆਂ ਵਿੱਚ ਲੈ ਕੇ ਆਉਣ ਤਾਂ ਕਿ ਉਨਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨਾਜ ਮੰਡੀ ਆੜ੍ਹਤੀ ਐਸੋਸੀਏਸ਼ਨ ਘੱਗਾ ਦੇ ਪ੍ਰਧਾਨ ਚਿਮਨ ਲਾਲ ਕਲਵਾਨੂੰ, ਆਪ ਆਗੂ ਪ੍ਰੀਤ ਗਿੱਲ ਅਤੇ ਸਾਬਕਾ ਸਰਪੰਚ ਬਲਜੀਤ ਸਿੰਘ ਸਹੋਤਾ ਹਾਜ਼ਰ ਸਨ।

## ਦੁਸਹਿਰੇ ਮੌਕੇ ਬਲਕਾਰ ਸਿੱਧੂ ਨੂੰ ਮੰਗ ਪੱਤਰ ਸੌਂਪਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਗੁਰੂ ਹਰਗੋਬਿੰਦ ਸਾਹਿਬ ਥਰਮਲ ਪਲਾਂਟ ਲਹਿਰ ਮੁਹੱਬਤ ਦੀ ਟੈਕਨੀਕਲ ਸਰਵਿਸ ਯੂਨੀਅਨ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ ਤੇ ਆਗੂਆਂ ਵੱਲੋਂ 'ਆਪ' ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੂੰ ਮੁਲਾਜ਼ਮਾਂ ਦੀਆਂ ਭਖਦੀਆਂ ਮੰਗਾਂ ਦਾ ਹੱਲ ਕਰਨ ਲਈ ਸਰਕਾਰੀ ਗਰਾਊਂਡ ਵਿਖੇ ਦੁਸਹਿਰੇ ਦੇ ਤਿਉਹਾਰ ਮੌਕੇ 'ਤੇ ਮੰਗ ਪੱਤਰ ਦਿੱਤਾ ਗਿਆ, ਜਿਸ 'ਚ ਮੁਲਾਜ਼ਮਾਂ ਨੂੰ ਪੇ ਕਮਿਸ਼ਨ ਦਾ ਏਰੀਅਰ ਦੇਣ ਸੰਬੰਧੀ, 2004 ਤੋਂ ਭਰਤੀ ਹੋਏ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਨਿਯਮ 1972 ਅਨੁਸਾਰ ਲਾਗੂ ਕਰਨ ਸੰਬੰਧੀ, ਗੁਰੂ ਹਰਗੋਬਿੰਦ ਸਾਹਿਬ ਥਰਮਲ ਪਲਾਂਟ ਤੇ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਰੋਪੜ ਦੇ ਫਾਇਰ ਤੇ ਸੇਫਟੀ ਸੈੱਲ ਦੇ ਮੁਲਾਜ਼ਮਾਂ ਨੂੰ ਉਤਪਾਦਨ ਭੱਤਾ 60% ਤੋਂ ਵਧਾ ਕੇ 100% ਕਰਨ ਸੰਬੰਧੀ ਕਿਉਂਕਿ ਰੋਪੜ ਥਰਮਲ ਪਲਾਂਟ ਤੇ ਲਹਿਰ ਮੁਹੱਬਤ ਥਰਮਲ ਪਲਾਂਟ ਵਿੱਚ ਕੇਵਲ 9 ਕ੍ਰਮਚਾਰੀਆ ਹੀ ਫਾਇਰ ਤੇ ਸੇਫਟੀ ਸੈੱਲ 'ਚ ਕੰਮ ਕਰਦੇ ਹਨ।17/07/2020 ਵਾਲੇ ਮੁਲਾਜ਼ਮਾਂ ਨੂੰ ਸੇਵਾ ਪੇਅ ਕਮਿਸ਼ਨ ਲਾਗੂ ਕਰਨ ਸੰਬੰਧੀ, ਥਰਮਲ ਪਲਾਂਟਾਂ 'ਚ ਪਿਛਲੇ 8 ਸਾਲਾਂ ਤੋਂ ਨਵੀਂ ਭਰਤੀ ਨਹੀਂ ਹੋਈ, ਰਿਟਾਇਰਮੈਂਟ ਹੋਣ ਕਰਕੇ ਸੈਂਕੜੇ ਪੋਸਟਾਂ ਖਾਲੀ ਪਈਆਂ ਹਨ।ਸਿੱਧੀ ਭਰਤੀ ਰਾਹੀ ਖਾਲੀ ਪੋਸਟਾਂ ਖਾਲੀ ਭਰੀਆਂ ਜਾਣ।2005 ਤੋਂ ਸੇਵਾ ਨਿਭਾਅ ਰਹੇ ਵਰਕਚਾਰਜ ਕਾਮਿਆਂ ਨੂੰ ਰੈਗੂਲਰ ਕਰਨ ਉਪਰੰਤ ਛੇਵਾਂ ਪੇਅ ਕਮਿਸ਼ਨ ਲਾਗੂ ਕੀਤਾ ਜਾਵੇ, ਤਰੱਕੀ ਤੇ ਸਿੱਧੀ ਭਰਤੀ ਰਾਹੀਂ ਆਏ ਟੀ. ਜੀ-2/ਜੇ.ਪੀ.ਏ/ਈ.ਜੀ ਦਾ ਸਕੇਲ ਬਰਾਬਰ ਕਰਨ ਸੰਬੰਧੀ।ਥਰਮਲ ਕੈਟਗਰੀਆਂ ਨੂੰ ਜੇ.ਈ ਦੇ ਬਰਾਬਰ ਸੁਰੂਆਤੀ ਸਕੇਲ 19260/- ਦੇਣ, ਥਰਮਲ ਪਲਾਂਟਾ ਅੰਦਰ ਸਵਾਹ ਵਾਲੇ ਟਰੱਕਾਂ ਨੂੰ ਅਲੱਗ ਰਸਤਾ ਬਣਾਉਣ ਸੰਬੰਧੀ ਤੇ ਥਰਮਲ ਪਲਾਂਟ ਦੇ ਮੁਲਾਜ਼ਮਾਂ ਨੂੰ ਬਰਸਾਤਾਂ ਦੇ ਮੌਸਮ ਵਿੱਚ ਰੇਨ ਕੋਟ ਦੇਣ ਸੰਬੰਧੀ ਜਥੇਬੰਦੀ ਦੇ ਆਗੂਆ ਨੇ ਵਿਧਾਇਕ ਬਲਕਾਰ ਸਿੰਘ ਸਿੱਧੂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਭਰੋਸਾ ਦਿੱਤਾ ਕਿ ਤੁਹਾਡੀਆਂ ਮੰਗਾ ਦਾ ਹੱਲ ਪਾਵਰਕਾਮ ਦੇ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਨਾਲ ਮੀਕਟਿੰਗ ਕਰਾ ਕੇ ਕਰਾਇਆ ਜਾਵੇਗਾ।

## ਵਿਗਿਆਨ ਮੇਲੇ 'ਚ ਸਰਵਹਿੱਤਕਾਰੀ ਵਿੱਦਿਆ ਮੰਦਰ ਨੇ ਮਾਰੀਆਂ ਮੱਲਾਂ



**ਭੀਖੀ (ਗੁਰਿੰਦਰ ਸਿੰਘ ਔਲਖ)**
ਅਖਿਲ ਭਾਰਤੀ ਸਿੱਖਿਆ ਸੰਸਥਾਨ ਦੁਆਰਾ ਆਯੋਜਤ ਸ੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਵਿਗਿਆਨ ਅਤੇ ਚੇਤਨ ਸਿੰਘ ਸਰਵਹਿੱਤਕਾਰੀ ਵਿੱਦਿਆ ਮੰਦਰ ਮਾਨਸਾ ਵਿਖੇ ਗਣਿਤ ਦੇ ਇਕਰੋਜ਼ਾ ਵਿਭਾਗ ਪੱਧਰੀ ਵਿਗਿਆਨ ਮੇਲੇ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਸੀ.ਬੀ.ਐਸ.ਈ. ਦਾ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ।ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਬੜੇ ਹੀ ਫ਼ਖ਼ਰ ਦੀ ਗੱਲ ਹੈ ਕਿ ਇਸ ਵਿਭਾਗ ਪੱਧਰੀ ਮੁਕਾਬਲੇ ਵਿੱਚ ਵਿੱਦਿਆ ਮੰਦਰ ਦੇ ਸ਼ਿਸ਼ੂ ਵਰਗ ਦੇ ਬੱਚਿਆਂ ਨੇ ਵਿਗਿਆਨ ਪ੍ਰਸ਼ਨ ਮੰਚ ਅਤੇ ਪੱਤਰ ਵਾਚਨ ਵਿੱਚ ਪਹਿਲਾ, ਪ੍ਰਯੋਗ ਵਿੱਚ ਦੂਜਾ, ਦੋ ਮਾਡਲ ਪਹਿਲੇ, ਇੱਕ ਮਾਡਲ ਦੂਜੇ, ਦੋ ਮਾਡਲ ਤੀਜੇ ਸਥਾਨ ਤੇ ਰਹੇ।ਬਾਲ ਵਰਗ ਦੇ ਮਾਡਲਾਂ ਵਿੱਚੋਂ ਦੋ ਮਾਡਲ ਦੂਜੇ, ਦੋ ਮਾਡਲ ਤੀਜੇ ਸਥਾਨ ਤੇ ਪ੍ਰਯੋਗ ਕਿਰਿਆ ਵਿੱਚ ਬਾਲ ਵਰਗ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਪ੍ਰਸ਼ਨ ਮੰਚ ਮੁਕਾਬਲੇ ਵਿੱਚ ਬਾਲ ਵਰਗ ਨੇ ਪਹਿਲਾ ਸਥਾਨ ਤੇ ਪੱਤਰ ਵਾਚਨ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਇਸੇ ਤਰ੍ਹਾਂ ਹੀ ਕਿਸ਼ੋਰ ਵਰਗ ਦੇ ਵਿਦਿਆਰਥੀਆਂ ਦਾ ਮੈਗਨੇਟਿਕ ਇਫੈਕਟ ਮਾਡਲ ਪਹਿਲੇ, ਕੰਟਰੋਲ ਪ੍ਰਦੂਸ਼ਣ, ਫੂਡ ਪਰਸ਼ਰਵੇਸ਼ਨ, ਸੈਂਸਰਜ (ਤਿੰਨ ਮਾਡਲ) ਦੂਜੇ ਸਥਾਨ 'ਤੇ ਰਹੇ।ਵਿਗਿਆਨ ਵਿਸ਼ੇ ਦੇ ਪ੍ਰਸ਼ਨ ਮੰਚ ਮੁਕਾਬਲੇ ਵਿੱਚੋਂ ਵੀ ਕਿਸ਼ੋਰ ਵਰਗ ਨੇ ਪਹਿਲਾ ਸਥਾਨ ਤੇ ਪੱਤਰ ਵਾਚਨ ਮੁਕਾਬਲੇ ਵਿੱਚ ਵੀ ਪਹਿਲਾ ਸਥਾਨ ਤੇ ਪ੍ਰਯੋਗ ਕਿਰਿਆ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਚਮਕਾਇਆ।ਗਣਿਤ ਮਾਡਲ ਵਿੱਚ ਸ਼ਿਸ਼ੂ ਵਰਗ ਵਿਚ ਇੱਕ ਮਾਡਲ ਪਹਿਲੇ,ਦੋ ਦੂਜੇ ਸਥਾਨ ਤੇ ਰਹੇ। ਪ੍ਰਯੋਗ ਕਿਰਿਆ ਵਿੱਚ ਸ਼ਿਸ਼ੂ ਵਰਗ ਤੀਜੇ ਸਥਾਨ 'ਤੇ ਰਿਹਾ।

ਵੈਦਿਕ ਗਣਿਤ ਪ੍ਰਸ਼ਨ ਮੰਚ ਮੁਕਾਬਲੇ ਵਿੱਚ ਸ਼ਿਸ਼ੂ ਵਰਗ ਨੇ ਤੀਜਾ ਸਥਾਨ ਹਾਸਲ ਕੀਤਾ। ਗਣਿਤ ਪ੍ਰਯੋਗ ਕਿਰਿਆ ਵਿੱਚ ਬਾਲ ਵਰਗ ਨੇ ਪਹਿਲਾ ਸਥਾਨ, ਪੱਤਰ ਵਾਚਨ ਮੁਕਾਬਲੇ ਵਿੱਚ ਦੂਜਾ ਪ੍ਰਾਪਤ ਕੀਤਾ।ਬਾਲ ਵਰਗ ਦਾ ਇੱਕ ਮਾਡਲ ਪਹਿਲੇ, ਇੱਕ ਮਾਡਲ ਦੂਜੇ ਸਥਾਨ 'ਤੇ ਰਿਹਾ।ਗਣਿਤ ਪ੍ਰਸ਼ਨ ਮੰਚ ਮੁਕਾਬਲੇ ਵਿੱਚ ਬਾਲ ਵਰਗ ਦੂਜੇ ਸਥਾਨ 'ਤੇ ਰਿਹਾ। ਗਣਿਤ ਪ੍ਰਯੋਗ ਕਿਰਿਆ ਤੇ ਪੱਤਰ ਵਾਚਨ ਮੁਕਾਬਲੇ ਵਿੱਚ ਵਿੱਚ ਵੀ ਕਿਸ਼ੋਰ ਵਰਗ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।

ਕਿਸ਼ੋਰ ਵਰਗ ਵੈਦਿਕ ਗਣਿਤ ਪ੍ਰਸ਼ਨ ਮੰਚ ਮੁਕਾਬਲੇ ਵਿੱਚ ਦੂਜੇ ਸਥਾਨ 'ਤੇ ਰਿਹਾ।ਕਿਸ਼ੋਰ ਵਰਗ ਦਾ ਇੱਕ ਮਾਡਲ ਪਹਿਲੇ, ਦੋ ਮਾਡਲ ਤੀਜੇ ਸਥਾਨ 'ਤੇ ਰਹੇ।ਅਧਿਆਪਕਾਂ ਦੇ ਪੱਤਰ ਵਾਚਨ ਮੁਕਾਬਲੇ ਵਿੱਚ ਗਣਿਤ ਅਧਿਆਪਕਾ ਵੀਰਪਾਲ ਕੌਰ ਤੇ ਵਿਗਿਆਨ ਵਿਸ਼ੇ ਵਿੱਚ ਪਰਵੇਜ਼ ਸ਼ੇਖ ਨੇ ਪਹਿਲਾ, ਰਾਜ ਪੱਧਰੀ ਸੰਸਕ੍ਰਿਤ ਪੱਤਰ ਵਾਚਨ ਮੁਕਾਬਲੇ ਵਿੱਚ ਯਸ਼ਵੀਰ ਸ਼ਰਮਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਸੰਸਕ੍ਰਿਤੀ ਉਤਸਵ ਕਥਾ ਕਥਨ ਮੁਕਾਬਲੇ ਵਿੱਚ ਸ਼ਿਸ਼ੂ ਵਰਗ ਨੇ ਦੂਜਾ ਸਥਾਨ, ਤਤਕਾਲਿਕ ਭਾਸ਼ਣ ਮੁਕਾਬਲੇ ਵਿੱਚ ਤਰੁਣ ਵਰਗ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਕੰਪਿਊਟਰ ਵਿਸ਼ੇ ਦੇ ਰਾਜ ਪੱਧਰੀ ਪ੍ਰਸ਼ਨ ਮੰਚ ਮੁਕਾਬਲੇ ਵਿੱਚ ਕਿਸ਼ੋਰ ਵਰਗ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਇਸ ਸ਼ਾਨਦਾਰ ਸਫ਼ਲਤਾ ਮੌਕੇ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਵੱਲੋਂ ਸਾਰੇ ਬੱਚਿਆਂ, ਅਧਿਆਪਕਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ ਅਤੇ ਕਿਹਾ ਕਿ ਅਜਿਹੇ ਵਿਗਿਆਨ ਮੇਲਿਆਂ ਵਿੱਚ ਵਿਦਿਆਰਥੀਆਂ ਨੂੰ ਵਧ-ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ।

## ਡੀ ਏ ਵੀ ਦੇ ਖਿਡਾਰੀਆਂ ਨੇ ਐਥਲੈਟਿਕਸ 'ਚ ਬਣਾਇਆ ਰਾਜ ਪੱਧਰੀ ਖੇਡਾਂ 'ਚ ਸਥਾਨ



**ਜਗਰਾਓਂ (ਅਮਿਤ ਖੰਨਾ)**-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਉਂ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਡੀ.ਏ.ਵੀ. ਐਥਲੈਟਿਕਸ ਕਲੱਸਟਰ ਲੈਵਲ ਦੀਆਂ ਖੇਡਾਂ ਪੁਲਸ ਡੀ.ਏ.ਵੀ. ਲੁਧਿਆਣਾ ਵਿਖੇ ਕਰਵਾਈਆਂ ਗਈਆਂ, ਜਿਸ ਵਿੱਚ ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਜਗਰਾਉਂ ਦੇ ਵਿਦਿਆਰਥੀਆਂ ਨੇ ਆਪਣੀ ਖੇਡ ਦਾ ਬਹੁਤ ਚੰਗਾ ਪ੍ਰਦਰਸ਼ਨ ਕਰਦੇ ਹੋਏ ਰਾਜ ਪੱਧਰੀ ਖੇਡਾਂ ਵਿੱਚ ਆਪਣਾ ਸਥਾਨ ਬਣਾਇਆ ਹੈ।ਅਮਨਿੰਦਰਜੀਤ ਸਿੰਘ ਨੇ ਅੰਡਰ-19 ਵਿੱਚ ਦੋ ਗੋਲਡ ਮੈਡਲ (ਸ਼ਾਟਪੁੱਟ ਤੇ ਡਿਸਕਸ ਥ੍ਰੋ) ਵਿੱਚ ਪ੍ਰਾਪਤ ਕਰਨ ਕਰਕੇ ਰਾਜ ਪੱਧਰੀ ਖੇਡਾਂ ਲਈ ਚੋਣ ਹੋਣ ਦੇ ਨਾਲ-ਨਾਲ ਉਸ ਨੂੰ ਇੱਕ ਵਧੀਆ ਖਿਡਾਰੀ ਹੋਣ ਦਾ ਖਿਤਾਬ ਵੀ ਦਿੱਤਾ ਗਿਆ।ਅੰਕਿਤ ਚੌਧਰੀ ਨੇ ਵੀ 100 ਮੀਟਰ ਦੌੜ ਵਿੱਚ ਗੋਲਡ ਮੈਡਲ ਪ੍ਰਾਪਤ ਕਰਕੇ ਆਪਣੀ ਜਗ੍ਹਾ ਰਾਜ ਪੱਧਰੀ ਖੇਡਾਂ ਵਿੱਚ ਬਣਾਈ ਹੈ।ਇਸ ਤੋਂ ਇਲਾਵਾ ਨੀਲਭ ਸੋਨੀ 200 ਮੀਟਰ ਦੌੜ ਵਿੱਚ ਬਰੋਨਜ਼ ਮੈਡਲ ਪ੍ਰਾਪਤ ਕਰਕੇ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕੀਤਾ ਹੈ।ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਸਾਹਿਬ ਵੱਲੋਂ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਨਿੱਘਾ ਸਵਾਗਤ ਕੀਤਾ ਗਿਆ।ਇਸ ਸਮੇਂ ਸਕੂਲ ਵਿੱਚ ਡੀ.ਪੀ.ਈ. ਹਰਦੀਪ ਸਿੰਘ, ਡੀ.ਪੀ.ਈ. ਸੁਰਿੰਦਰ ਪਾਲ ਵਿੱਜ ਤੇ ਡੀ.ਪੀ.ਈ. ਸੁਰਿੰਦਰ ਕੌਰ ਤੂਰ ਮੌਜੂਦ ਸਨ।

5-OCT-PAGE-5.qxd 10/4/2025 10:31 PM Page 1



# 8 ਨੂੰ ਜ਼ਿਲ੍ਹਾ ਹੈੱਡ ਕੁਆਰਟਰ 'ਤੇ ਦੇਵਾਂਗੇ ਰੋਸ ਧਰਨੇ : ਐੱਸ ਕੇ ਐੱਮ

## ਹੜ੍ਹਾਂ ਦੇ ਕਾਰਨਾਂ ਦੀ ਜੁਡੀਸ਼ੀਅਲ ਜਾਂਚ ਕਰਵਾ ਕੇ ਜ਼ਿੰਮੇਵਾਰਾਂ ਖਿਲਾਫ ਕੇਸ ਦਰਜ ਕੀਤੇ ਜਾਣ



**ਮੋਗਾ (ਇਕਬਾਲ ਸਿੰਘ ਖਹਿਰਾ)**
ਸੰਯੁਕਤ ਕਿਸਾਨ ਮੋਰਚਾ ਮੋਗਾ ਦੀ ਮੀਟਿੰਗ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਬਲੌਰ ਸਿੰਘ ਦੇ ਪ੍ਰਧਾਨਗੀ ਹੇਠ ਗੁਰਦੁਆਰਾ ਬੀਬੀ ਕਾਹਨ ਕੌਰ ਵਿਖੇ ਹੋਈ।ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਹੜ੍ਹਾਂ ਦਾ ਏਜੰਡਾ ਵਿਚਾਰਿਆ ਗਿਆ।ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਹੜ੍ਹਾਂ ਵਾਸਤੇ ਕੁਦਰਤ ਦੀ ਕਰੋਪੀ ਨਹੀਂ, ਸਗੋਂ ਹਾਕਮਾਂ ਦੀ ਕਰੋਪੀ ਜ਼ਿੰਮੇਵਾਰ ਹੈ।ਆਗੂਆਂ ਨੇ ਕਿਹਾ ਕਿ ਵੀਹਵੀਂ ਸਦੀ ਦੇ ਮੁਕਾਬਲੇ ਧਰਤੀ ਦਾ ਤਾਪਮਾਨ 1.2 ਡਿਗਰੀ ਵਧ ਚੁੱਕਿਆ ਹੈ।ਇਸ ਕਾਰਨ ਜਲਵਾਯੂ ਵਿੱਚ ਪਰਿਵਰਤਨ ਹੋਣ ਨਾਲ ਕਿਤੇ ਹੜ੍ਹ ਤੇ ਕਿਤੇ ਸੋਕਾ ਪੈ ਰਿਹਾ ਹੈ। ਇਸ ਤੋਂ ਇਲਾਵਾ ਜਦੋਂ ਤੋਂ ਡੈਮ ਬਣੇ ਹਨ ਉਦੋਂ ਤੋਂ ਉਨ੍ਹਾਂ ਵਿੱਚੋਂ ਮਿੱਟੀ ਨਹੀਂ ਕੱਢੀ ਗਈ ਤੇ ਡੈਮਾਂ ਦੀ ਪਾਣੀ ਸਟੋਰ ਕਰਨ ਦੀ ਸਮਰੱਥਾ 20% ਤੱਕ ਘੱਟ ਹੋ ਚੁੱਕੀ ਹੈ।ਦਰਿਆਵਾਂ ਦੇ ਕੰਢੇ ਤੇ ਧੁੱਸੀ ਬੰਨ੍ਹ ਮਜ਼ਬੂਤ ਕਰਨ ਤੋਂ ਇਲਾਵਾ ਦਰਿਆਵਾਂ ਤੇ ਡਰੇਨਾਂ ਵਗੈਰਾ ਦੀ ਸਫਾਈ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ।ਡੈਮਾਂ ਵਿੱਚੋਂ ਪਾਣੀ ਛੱਡਣ ਲਈ ਅਣਗਿਹਲੀ ਵਰਤੀ ਗਈ, ਜਿਸ ਕਾਰਨ ਮਾਧੋਪੁਰ ਵਰਕਸ ਦੇ ਤਿੰਨ ਗੇਟ ਵੀ ਟੁੱਟ ਗਏ।ਇਸ ਭਿਆਨਕ ਸਥਿਤੀ ਲਈ ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਇੱਕ ਦੂਜੇ ਨੂੰ ਦੋਸ਼ੀ ਠਹਿਰਾ ਰਹੇ ਹਨ।ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਕਿ ਇਸ ਸਾਰੇ ਕੁੱਝ ਦੀ ਜੁਡੀਸ਼ਅਲ ਜਾਂਚ ਕਰਵਾ ਕੇ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸੰਯੁਕਤ ਕਿਸਾਨ ਮੋਰਚਾ ਨੇ ਡੈਮ ਸੇਫਟੀ ਐਕਟ ਰੱਦ ਕਰ ਕੇ ਦਰਿਆਵਾਂ ਦਾ ਕੰਟਰੋਲ ਰਿਪੇਰੀਅਨ ਰਾਜਾਂ ਨੂੰ ਦਿੱਤੇ ਜਾਣ ਤੇ ਜਲ ਸੋਧ ਐਕਟ ਨੂੰ ਰੱਦ ਕਰਨ ਦੀ ਮੰਗ ਕੀਤੀ।ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਕਿ ਸਾਰੇ ਕਿਸਾਨਾਂ ਨੂੰ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ, ਪੰਜ ਏਕੜ ਦੀ ਸ਼ਰਤ ਹਟਾਈ ਜਾਵੇ, ਫਿਰੋਜ਼ਪੁਰ ਜ਼ਿਲ੍ਹੇ ਵਿੱਚ ਲੱਗਭੱਗ 17,000 ਏਕੜ, ਅੰਮ੍ਰਿਤਸਰ ਵਿੱਚ 10386 ਏਕੜ ਤੇ ਹੋਰ ਜ਼ਿਲ੍ਹਿਆਂ ਦੀ ਕੱਚੀ ਜ਼ਮੀਨ ਸਮੇਤ ਸਾਰੇ ਕਾਸ਼ਤਕਾਰਾਂ ਨੂੰ ਪੂਰਾ ਮੁਆਵਜ਼ਾ ਦਿੱਤਾ ਜਾਵੇ। ਇਸ ਤੋਂ ਇਲਾਵਾ ਮਜ਼ਦੂਰਾਂ ਨੂੰ ਇੱਕ ਮੁਸ਼ਤ ਇੱਕ ਲੱਖ ਰੁਪਏ ਪ੍ਰਤੀ ਪਰਿਵਾਰ ਤੁਰੰਤ ਰਾਹਤ, ਮਿਰਤਕਾਂ ਦੇ ਵਾਰਸਾਂ ਨੂੰ 25 ਲੱਖ, ਪਸ਼ੂਆਂ ਦਾ ਇੱਕ ਲੱਖ ਰੁਪਏ ਪ੍ਰਤੀ ਪਸ਼ੂ, ਭੇਡ ਬੱਕਰੀ ਦਾ ਵੀਹ ਹਜ਼ਾਰ ਰੁਪਏ ਪ੍ਰਤੀ ਪਸ਼ੂ, ਢਹਿ ਗਏ ਘਰਾਂ ਲਈ ਦਸ ਲੱਖ ਤੇ ਦਰਿਆ ਬੁਰਦ ਹੋਈ ਜ਼ਮੀਨ ਦਾ ਪੰਜਾਹ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।ਗੰਨਾ ਬੀਜਣ ਵਾਲੇ ਕਿਸਾਨਾਂ ਲਈ ਬੀਜ ਦਾ ਪ੍ਰਬੰਧ ਕਰਨ, ਜ਼ਮੀਨਾਂ ਨੂੰ ਵਾਹੀਯੋਗ ਬਣਾਉਣ ਲਈ ਤੇ ਕਿਸਾਨਾਂ ਮਜ਼ਦੂਰਾਂ ਦੇ ਮੁੜ ਵਸੇਬੇ ਲਈ ਪ੍ਰਬੰਧ ਕਰਨ ਦੀ ਵੀ ਮੰਗ ਕੀਤੀ ਗਈ।ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਕਿ ਕਿਸਾਨਾਂ ਨੂੰ ਆਪਣੇ ਖੇਤ ਵਿੱਚੋਂ ਰੇਤਾ ਚੁੱਕਣ ਦੀ ਪੱਕੇ ਤੌਰ 'ਤੇ ਖੁੱਲ੍ਹ ਦਿੱਤੀ ਜਾਵੇ।ਇਨ੍ਹਾਂ ਮੰਗਾਂ ਵਾਸਤੇ ਸਰਕਾਰ ਦੀ ਨੀਂਦ ਖੋਲ੍ਹਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਾਰੇ ਪੰਜਾਬ ਦੇ ਡੀ.ਸੀ ਦਫਤਰਾਂ ਅੱਗੇ 8 ਅਕਤੂਬਰ ਨੂੰ ਤਿੰਨ ਘੰਟੇ ਦੇ ਧਰਨੇ ਦਿੱਤੇ ਜਾਣਗੇ। ਜੇਕਰ ਫਿਰ ਵੀ ਸਰਕਾਰ ਨੇ ਮੰਗਾਂ ਲਾਗੂ ਨਾ ਕੀਤੀਆਂ ਤਾਂ ਸੰਯੁਕਤ ਕਿਸਾਨ ਮੋਰਚਾ ਜਲਦੀ ਹੀ ਅਗਲੇ ਪ੍ਰੋਗਰਾਮ ਦਾ ਐਲਾਨ ਕਰੇਗਾ।ਉੱਤਰ ਪ੍ਰਦੇਸ਼ , ਹਰਿਆਣਾ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਗੈਰਾ ਰਾਜਾਂ ਤੋਂ ਪੰਜਾਬ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਲਈ ਆਈਆਂ ਜਥੇਬੰਦੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।ਲਖਵਿੰਦਰ ਸਿੰਘ ਰੌਲੀ ਮੀਤ ਪ੍ਰਧਾਨ ਲੱਖੋਵਾਲ, ਹਰਜੀਤ ਸਿੰਘ ਮਨਾਵਾਂ, ਬਲਕਰਨ ਸਿੰਘ ਢਿੱਲੋਂ ਲੱਖੋਵਾਲ, ਕਸ਼ਮੀਰ ਸਿੰਘ ਭੇਖਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਸੁਖਦੀਪ ਸਿੰਘ ਭੇਖਾ, ਹਰਦਿਆਲ ਸਿੰਘ ਘਾਲੀ ਬਾਲਕ ਸੈਕਟਰੀ, ਕੁੱਲ ਹਿੰਦ ਕਿਸਾਨ ਸਭਾ, ਜਗਜੀਤ ਸਿੰਘ ਜਰਨਲ ਸਕੱਤਰ, ਗੁਰਮੇਲ ਸਿੰਘ ਰੱਜੀਵਾਲਾ, ਨਰਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ ਆਦਿ ਕਿਸਾਨ ਹਾਜ਼ਰ ਸਨ।

# ਸੀ ਪੀ ਆਈ ਦੀਆਂ ਸਰਗਰਮੀਆਂ ਹਲਕਾ ਨਿਹਾਲ ਸਿੰਘ ਵਾਲਾ ਦੇ ਸਮੀਕਰਨ ਬਦਲਣਗੀਆਂ



**ਬੱਧਨੀ ਕਲਾਂ (ਪੱਤਰ ਪ੍ਰੇਰਕ)**
ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਵੱਲੋਂ ਆਪਣੇ 100 ਸਾਲ ਪੂਰੇ ਹੋਣ 'ਤੇ ਚੰਡੀਗੜ੍ਹ ਵਿਖੇ ਕੀਤੇ ਗਏ ਮਹਾਂਸੰਮੇਲਨ ਤੋਂ ਬਾਅਦ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਦੀ ਸ਼ੁਰੂਆਤ ਪਹਿਲਾਂ ਉਨ੍ਹਾਂ ਆਪਣੇ ਪੁਰਾਣੇ ਗੜ੍ਹ ਰਹੇ ਹਲਕਿਆਂ ਤੋਂ ਸ਼ੁਰੂ ਕੀਤੀ ਹੈ, ਜਿਸ ਦੀ ਉਦਾਹਰਨ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਤੋਂ ਕੀਤੀਆਂ ਜਾ ਰਹੀਆਂ ਸਰਗਰਮੀਆਂ ਤੋਂ ਮਿਲਦੀ ਹੈ। ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਵਿੱਚ ਸੀ.ਪੀ.ਆਈ. ਨੇ ਕਈ ਵਾਰ ਵਿਧਾਨ ਸਭਾ ਵਿੱਚ ਨੁਮਾਇੰਦਗੀ ਕੀਤੀ ਹੈ। ਕਾਮਰੇਡ ਗੁਰਬਖ਼ਸ਼ ਸਿੰਘ ਧੂੜਕੋਟ ਤੋਂ ਬਾਅਦ 1967 ਤੋਂ ਇਹ ਹਲਕਾ ਰਿਜ਼ਰਵ ਹੋ ਗਿਆ ਸੀ। ਉਸ ਤੋਂ ਬਾਅਦ ਇਸ ਸੀਟ ਤੋਂ ਕਾਮਰੇਡ ਮੁਨਸ਼ਾ ਸਿੰਘ, 1972 ਤੇ 1980 ਵਿੱਚ ਕਾਮਰੇਡ ਸੱਘੜ ਸਿੰਘ ਰੌਂਤਾ, 1992 ਤੇ 1997 ਵਿੱਚ ਕਾਮਰੇਡ ਅਜੈਬ ਸਿੰਘ ਰੌਂਤਾ ਸੀ.ਪੀ.ਆਈ. ਦੇ ਵਿਧਾਇਕ ਰਹੇ ਹਨ, ਪਰ 2002 ਵਿੱਚ ਇਸ ਹਲਕੇ ਵਿੱਚ ਸੀ.ਪੀ.ਆਈ. ਦਾ ਗ੍ਰਾਫ ਘਟਨਾ ਸ਼ੁਰੂ ਹੋ ਗਿਆ ਸੀ। 2002 ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ੋਰਾ ਸਿੰਘ ਭਾਗੀਕੇ, 2007 ਵਿੱਚ ਅਜ਼ਾਦ ਤੌਰ 'ਤੇ ਅਜੀਤ ਸਿੰਘ ਸ਼ਾਂਤ, 2012 ਵਿੱਚ ਅਕਾਲੀ ਦਲ ਬਾਦਲ ਦੇ ਰਾਜਵਿੰਦਰ ਕੌਰ ਭਾਗੀਕੇ, 2017 ਤੋਂ 2022 ਵਿੱਚ ਆਮ ਆਦਮੀ ਪਾਰਟੀ ਦੇ ਮਨਜੀਤ ਸਿੰਘ ਬਿਲਾਸਪੁਰ ਜੇਤੂ ਰਹੇ। ਹਲਕਾ ਅਜੇ ਵੀ ਰਿਜ਼ਰਵ ਹੀ ਹੈ, ਸੀ.ਪੀ.ਆਈ. ਨੇ ਇਸ ਹਲਕੇ ਵਿੱਚ ਦੁਬਾਰਾ ਤੋਂ ਆਪਣੇ ਪੈਰ ਜਮਾਉਣ ਲਈ ਆਪਣੀ ਭਰਤੀ ਤੇਜ਼ ਕਰ ਦਿੱਤੀ ਹੈ। ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕੀਤੀਆਂ ਜਾ ਰਹੀਆਂ ਸਰਗਰਮੀਆਂ ਦਾ ਅਸਰ ਹੈ ਕਿ ਲੋਕਾਂ ਵਿੱਚ ਫਿਰ ਤੋਂ ਦੁਬਾਰਾ ਸੀ.ਪੀ.ਆਈ. ਦੀ ਚਰਚਾ ਹੋਣ ਲੱਗ ਪਈ ਹੈ। ਨਰੇਗਾ ਮਜ਼ਦੂਰਾਂ ਲਈ ਅਤੇ ਕਿਸਾਨ ਮੋਰਚੇ ਸਮੇਂ ਸੀ.ਪੀ.ਆਈ. ਵੱਲੋਂ ਕੀਤੇ ਕੰਮਾਂ ਨਾਲ ਪਾਰਟੀ ਦੀ ਇਸ ਹਲਕੇ ਵਿੱਚ ਮਜ਼ਬੂਤੀ ਸ਼ੁਰੂ ਹੋ ਗਈ। ਪਿਛਲੇ ਦਿਨੀਂ ਪਾਰਟੀ ਵੱਲੋਂ ਪਾਰਟੀ ਦੇ 100 ਸਾਲ ਪੂਰੇ ਹੋਣ 'ਤੇ ਚੰਡੀਗੜ੍ਹ ਵਿਖੇ ਕੀਤੇ ਮਹਾਂਸੰਮੇਲਨ ਵਿੱਚ ਇਸ ਹਲਕੇ ਵਿੱਚੋਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਾ, ਹੁਸੈਨੀਵਾਲ ਤੋਂ ਚੱਲੇ ਜੱਥੇ ਦਾ ਇਸ ਹਲਕੇ ਵਿੱਚ ਭਰਵਾਂ ਸਵਾਗਤ ਹੋਣਾ ਤੇ ਲੋਕਾਂ ਖਾਸ ਕਰਕੇ ਨੌਜਵਾਨਾਂ ਵੱਲੋਂ ਇਸ ਜੱਥੇ ਵਿੱਚ ਵੱਡੀ ਗਿਣਤੀ ਵਿੱਚ ਭਾਗ ਲੈਣਾ ਇਹ ਦਰਸਾਉਂਦਾ ਹੈ ਕਿ ਪਾਰਟੀ ਵੱਲੋਂ ਸ਼ੁਰੂ ਕੀਤੀ ਮੁਹਿੰਮ ਦੇ ਚੰਗੇ ਨਤੀਜੇ ਨਿਕਲ ਸਕਦੇ ਹਨ, ਜੋ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਹਲਕੇ ਦੇ ਸਮੀਕਰਨ ਬਦਲ ਸਕਦੀਆਂ ਹਨ।

# ਮਜ਼ਦੂਰ ਜਥੇਬੰਦੀਆਂ ਵੱਲੋਂ ਹੜ੍ਹਾਂ/ਬਾਰਸ਼ਾਂ ਦੇ ਮੁਆਵਜ਼ੇ ਲਈ ਮੋਟਰਸਾਈਕਲ ਮਾਰਚ



**ਮੁਕਤਸਰ (ਸ਼ਿਵਰਾਜ ਪਾਲ, ਪੂਜਾ)**-ਹੜ੍ਹਾਂ/ਬਾਰਸ਼ਾਂ ਕਾਰਨ ਹੋਏ ਭਾਰੀ ਜਾਨੀ ਮਾਲੀ ਨੁਕਸਾਨ ਦੇ ਮੁਆਵਜ਼ੇ ਲਈ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ ਉੱਤੇ ਮੁਕਤਸਰ ਮਲੋਟ ਤੇ ਬਲਾਕ ਦੇ ਲੱਕੜ ਵਾਲਾ, ਲਖਮੀਰੇਆਣਾ, ਖੁੰਡੇ ਹਲਾਲ, ਚਿਬੜਾਂ ਵਾਲੀ, ਰੱਖੜ, ਭਾਗਸਰ, ਮਦਰਸਾ, ਰਾਮਗੜ੍ਹਚੁੰਗਾ, ਅਕਾਲਗੜ੍ਹ ਫੱਤਣਵਾਲਾ ਆਦਿ ਪਿੰਡਾਂ ਵਿੱਚ ਮਜ਼ਦੂਰ ਮੋਟਰਸਾਈਕਲ ਮਾਰਚ ਕਰਕੇ ਸੂਬਾ ਸਰਕਾਰ ਤੋਂ ਹੜ੍ਹ ਪ੍ਰਭਾਵਿਤ ਲੋਕਾਂ ਲਈ ਮੁਆਵਜ਼ੇ ਦੀ ਮੰਗ ਕੀਤੀ ਗਈ।ਪਿੰਡਾਂ ਵਿੱਚ ਮਾਰਚ ਦੌਰਾਨ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਤਰਸੇਮ ਖੁੰਡੇ ਹਲਾਲ, ਕਾਕਾ ਸਿੰਘ ਖੁੰਡੇ ਹਲਾਲ, ਜਸਵਿੰਦਰ ਸਿੰਘ ਸੰਗੂਧੌਣ, ਕੁੱਲ ਹਿੰਦ ਮਜ਼ਦੂਰ ਯੂਨੀਅਨ ਦੇ ਆਗੂ ਕਰਮਜੀਤ ਕੌਰ, ਲੱਕੜ ਵਾਲਾ, ਤੋਤਾ ਸਿੰਘ ਸ਼ੇਰੇਵਾਲਾ, ਬਲਵੀਰ ਸਿੰਘ ਰੁਪਾਣਾ, ਮਲਕੀਤ ਸਿੰਘ ਵੱਟਣਵਾਲਾ, ਦਿਹਾਤੀ ਮਜ਼ਦੂਰ ਸਭਾ ਦੇ ਜਗਜੀਤ ਸਿੰਘ ਜੱਸੇਆਣਾ, ਕਰਮ ਮਦਰੱਸਾ ਨੇ ਕਿਹਾ ਕਿ ਹੜ੍ਹਾਂ ਦੀ ਸਿੱਧੀ ਮਾਰ ਹੇਠ ਆਏ ਲੋਕਾਂ ਦਾ ਜਿੱਥੇ ਭਾਰੀ ਜਾਨੀ ਮਾਲੀ ਨੁਕਸਾਨ ਹੋਇਆ ਹੈ, ਉੱਥੇ ਮਜ਼ਦੂਰ ਵਰਗ ਦੇ ਲੋਕਾਂ ਦੇ ਪੂਰੇ ਪੰਜਾਬ ਅੰਦਰ ਘਰਾਂ ਦਾ ਬਹੁਤ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀਆਂ ਦੇ ਸੰਘਰਸ਼ ਕਰਨ ਤੋਂ ਬਾਅਦ ਬੇਸ਼ੱਕ ਸਰਕਾਰ ਨੇ ਢਹਿ ਗਏ ਘਰਾਂ ਤੇ ਨੁਕਸਾਨੇ ਘਰਾਂ ਲਈ ਕੁਝ ਮੁਆਵਜ਼ਾ ਰਾਸ਼ੀ ਐਲਾਨੀ ਹੈ ਜੋ ਨੁਕਸਾਨ ਦੇ ਮੱਦੇਨਜ਼ਰ ਬਹੁਤ ਊਣੀ ਹੈ। ਆਗੂਆਂ ਨੇ ਕਿਹਾ ਕਿ ਸਿਤਮਜ਼ਰੀਫ਼ੀ ਤਾਂ ਇਹ ਹੈ ਕਿ ਅਜੇ ਤੱਕ ਕੋਈ ਅਧਿਕਾਰੀ ਮਜ਼ਦੂਰ ਘਰਾਂ ਦੇ ਸਰਵੇ ਕਰਨ ਨਹੀਂ ਆਇਆ, ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸੂਬਾ ਸਰਕਾਰ ਕਿੰਨੀ ਕੁ ਸੰਜੀਦਾ ਹੈ? ਉਨ੍ਹਾਂ ਕਿਹਾ ਕਿ 2023 ਦੇ ਹੜ੍ਹਾਂ ਵੇਲੇ ਵੀ ਇਸੇ ਤਰ੍ਹਾਂ ਐਲਾਨ ਹੀ ਰਹਿ ਗਏ ਸਨ, ਲੋਕਾਂ ਨੂੰ ਮੁਆਵਜ਼ਾ ਨਹੀਂ ਸੀ ਮਿਲਿਆ। ਉਨ੍ਹਾਂ ਕਿਹਾ ਕਿ ਸਾਂਝਾ ਮਜ਼ਦੂਰ ਮੋਰਚਾ ਮੰਗ ਕਰਦਾ ਹੈ ਕਿ ਹੜ੍ਹਾਂ/ਬਾਰਸ਼ਾਂ ਨਾਲ ਢਹਿ ਗਏ ਘਰਾਂ ਨੂੰ ਮੁੜ ਉਸਾਰਨ ਲਈ 15 ਲੱਖ ਰੁਪਏ, ਬਾਲੇ ਗਾਡਰਾਂ ਵਾਲਿਆਂ ਛੱਤਾਂ ਬਦਲਣ ਲਈ 5 ਲੱਖ ਰੁਪਏ, ਹੜ੍ਹਾਂ 'ਚ ਜਾਨਾਂ ਗੁਆਉਣ ਵਾਲੇ ਪੀੜਤਾਂ ਦੇ ਪਰਿਵਾਰਾਂ ਨੂੰ ਘੱਟੋ ਘੱਟ 25 ਲੱਖ ਰੁਪਏ ਤੇ ਮਜ਼ਦੂਰਾਂ ਦੀਆਂ ਟੁੱਟੀਆਂ ਦਿਹਾੜੀਆਂ ਦੀ ਭਰਪਾਈ ਲਈ ਪ੍ਰਤੀ ਪਰਿਵਾਰ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ।ਮਜ਼ਦੂਰ ਆਗੂਆਂ ਨੇ ਆਖਿਆ ਕਿ ਜੇਕਰ ਸਰਕਾਰ ਨੇ ਮਜ਼ਦੂਰਾਂ ਦੀਆਂ ਇਨ੍ਹਾਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਸਾਂਝੇ ਮੋਰਚੇ ਵੱਲੋਂ ਵਿਸ਼ਾਲ ਲਾਮਬੰਦੀ ਕਰਕੇ ਸੰਘਰਸ਼ ਕੀਤਾ ਜਾਵੇਗਾ।ਇਸ ਸਮੇਂ ਮਨਜੀਤ ਕੌਰ, ਅਕਾਸ਼ਦੀਪ ਲੱਕੜ ਵਾਲਾ, ਸੁਰਜੀਤ ਸਿੰਘ ਚਿੱਬੜਾਂ ਵਾਲੀ, ਸੱਤਪਾਲ ਸਿੰਘ ਖੁੰਡੇ ਹਲਾਲ, ਗੁਰਕਿਰਸਨ ਸਿੰਘ ਮੁਕਤਸਰ ਆਦਿ ਸ਼ਾਮਲ ਸਨ।

## ਕਾਤਰਾਂ

### ਪਲੇਸਮੈਂਟ ਕੈਂਪ ਭਲਕੇ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸੰਗਰੂਰ ਵੱਲੋਂ ਮੁਥੂਟ ਮਾਈਕਰੋਫਿਨ ਲਿਮਿਟਡ ਕੰਪਨੀ ਨਾਲ ਤਾਲਮੇਲ ਕਰਕੇ 6 ਅਕਤੂਬਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਜ਼ਿਲ੍ਹਾ ਰੁਜ਼ਗਾਰ ਉਤਪੱਤੀ ਹੁਨਰ ਵਿਕਾਸ ਤੇ ਸਿਖਲਾਈ ਦਫ਼ਤਰ ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਕੰਪਨੀ ਵੱਲੋਂ ਫੀਲਡ ਸਟਾਫ, ਐਗਜ਼ੀਕਿਊਟਿਵ (ਲੜਕੇ ਤੇ ਲੜਕੀਆਂ ਦੋਵਾਂ ਲਈ) ਦੀ ਅਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ, ਜਿਸ ਲਈ ਪ੍ਰਾਰਥੀ ਦੀ ਵਿੱਦਿਅਕ ਯੋਗਤਾ 12ਵੀਂ, ਗਰੈਜੂਏਟ ਪਾਸ ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਉਮਰ 20 ਸਾਲ ਤੋਂ 32 ਸਾਲ ਤੱਕ ਹੋਣੀ ਚਾਹੀਦੀ ਹੈ।

### ਰਾਮ ਦੇਵ ਵਰਮਾ ਨਮਿੱਤ ਪਾਠ ਦਾ ਭੋਗ ਅੱਜ



**ਲੌਂਗੋਵਾਲ (ਪ੍ਰਦੀਪ ਸੱਪਲ)**-ਰੋਜ਼ਾਨਾ ਦੇਵ ਟਾਈਮਜ਼ ਦੇ ਮੁੱਖ ਸੰਪਾਦਕ ਤੇ ਪ੍ਰੈੱਸ ਕਲੱਬ ਸੁਨਾਮ ਦੇ ਜਨਰਲ ਸਕੱਤਰ ਰਤਨ ਦੇਵ ਵਰਮਾ ਦੇ ਪਿਤਾ ਸ਼੍ਰੀ ਰਾਮ ਦੇਵ ਵਰਮਾ, ਜਿਨ੍ਹਾਂ ਪਿਛਵੇ ਦਿਨੀਂ ਦਾ ਦਿਹਾਂਤ ਹੋ ਗਿਆ ਸੀ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਗਰੁੜ ਪੁਰਾਣ ਜੀ ਦੇ ਪਾਠ ਦੇ ਭੋਗ 5 ਅਕਤੂਬਰ ਐਤਵਾਰ ਨੂੰ ਡੇਰਾ ਬਾਬਾ ਭਗਵੰਤ ਨਾਥ ਨੇੜੇ ਰੋਜ਼ਗਾਰਡਨ ਸੁਨਾਮ ਵਿਖੇ ਦੁਪਹਿਰ 1 ਤੋਂ 2 ਵਜੇ ਤੱਕ ਪਾਏ ਜਾਣਗੇ। ਉਪਰੰਤ ਸ਼ਰਧਾਂਜਲੀ ਸਮਾਗਮ ਵੀ ਹੋਵੇਗਾ।

### ਸੜਕ ਹਾਦਸੇ 'ਚ ਮੋਟਰਸਾਈਕਲ ਚਾਲਕ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਜੱਲ੍ਹਾ ਵਿਖੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਮੋਟਰਸਾਈਕਲ ਸਵਾਰ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਹੈ।ਮ੍ਰਿਤਕ ਦੀ ਪਹਿਚਾਣ ਸ਼ਮਸ਼ਾਦ ਅਲੀ (49) ਵਾਸੀ ਪਿੰਡ ਬਧੌਛੀ ਕਲਾਂ ਵਜੋਂ ਦੱਸੀ ਜਾ ਰਹੀ ਹੈ।ਇਮਰਾਨ ਖਾਨ ਵਾਸੀ ਪਿੰਡ ਬਧੌਛੀ ਕਲਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦਾ ਭਰਾ ਸ਼ਮਸ਼ਾਦ ਅਲੀ ਪਿੰਡ ਜੱਲ੍ਹਾ ਵਿਖੇ ਆਪਣਾ ਮੋਟਰਸਾਈਕਲ ਇੱਕ ਸਾਈਡ 'ਤੇ ਰੋਕ ਕੇ ਕਿਸੇ ਦਾ ਫੋਨ ਸੁਣ ਰਿਹਾ ਸੀ ਤਾਂ ਗਲਤ ਦਿਸ਼ਾ ਤੋਂ ਆਏ ਟਰੈਕਟਰ ਚਾਲਕ ਨੇ ਟਰੈਕਟਰ ਉਸ ਦੇ ਭਰਾ ਸ਼ਮਸ਼ਾਦ ਅਲੀ ਦੇ ਉੱਤੇ ਚਾੜ੍ਹ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ।ਟਰੈਕਟਰ ਦੇ ਕਥਿਤ ਡਰਾਈਵਰ ਗੁਰਵਿੰਦਰ ਸਿੰਘ ਵਾਸੀ ਪਿੰਡ ਮੁੱਲਾਂਪੁਰ ਖੁਰਦ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਸਿੱਖਿਆ ਦਾ ਅਧਿਕਾਰ ਕਾਨੂੰਨ ਦੀਆਂ ਉੱਡ ਰਹੀਆਂ ਧੱਜੀਆਂ

**ਜੈਤੋ (ਸਤੀਸ਼ ਕੁਮਾਰ ਭੀਰੀ)**-ਸਾਡੀਆਂ ਸਰਕਾਰਾਂ ਵੱਲੋਂ ਸਮੇਂ ਸਮੇਂ 'ਤੇ ਸਮਾਜ ਦੇ ਐੱਸ ਸੀ/ਐੱਸ ਟੀ ਵਰਗ ਸਮੇਤ ਅਨੇਕਾਂ ਹੋਰ ਸ਼੍ਰੇਣੀਆਂ ਜਿਵੇਂ ਕਿ ਓ ਬੀ ਸੀ, ਵਿਕਲਾਂਗ ਆਦਿ ਬੱਚਿਆਂ ਨੂੰ ਬਿਨਾਂ ਕਿਸੇ ਫੀਸ ਜਾਂ ਸ਼ੁਲਕ ਦੇ ਸਿੱਖਿਆ ਦੇਣੀ ਲਾਜ਼ਮੀ ਕੀਤੀ ਗਈ ਹੈ।ਜੇਕਰ ਦੱਸਿਆ ਜਾਵੇ ਤਾਂ ਇਹ ਕਿ ਰਾਈਟ ਟੂ ਐਜੂਕੇਸ਼ਨ (ਆਰ ਟੀ ਈ) ਕਾਨੂੰਨ ਉਪਰੋਕਤ ਕੈਟਾਗਰੀ ਤਹਿਤ ਤਮਾਮ ਸਰਕਾਰੀ ਗੈਰ-ਸਰਕਾਰੀ ਸਕੂਲਾਂ ਵੱਲੋਂ 25% ਬੱਚਿਆਂ ਨੂੰ ਮੁਫ਼ਤ ਸਿੱਖਿਆ ਦਾ ਅਧਿਕਾਰ ਪ੍ਰਦਾਨ ਕਰਨ ਲਈ ਕਹਿੰਦਾ ਹੈ, ਪ੍ਰੰਤੂ ਕੁਝ ਸਕੂਲਾਂ ਵੱਲੋਂ ਜ਼ਰੂਰਤਮੰਦ ਬੱਚਿਆਂ ਨੂੰ ਇਸ ਅਧਿਕਾਰ ਤੋਂ ਵਾਂਝੇ ਕੀਤਾ ਜਾ ਰਿਹਾ ਹੈ।ਇਸ ਸਬੰਧੀ ਭਰੋਸੇਯੋਗ ਸੂਤਰਾਂ ਮੁਤਾਬਕ ਮਿਲੀ ਜਾਣਕਾਰੀ ਮੁਤਾਬਕ ਪਤਾ ਲੱਗਾ ਹੈ ਕਿ ਜੈਤੋ ਤੇ ਇਸ ਦੇ ਆਸ ਪਾਸ ਇਲਾਕੇ ਦੇ ਕੁਝ ਸਕੂਲਾਂ ਵੱਲੋਂ ਸਿੱਖਿਆ ਦਾ ਅਧਿਕਾਰ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

# ਘੋੜੇ ਟਰਾਲੇ ਨਾਲ ਟਕਰਾਉਣ ਕਾਰਨ ਮੋਟਰਸਾਈਕਲ ਸਵਾਰ ਦੀ ਮੌਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਰਾਮਪੁਰਾ ਫੂਲ ਤੋਂ ਮੌੜ ਮੰਡੀ ਨੂੰ ਜਾਂਦੀ ਲਿੰਕ ਸੜਕ 'ਤੇ ਸਥਿਤ ਪਿੰਡ ਮੰਡੀ ਕਲਾਂ ਦੀ ਡਰੇਨ ਨਜ਼ਦੀਕ ਘੋੜੇ ਟਰਾਲੇ ਨਾਲ ਟਕਰਾਉਣ 'ਤੇ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ। ਜਾਣਕਾਰੀ ਦਿੰਦੇ ਹੋਏ ਸਹਾਰਾ ਸਮਾਜ ਸੇਵਾ ਦੇ ਪ੍ਰਧਾਨ ਸੰਦੀਪ ਵਰਮਾ ਨੇ ਦੱਸਿਆ ਕਿ ਸਾਨੂੰ ਸੂਬ੍ਹਾ ਇਤਲਾਹ ਮਿਲੀ ਕਿ ਪਿੰਡ ਮੰਡੀ ਕਲਾਂ ਨਜ਼ਦੀਕ ਘੋੜੇ ਟਰਾਲੇ ਨਾਲ ਮੋਟਰਸਾਈਕਲ ਸਵਾਰ ਦਾ ਐਕਸੀਡੈਂਟ ਹੋਇਆ ਹੈ ਤਾਂ ਤੁਰੰਤ ਸਹਾਰਾ ਸਮਾਜ ਸੇਵਾ ਦੀ ਐਂਬੂਲੈਂਸ ਘਟਨਾ ਸਥਾਨ 'ਤੇ ਪਹੁੰਚੀ, ਜਦਕਿ ਮੋਟਰਸਾਈਕਲ ਸਵਾਰ ਦੀ ਮੌਕੇ 'ਤੇ ਹੀ ਮੌਤ ਹੋ ਚੁੱਕੀ ਸੀ। ਇਸ ਸਬੰਧੀ ਥਾਣਾ ਬਾਲਿਆਂ ਵਾਲੀ ਦੇ ਏਐੱਸਆਈ ਗੁਰਚਰਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਹਰਵਿੰਦਰ ਸਿੰਘ 38 ਸਾਲ ਪੁੱਤਰ ਅਮਰਜੀਤ ਸਿੰਘ ਵਾਸੀ ਮੰਡੀ ਕਲਾਂ, ਜੋ ਕਿ ਫਤਿਹ ਕਾਲਜ ਇੰਸਟੀਚਿਊਟ ਵਿੱਚ ਸਕਿਉਰਟੀ ਗਾਰਡ ਸੀ, ਉਹ ਕਾਲਜ ਵਿੱਚੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਘਰ ਜਾ ਰਿਹਾ ਸੀ ਤਾਂ ਰਸਤੇ ਵਿੱਚ ਚਲਦੇ ਹੋਏ ਘੋੜੇ ਟਰਾਲੇ ਨੇ ਇਕਦਮ ਬਰੇਕ ਮਾਰ ਦਿੱਤੀ, ਉਸ ਦੇ ਪਿੱਛੇ ਕੋਈ ਵੀ ਲਾਈਟ ਨਹੀਂ ਚੱਲ ਰਹੀ ਸੀ ਤਾਂ ਇਹ ਨੌਜਵਾਨ ਘੋੜੇ ਟਰਾਲੇ ਨਾਲ ਟਕਰਾ ਗਿਆ ਅਤੇ ਇਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਮ੍ਰਿਤਕ ਦੇ ਭਰਾ ਦਰਸ਼ਨ ਸਿੰਘ ਦੇ ਬਿਆਨਾਂ 'ਤੇ ਘੋੜੇ ਟਰਾਲੇ ਸਮੇਤ ਡਰਾਈਵਰ ਵਿਕਾਸ ਕੁਮਾਰ ਖਿੱਚਰ ਪੁੱਤਰ ਓਮ ਪ੍ਰਕਾਸ਼ ਵਾਸੀ ਰਾਜਸਥਾਨ ਖਿਲਾਫ ਵੱਖ ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਘੋੜੇ ਟਰਾਲੇ ਨੂੰ ਕਬਜ਼ੇ ਵਿੱਚ ਲੈ ਕੇ ਡਰਾਈਵਰ ਨੂੰ ਵੀ ਕਾਬੂ ਕਰ ਲਿਆ ਗਿਆ ਹੈ। ਮ੍ਰਿਤਕ ਨੌਜਵਾਨ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਅੰਤਿਮ ਸੰਸਕਾਰ ਕਰਨ ਲਈ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

# ਭਾਰਤ ਨਗਰ ਚੌਕ ਵਿਖੇ ਮੇਜਰ ਭੁਪਿੰਦਰ ਸਿੰਘ ਦੀ ਸ਼ਹੀਦੀ ਵਰ੍ਹੇਗੰਢ ਮਨਾਈ

## ਭਾਰਤ ਨਗਰ ਚੌਕ ਵਿਖੇ ਸ਼ਹੀਦ ਮੇਜਰ ਭੁਪਿੰਦਰ ਸਿੰਘ ਦੇ ਬੁੱਤ ਤੇ ਟੈਂਕ ਨੂੰ ਬਹਾਲ ਕਰਨ ਦੀ ਕੀਤੀ ਮੰਗ

**ਲੁਧਿਆਣਾ (ਐੱਮ ਐੱਸ ਭਾਟੀਆ)**
3 ਅਕਤੂਬਰ 1965 ਨੂੰ ਪਾਕਿਸਤਾਨੀ ਫ਼ੌਜ ਨਾਲ ਲੋਹਾ ਲੈਂਦੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਮੇਜਰ ਭੁਪਿੰਦਰ ਸਿੰਘ ਮਹਾਂਵੀਰ ਚੱਕਰ ਦੀ 60ਵੀਂ ਸ਼ਹੀਦੀ ਵਰ੍ਹੇਗੰਢ ਮਨਾਉਣ ਲਈ ਅੱਜ ਪੀਏਸੀ ਮੱਤੇਵਾੜਾ ਵੱਲੋਂ ਭਾਰਤ ਨਗਰ ਚੌਕ ਵਿਖੇ ਇੱਕ ਜਨਤਕ ਮੀਟਿੰਗ ਕੀਤੀ ਗਈ।ਨਾਗਰਿਕ, ਸਮਾਜਿਕ ਸੰਗਠਨ ਤੇ ਸਾਬਕਾ ਸੈਨਿਕ ਐਸੋਸੀਏਸ਼ਨ ਦੇ ਮੈਂਬਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਅਤੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪ੍ਰਸ਼ਾਸਨ ਸਾਹਮਣੇ ਸਪੱਸ਼ਟ ਮੰਗਾਂ ਰੱਖੀਆਂ।ਇਸ ਸਮਾਰੋਹ ਵਿੱਚ ਭਾਰਤ ਨਗਰ ਦੁਕਾਨਦਾਰ ਐਸੋਸੀਏਸ਼ਨ ਤੇ ਬਾਰ ਐਸੋਸੀਏਸ਼ਨ ਦੇ ਮੈਂਬਰ ਵੀ ਸ਼ਾਮਲ ਹੋਏ ਅਤੇ ਮਸਲੇ 'ਤੇ ਏਕਤਾ ਦਾ ਪ੍ਰਗਟਾਵਾ ਕੀਤਾ।ਕਿਸਾਨ ਯੂਨੀਅਨ ਦੇ ਆਗੂ ਦਿਲਬਾਗ ਸਿੰਘ ਗਿੱਲ ਨੇ ਹਿੱਸਾ ਲਿਆ ਤੇ ਕਿਸਾਨ ਜਥੇਬੰਦੀਆਂ ਨੇ ਪੂਰਾ ਸਮਰਥਨ ਦਿੱਤਾ।ਪੀਏਸੀ ਮੈਂਬਰ ਕੁਲਦੀਪ ਸਿੰਘ ਖਹਿਰਾ ਤੇ ਗੁਰਪ੍ਰੀਤ ਸਿੰਘ ਪਲਾਹਾ ਸ਼ਹੀਦ ਦੇ ਜੱਦੀ ਪਿੰਡ ਦੇ ਖੇਤਾਂ ਤੋਂ ਮਿੱਟੀ ਚੌਕ ਦੇ ਗੋਲ ਚੱਕਰ ਦੀ ਮਿੱਟੀ ਵਿੱਚ ਮਿਲਾਉਣ ਲਈ ਲੈ ਕੇ ਪਹੁੰਚੇ।ਸਾਰਿਆਂ ਨੇ ਮਿਲ ਕੇ ਸ਼ਰਧਾਂਜਲੀ ਦਿੱਤੀ, ਜਿਸ ਦੀ ਅਗਵਾਈ ਬ੍ਰਿਗੇਡੀਅਰ ਇੰਦਰ ਮੋਹਨ ਸਿੰਘ (ਸੇਵਾਮੁਕਤ) ਪ੍ਰਧਾਨ ਇੰਡੀਅਨ ਐਕਸ-ਸਰਵਿਸਿਜ਼ ਲੀਗ ਨੇ ਕੀਤੀ। ਮੇਜਰ ਭੁਪਿੰਦਰ ਸਿੰਘ (ਮਹਾਵੀਰ ਚੱਕਰ) ਤੇ ਉਨ੍ਹਾਂ ਦੇ ਟੈਂਕ ਦੀ ਤਸਵੀਰ ਵਾਲਾ ਇੱਕ ਫਲੈਕਸ ਵੀ ਚੌਕ 'ਤੇ ਲਗਾਇਆ ਗਿਆ।ਪੀਏਸੀ ਮੱਤੇਵਾੜਾ ਨੇ ਦੱਸਿਆ ਕਿ ਹੀਰੋ ਸਾਈਕਲਜ਼ ਲਿਮਿਟਿਡ, ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਤੇ ਲੁਧਿਆਣਾ ਨਗਰ ਨਿਗਮ ਨੂੰ ਚੌਕ 'ਤੇ ਗੈਰ-ਕਾਨੂੰਨੀ ਤਬਦੀਲੀਆਂ ਲਈ ਪਹਿਲਾਂ ਹੀ ਇੱਕ ਅਦਾਲਤ ਦੀ ਤੌਹੀਨ ਦਾ ਨੋਟਿਸ ਭੇਜਿਆ ਜਾ ਚੁੱਕਾ ਹੈ, ਜਿਸ ਵਿੱਚ ਪ੍ਰਕਾਸ਼ਮਾਨ ਹੋਰਡਿੰਗਜ਼ ਲਗਾਉਣਾ, ਸਾਈਕਲ ਦੇ ਆਕਾਰ ਦਾ ਢਾਂਚਾ ਤੇ ਗੋਲ ਚੱਕਰ ਵਾਲਾ ਪਲੇਟਫਾਰਮ ਉੱਚਾ ਕਰਨਾ ਸ਼ਾਮਲ ਹੈ, ਇਹ ਸਭ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਆਦੇਸ਼ਾਂ ਦੇ ਨਾਲ-ਨਾਲ ਟ੍ਰੈਫਿਕ ਸੁਰੱਖਿਆ ਨਿਯਮਾਂ ਦੀ ਉਲੰਘਣਾ ਹੈ।

ਇੰਡੀਅਨ ਐਕਸ-ਸਰਵਿਸਿਜ਼ ਲੀਗ ਦੇ ਪ੍ਰਧਾਨ ਬ੍ਰਿਗੇਡੀਅਰ ਇੰਦਰ ਮੋਹਨ ਸਿੰਘ (ਸੇਵਾਮੁਕਤ) ਨੇ ਕਿਹਾ ਕਿ ਇਹ ਇੱਕ ਬਹੁਤ ਹੀ ਸਹੀ ਤੇ ਜਾਇਜ਼ ਮੰਗ ਹੈ ਅਤੇ ਮੈਂ ਪੱਛਮੀ ਕਮਾਂਡ ਨੂੰ ਮੁੱਖ ਮੰਤਰੀ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰਨ ਲਈ ਲਿਖਾਂਗਾ ਤੇ ਇਹ ਯਕੀਨੀ ਬਣਾਵਾਂਗਾ ਕਿ ਇਹ ਸਾਡੇ ਸ਼ਹੀਦ ਲਈ ਸਭ ਤੋਂ ਸਤਿਕਾਰਯੋਗ ਢੰਗ ਨਾਲ ਕੀਤਾ ਜਾਵੇ।ਇਸ ਪ੍ਰਦਰਸ਼ਨ ਵਿੱਚ ਸੀਪੀਆਈ ਲੁਧਿਆਣਾ ਸ਼ਹਿਰੀ ਦੇ ਸਕੱਤਰ ਐੱਮ ਐੱਸ ਭਾਟੀਆ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਏ ਤੇ ਉਨ੍ਹਾਂ ਨੇ ਰੈਲੀ ਨੂੰ ਵੀ ਸੰਬੋਧਨ ਕੀਤਾ।ਜ਼ਿਕਰਯੋਗ ਹੈ ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਲੁਧਿਆਣਾ ਸ਼ਹਿਰੀ ਪਹਿਲਾਂ ਹੀ ਇਸ ਮਸਲੇ ਬਾਰੇ ਡਿਪਟੀ ਕਮਿਸ਼ਨਰ ਨੂੰ ਲਿਖ ਚੁੱਕੀ ਹੈ ਤੇ ਇਹ ਮੰਗ ਕਰ ਚੁੱਕੀ ਹੈ ਕਿ ਸ਼ਹੀਦਾਂ ਨੂੰ ਬਣਦਾ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ ਅਤੇ ਵਿਰਾਸਤੀ ਭਾਰਤ ਨਗਰ ਚੌਕ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ।



# ਮਾਤਾ ਹਰਬੰਸ ਕੌਰ ਦਾ 100ਵਾਂ ਜਨਮ ਦਿਨ ਮਨਾ ਕੇ ਨਵੀਂ ਪਿਰਤ ਪਾਈ : ਰਾਮੂਵਾਲੀਆ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਇਥੋਂ ਥੋੜ੍ਹੀ ਦੂਰ ਪਿੰਡ ਸੁੰਦਰ ਸਿੰਘ ਵਾਲਾ ਵਿਖੇ 100 ਸਾਲਾ ਮਾਤਾ ਹਰਬੰਸ ਕੌਰ ਸੁਪਤਨੀ ਸਵ. ਕਾਮਰੇਡ ਦਲੀਪ ਸਿੰਘ ਦਾ 100ਵਾਂ ਜਨਮ ਦਿਨ ਮਨਾ ਕੇ ਉਨ੍ਹਾਂ ਦੀ ਲੰਬੀ ਉਮਰ ਤੇ ਚੰਗੀ ਸਿਹਤ ਦੀ ਕਾਮਨਾ ਕੀਤੀ ਗਈ।ਉਨ੍ਹਾਂ ਦੇ ਪੁੱਤਰ ਤੇ ਮਾਰਕਸੀ ਆਗੂ ਕਾਮਰੇਡ ਰਮੇਸ਼ ਸਿੰਘ ਆਜ਼ਾਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਜ਼ੁਰਗ ਅਵਸਥਾ 'ਚ ਮਾਤਾ ਦਾ 100ਵਾਂ ਜਨਮ ਦਿਨ ਮਨਾਉਣਾ ਬੱਚਿਆਂ 'ਚ ਆਪਣੇ ਮਾਪਿਆਂ ਦੀ ਇੱਜ਼ਤ ਤੇ ਸੇਵਾ ਸੰਭਾਲ ਦੇ ਸੰਕਲਪ ਨੂੰ ਪੱਕਿਆਂ ਕਰਨਾ ਹੈ।ਸਮਾਗਮ ਮੌਕੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਉਨ੍ਹਾਂ ਮਾਤਾ ਦੇ ਸੰਘਰਸ਼ੀ ਜੀਵਨ ਬਾਰੇ ਬੋਲਦਿਆਂ ਕਾਮਰੇਡ ਰਮੇਸ਼ ਸਿੰਘ ਆਜ਼ਾਦ ਤੇ ਉਨ੍ਹਾਂ ਦੇ ਵਿਦੇਸ਼ ਰਹਿੰਦੇ ਬੱਚਿਆਂ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਘਰ ਦੇ ਬਜ਼ੁਰਗਾਂ ਦੇ ਸਨਮਾਨ ਦੀ ਇਲਾਕੇ 'ਚ ਨਵੀਂ ਪਿਰਤ ਪਾਈ।ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਜੁੜੀ ਸੰਗਤ ਨੂੰ ਲੋਕ ਭਲਾਈ ਪਾਰਟੀ ਦੇ ਆਗੂ ਜਨਕ ਰਾਜ ਕਲਵਾਣੂ ਤੇ ਸੀ. ਪੀ. ਆਈ. (ਐੱਮ.) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਗੁਰਦਰਸ਼ਨ ਸਿੰਘ ਖਾਸਪੁਰ ਨੇ ਮਾਤਾ ਜੀ ਦੇ ਪਰਿਵਾਰ ਨਾਲ ਪੁਰਾਣੀ ਸਾਂਝ ਦੀ ਯਾਦ ਤਾਜ਼ਾ ਕੀਤੀ।ਇਸ ਪ੍ਰਭਾਵਸ਼ਾਲੀ ਪ੍ਰੋਗਰਾਮ ਦੀ ਵਿਲੱਖਣਾ ਇਹ ਰਹੀ ਕਿ ਇੱਥੇ ਉੱਘੇ ਦੇਸ਼ ਭਗਤ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦੀ ਪੋਤੀ ਜਸਵੀਰ ਕੌਰ ਤੇ ਉੱਘੇ ਹਾਕੀ ਓਲਿੰਪਕ ਖਿਡਾਰੀ ਸਵ. ਪ੍ਰਿਥੀਪਾਲ ਸਿੰਘ ਦੀ ਭੈਣ ਬੀਬੀ ਬਲਬੀਰ ਕੌਰ ਤੇ ਐਡੀਸ਼ਨਲ ਸੈਸ਼ਨ ਜੱਜ ਬਣੇ ਮੈਡਮ ਸੀਮਾ ਦੇ ਪਰਿਵਾਰ ਨੇ ਵੀ ਸ਼ਮੂਲੀਅਤ ਕੀਤੀ, ਜਿਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

# ਸਾਬਕਾ ਚੇਅਰਮੈਨ ਕਲਿਆਣ ਦਾ ਅਕਾਲੀ ਆਗੂਆਂ ਵੱਲੋਂ ਸਨਮਾਨ




**ਸਮਾਣਾ (ਇਕਬਾਲ ਸਿੰਘ ਬੱਲ)**-ਸਾਬਕਾ ਚੇਅਰਮੈਨ ਜਸਪਾਲ ਸਿੰਘ ਕਲਿਆਣ ਦੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) 'ਚ ਸ਼ਾਮਲ ਹੋਣ ਉਪਰੰਤ ਪਹਿਲੀ ਵਾਰ ਸਮਾਣਾ ਪਹੁੰਚਣ 'ਤੇ ਸਾਬਕਾ ਕੌਂਸਲਰ ਮਨਜਿੰਦਰ ਸਿੰਘ ਰਾਣਾ ਸੇਖੋਂ, ਸਾਬਕਾ ਚੇਅਰਮੈਨ ਅਸ਼ੋਕ ਮੋਦਗਿਲ, ਪ੍ਰਿੰਸੀਪਲ ਮੋਹਨ ਲਾਲ ਸ਼ਰਮਾ, ਹਰਜਿੰਦਰ ਸਿੰਘ ਬੱਲ ਸਾਬਕਾ ਚੇਅਰਮੈਨ, ਬਲਦੇਵ ਸਿੰਘ ਬਠੋਈ, ਰਣਧੀਰ ਸਿੰਘ ਜੌੜਾਮਾਜਰਾ ਤੇ ਹਰਿੰਦਰ ਸਿੰਘ ਕੁਲਬੁਰਛਾਂ ਆਦਿ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਸ੍ਰ. ਕਲਿਆਣ ਨੇ ਕਿਹਾ ਕਿ ਪਾਰਟੀ ਦੇ ਪ੍ਰਧਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਦੀ ਅਗਵਾਈ 'ਚ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੂੰ ਮੁੜ ਮਜ਼ਬੂਤ ਕਰਨ ਲਈ ਅੱਜ ਪੰਜਾਬ ਭਰ ਦੇ ਲੋਕਾਂ 'ਚ ਭਾਰੀ ਉਤਸ਼ਾਹ ਤੇ ਜੋਸ਼ ਪਾਇਆ ਜਾ ਰਿਹਾ ਹੈ।ਇਸ ਮੌਕੇ ਰਾਣਾ ਸੇਖੋਂ ਤੇ ਅਸ਼ੋਕ ਮੋਦਗਿਲ ਨੇ ਕਿਹਾ ਕਿ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਪੁਨਰ ਸੁਰਜੀਤ ਹੋਏ ਸ਼੍ਰੋਮਣੀ ਅਕਾਲੀ ਦਲ 'ਚ ਜਿੱਥੇ ਵੱਖ-ਵੱਖ ਪਾਰਟੀਆਂ ਦੇ ਆਗੂ ਸ਼ਾਮਲ ਹੋ ਰਹੇ ਹਨ, ਉੱਥੇ ਹੀ ਕਈ ਵੱਡੇ ਆਗੂ ਵੀ ਮੁੜ ਘਰ ਵਾਪਸੀ ਕਰ ਰਹੇ ਹਨ, ਜੋ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਭਵਿੱਖ ਲਈ ਸ਼ੁਭ ਸੰਕੇਤ ਹੈ।

# ਜ਼ਮੀਨ ਦੇ ਝਗੜੇ ਨੂੰ ਲੈ ਕੇ ਕੁੱਟਮਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਮਮਦੋਟ ਵਿਖੇ ਜ਼ਮੀਨ ਦੇ ਝਗੜੇ ਨੂੰ ਲੈ ਕੇ ਇਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਮਮਦੋਟ ਪੁਲਸ ਨੇ 5 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰਪ੍ਰੀਤ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਦੋਨਾ ਤੇਲੂ ਮੱਲ (ਮੱਬੋ ਕੇ) ਨੇ ਦੱਸਿਆ ਕਿ ਉਹ ਪਿੰਡ ਦਾ ਮੌਜੂਦਾ ਸਰਪੰਚ ਹੈ। ਬੀਤੀ 1 ਅਕਤੂਬਰ 2025 ਨੂੰ ਕਰੀਬ ਦੁਪਹਿਰ ਸਵਾ 12 ਵਜੇ ਉਹ ਆਪਣੇ ਘਰ ਤੋਂ ਕੰਮਕਾਰ ਦੇ ਸਬੰਧ ਵਿਚ ਬੀਡੀਪੀਓ ਦਫਤਰ ਮਮਦੋਟ ਜਾ ਰਿਹਾ ਸੀ ਤਾਂ ਜਦ ਉਹ ਬੀਡੀਪੀਓ ਦਫਤਰ ਮਮਦੋਟ ਦੇ ਬਾਹਰ ਗੇਟ ਕੋਲ ਪੁੱਜਾ ਤਾਂ ਦੋਸ਼ੀਆਨ ਕੰਧਾਰਾ ਸਿੰਘ ਪੁੱਤਰ ਸੋਹਣ ਸਿੰਘ, ਪਰਮਜੀਤ ਸਿੰਘ ਪੁੱਤਰ ਮੁਖਤਿਆਰ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਬਲਜੀਤ ਸਿੰਘ, ਮਲਕੀਤ ਸਿੰਘ ਉਰਫ ਸੋਨੂੰ ਪੁੱਤਰ ਜੰਗੀਰ ਸਿੰਘ ਤੇ ਨਿਸ਼ਾਨ ਸਿੰਘ ਪੁੱਤਰ ਪਿਸ਼ੌਰ ਸਿੰਘ ਵਾਸੀਆਨ ਦੋਨਾ ਤੇਲੂ ਮੱਲ ਪਹਿਲਾਂ ਹੀ ਬੀਡੀਪੀਓ ਦਫਤਰ ਦੇ ਗੇਟ ਅੱਗੇ ਖੜੇ ਸਨ, ਜਿਨ੍ਹਾਂ ਨੇ ਉਸ ਦੇ ਹਮਮਸ਼ਵਰਾ ਹੋ ਕੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਪ੍ਰਨੀਤ ਕੌਰ ਦੇ ਜਨਮ ਦਿਨ ਨੂੰ ਸਮਰਪਤ ਖ਼ੂਨ ਦਾਨ ਕੈਂਪ

**ਸਮਾਣਾ (ਇਕਬਾਲ ਸਿੰਘ ਬੱਲ)**
ਵਿਕਾਸ ਦੀ ਦੇਵੀ ਤੇ ਸਮਾਜ ਸੇਵਾ ਨੂੰ ਸਮਰਪਤ ਮਹਾਰਾਣੀ ਪਰਨੀਤ ਕੌਰ ਦੇ ਜਨਮ ਦਿਨ ਮੌਕੇ ਪਟਿਆਲਾ ਵਿਖੇ ਲਗਵਾਏ ਖ਼ੂਨਦਾਨ ਕੈਂਪ ਵਿੱਚ ਭਾਜਪਾ ਆਗੂ ਕਰੁਨ ਕੌੜਾ ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਕਰੁਨ ਕੌੜਾ ਨੇ ਮੀਡੀਆ ਦੇ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਖ਼ੂਨਦਾਨ ਮਹਾ-ਦਾਨ ਹੈ, ਹਰ ਵਿਅਕਤੀ ਨੂੰ ਘੱਟੋ-ਘੱਟ ਛੇ ਮਹੀਨਿਆਂ ਵਿੱਚ ਇੱਕ ਵਾਰ ਖ਼ੂਨ ਦਾਨ ਕਰਨਾ ਚਾਹੀਦਾ ਹੈ।ਇਸ ਨਾਲ ਨਾ ਸਿਰਫ਼ ਖ਼ੂਨ ਦਾ ਸਰਕਲ ਸਹੀ ਬਣਿਆ ਰਹਿੰਦਾ ਹੈ, ਸਗੋਂ ਲੋਕ ਜੋ ਮਦਦ ਦੇ ਉਡੀਕ ਵਿੱਚ ਹਨ, ਉਨ੍ਹਾਂ ਦੀ ਜ਼ਿੰਦਗੀ ਵੀ ਬਚਾਈ ਜਾ ਸਕਦੀ ਹੈ।ਇਸ ਮੌਕੇ ਬੋਲਦਿਆਂ ਬੀਜੇਪੀ ਜ਼ਿਲ੍ਹਾ ਪ੍ਰਧਾਨ ਵਿਜੇ ਕੂਕਾ ਨੇ ਕਿਹਾ ਕਿ ਮੈਂ ਇਸ ਕੈਂਪ 'ਚ ਆ ਕੇ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਨਾਲ ਮਿਲ ਕੇ ਬਹੁਤ ਖ਼ੁਸ਼ ਹਾਂ।ਮੈਂ ਤੁਹਾਡੇ ਉੱਤੇ ਮਾਣ ਮਹਿਸੂਸ ਕਰਦਾ ਹਾਂ ਕਿ ਤੁਸੀਂ ਅੱਜ ਇਸ ਸੇਵਾ ਵਿੱਚ ਯੋਗਦਾਨ ਦਿੱਤਾ।ਇਸ ਕੈਂਪ ਦੀ ਅਗਵਾਈ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਕੂਕਾ ਵੱਲੋਂ ਕੀਤੀ ਗਈ। ਇਸ ਮੌਕੇ ਨਿਖਿਲ ਕਾਕਾ, ਨਕੁਲ ਸੋਫਤ, ਮੰਡਲ ਪ੍ਰਧਾਨ ਰਜਿੰਦਰ ਸਿੰਧੀ ਪ੍ਰਧਾਨ ਤ੍ਰਿਪੜੀ ਮੰਡਲ ਬੀ.ਜੇ.ਪੀ., ਐਡਵੋਕੇਟ ਹਰਪ੍ਰੀਤ ਸਿੰਘ ਭੰਮਰਾ, ਰਾਜੇਸ਼ ਪਾਠਕ, ਪਵਨ ਸਚਦੇਵਾ, ਪਰਮਿੰਦਰ ਸਿੰਘ ਮੌਜੂਦ ਰਹੇ।




# ਸਾਂਝ ਬਲੱਡ ਵੈੱਲਫੇਅਰ ਕਲੱਬ ਨੂੰ ਸਟੇਟ ਐਵਾਰਡ ਸਣੇ 4 ਸਨਮਾਨ



**ਫਰੀਦਕੋਟ/ਪਟਿਆਲਾ (ਐਲਿਗਜੈਂਡਰ ਡਿਸੂਜਾ)**-ਖ਼ੂਨਦਾਨ ਦੇ ਖੇਤਰ ਵਿੱਚ ਲਾਮਿਸਾਲ ਸੇਵਾਵਾਂ ਬਦਲੇ ਸਾਂਝ ਬਲੱਡ ਵੈੱਲਫੇਅਰ ਕਲੱਬ (ਰਜਿ) ਫਰੀਦਕੋਟ ਨੂੰ ਪੰਜਾਬ ਸਰਕਾਰ ਵੱਲੋਂ ਵੱਡਾ ਮਾਣ ਬਖਸ਼ਿਆ ਗਿਆ ਹੈ।

ਮਾਲਵਾ ਖੇਤਰ ਵਿੱਚ ਲੰਮੇ ਸਮੇਂ ਤੋਂ ਖ਼ੂਨਦਾਨ ਕੈਂਪਾਂ ਤੇ ਲੋੜਵੰਦ ਮਰੀਜ਼ਾਂ ਨੂੰ ਖ਼ੂਨ ਦੀ ਸੇਵਾ ਮੁਹੱਈਆ ਕਰਵਾਉਣ ਲਈ ਕਲੱਬ ਨੂੰ ਪਟਿਆਲਾ ਵਿਖੇ ਰਾਸ਼ਟਰੀ ਸਵੈ-ਇੱਛਕ ਖ਼ੂਨਦਾਨ ਦਿਵਸ ਮੌਕੇ ਸਟੇਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ਸਰਕਾਰ, ਡਾ. ਬਲਬੀਰ ਸਿੰਘ ਵੱਲੋਂ ਇਹ ਵਿਸ਼ੇਸ਼ ਸਨਮਾਨ ਦਿੱਤਾ ਗਿਆ।ਇਸ ਮੌਕੇ ਕਲੱਬ ਦੇ ਸਰਪ੍ਰਸਤ ਰਾਜਨ ਦੂਆ ਰੋੜੀਕਪੂਰਾ ਦੀ ਅਗਵਾਈ ਹੇਠ ਸਮੂਹ ਟੀਮ ਨੇ ਸਟੇਟ ਐਵਾਰਡ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਸਾਂਝ ਬਲੱਡ ਵੈੱਲਫੇਅਰ ਕਲੱਬ ਫਰੀਦਕੋਟ ਨੂੰ 3 ਹੋਰ ਵਿਅਕਤੀਗਤ ਸਟੇਟ ਐਵਾਰਡਾਂ ਨਾਲ ਵੀ ਨਿਵਾਜਿਆ ਗਿਆ।ਇਹ ਸਨਮਾਨ ਕਲੱਬ ਦੇ ਮੈਂਬਰਾਂ ਨੂੰ ਐੱਸ.ਡੀ.ਪੀ. ਸੈੱਲ ਦੇ 25 ਵਾਰ ਤੋਂ ਵੱਧ ਦਾਨ ਦੇਣ ਲਈ ਦਿੱਤੇ ਗਏ।ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਕਲੱਬ ਦੇ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਗੋਰਾ, ਸੁਖਪਾਲ ਸਿੰਘ ਸੁੱਖਾ ਜਵੰਦਾ ਰੋੜੀਕਪੂਰਾ ਅਤੇ ਗੁਰਜੀਤ ਸਿੰਘ ਹਰੀਕੇ ਕਲਾਂ ਸ਼ਾਮਲ ਹਨ।ਕਲੱਬ ਦੇ ਸਰਪ੍ਰਸਤ ਰਾਜਨ ਦੂਆ ਅਤੇ ਪ੍ਰਧਾਨ ਪੰਕਜ ਦਿਉੜਾ ਵਾੜਾ ਦਰਾਕਾ ਨੇ ਸਟੇਟ ਐਵਾਰਡ ਮਿਲਣ 'ਤੇ ਖੁਸ਼ੀ ਜ਼ਾਹਰ ਕਰਦਿਆਂ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

ਇਸ ਮੌਕੇ ਰਾਜਵਿੰਦਰ ਸਿੰਘ ਕਾਬਲ ਵਾਲਾ, ਸਮਾਜ ਸੇਵੀ ਅਧਿਆਪਕ ਤੇ ਲੇਖਕ ਪ੍ਰਮੋਦ ਧੀਰ ਜੈਤੋ, ਸਰਪੰਚ ਜਸਪਾਲ ਸਿੰਘ ਜੱਸਾ ਨੰਬਰਦਾਰ ਰੋੜੀਕਪੂਰਾ, ਅਮਰਜੀਤ ਸਿੰਘ ਰੋੜੀਕਪੂਰਾ, ਰਮਨ ਸਿੰਘ ਰੋੜੀਕਪੂਰਾ, ਪ੍ਰਦੀਪ ਕੁਮਾਰ, ਸੁਰਜੀਤ ਸਿੰਘ ਔਰੜਾ ਜੈਤੋ, ਮਨੀਸ਼ ਜੈਤੋ, ਧਰਮਿੰਦਰ ਸਿੰਘ ਆਦਿ ਕਲੱਬ ਮੈਂਬਰਾਂ ਨੇ ਸਮੂਹਕ ਤੌਰ 'ਤੇ ਸਟੇਟ ਐਵਾਰਡ ਪ੍ਰਾਪਤ ਕੀਤਾ।

# ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ

**ਮਗਾ (ਇਕਬਾਲ ਸਿੰਘ ਖਹਿਰਾ)**-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈਲਫੇਅਰ ਐਸੋਸੀਏਸ਼ਨ ਰਜਿਸਟਰਡ ਮੋਗਾ ਦੀ ਮਹੀਨਾਵਾਰ ਮੀਟਿੰਗ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਮੋਗਾ ਵਿਖੇ ਹੋਈ, ਜਿਸ ਵਿੱਚ ਸਮੁੱਚੇ ਐਸੋਸੀਏਸ਼ਨ ਮੈਂਬਰ ਸ਼ਾਮਲ ਹੋਏ।

ਮੀਟਿੰਗ ਦੌਰਾਨ ਐਸੋਸੀਏਸ਼ਨ ਮੈਂਬਰਾ ਦੀਆ ਸਮੱਸਿਆ ਦੇ ਨਾਲ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਆਰਥਿਕ ਨੁਕਸਾਨ 'ਤੇ ਚਿੰਤਾ ਪ੍ਰਗਟ ਕੀਤੀ ਗਈ।ਮੀਟਿੰਗ ਦੀ ਕਾਰਵਾਈ ਗੁਰਮੇਲ ਸਿੰਘ ਗੋਂਦਾਰਾ ਜਨਰਲ ਸਕੱਤਰ ਵੱਲੋ ਚਲਾਈ ਗਈ।ਮੀਟਿੰਗ ਦੌਰਾਨ ਚਮਕੌਰ ਸਿੰਘ ਰਿਟਾਇਰਡ ਕਾਨੂੰਨਗੋ ਤੇ ਬਲਜੀਤ ਸਿੰਘ ਰਿਟਾਇਰਡ ਪਟਵਾਰੀ ਆਪਣੀ ਰਿਟਾਇਰਮੈਂਟ ਲੈਣ ਤੋਂ ਬਾਅਦ ਮੈਂਬਰਸ਼ਿਪ ਲੈ ਕੇ ਐਸੋਸੀਏਸ਼ਨ ਵਿੱਚ ਸ਼ਾਮਲ ਹੋਏ।ਸ਼ਾਮਲ ਹੋਏ ਮੈਂਬਰਾ ਨੇ ਐਸੋਸੀਏਸ਼ਨ ਨੂੰ ਭਰੋਸਾ ਦੁਆਇਆ ਕਿ ਐਸੋਸੀਏਸ਼ਨ ਦੇ ਹਰ ਕਾਰਜ ਵਿੱਚ ਪਹਿਲ ਦੇ ਅਧਾਰ 'ਤੇ ਪੂਰਾ ਸਹਿਯੋਗ ਦਿੱਤਾ ਜਾਵੇਗਾ। ਸ਼ਾਮਲ ਹੋਏ ਸਾਥੀਆਂ ਦਾ ਹਾਜ਼ਰ ਮੈਂਬਰਾਂ ਵੱਲੋਂ ਸਵਾਗਤ ਕੀਤਾ ਗਿਆ ਤੇ ਹਰ ਦੁੱਖ ਸੁੱਖ ਵਿੱਚ ਨਾਲ ਖੜਨ ਦਾ ਭਰੋਸਾ ਦਿੱਤਾ ਗਿਆ।ਮੀਟਿੰਗ ਦੌਰਾਨ ਕੈਨੇਡਾ ਪੀ ਆਰ ਸਾਥੀਆ ਮੰਗਤ ਸਿੰਘ ਸਹੋਤਾ ਸਾਬਕਾ ਜ਼ਿਲ੍ਹਾ ਪ੍ਰਧਾਨ, ਤਾਰਾ ਸਿੰਘ ਪਟਵਾਰੀ ਫਤਿਹਗੜ੍ਹ ਪੰਜਤੂਰ, ਪ੍ਰੀਤਮ ਸਿੰਘ ਪਟਵਾਰੀ ਘੋਲੀਆ, ਕੁਲਵੰਤ ਸਿੰਘ ਪਟਵਾਰੀ ਚੜਿੱਕ ਤੇ ਸੁਖਵਿੰਦਰ ਸਿੰਘ ਕਾਨੂੰਨਗੋ ਸਮਾਧਭਾਈ ਵੱਲੋਂ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਰਾਹੀਂ ਐਸੋਸੀਏਸ਼ਨ ਨੂੰ ਮਾਇਕ ਸਹਾਇਤਾ ਛੇ ਹਜ਼ਾਰ ਰੁਪਏ ਭੇਜੇ ਗਏ।ਮੀਟਿੰਗ ਦੌਰਾਨ ਵਿਦੇਸ਼ ਰਹਿੰਦੇ ਸਾਥੀਆਂ ਵੱਲੋਂ ਮਾਇਕ ਸਹਾਇਤਾ ਭੇਜਣ 'ਤੇ ਸਾਥੀਆਂ ਦਾ ਧੰਨਵਾਦ ਕੀਤਾ ਗਿਆ।



# ਡਵੀਜ਼ਨਲ ਕਮਿਸ਼ਨਰ ਵੱਲੋਂ ਅਹਿਲਮਦ ਨੂੰ ਗਲਤ ਜਾਣਕਾਰੀ ਦੇਣ ਦੇ ਮਾਮਲੇ 'ਚ ਨੋਟਿਸ

## ਸਬ-ਡਵੀਜ਼ਨ ਫਤਹਿਗੜ੍ਹ ਸਾਹਿਬ ਤੇ ਅਮਲੋਹ ਦੇ ਮਾਲ ਰਿਕਾਰਡ ਦੀ ਕੀਤੀ ਪੜਤਾਲ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਪਟਿਆਲਾ ਡਵੀਜ਼ਨ ਦੇ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਫਤਹਿਗੜ੍ਹ ਸਾਹਿਬ ਵਿਖੇ ਸਬ ਡਵੀਜ਼ਨ ਦਫ਼ਤਰ ਦੇ ਮਾਲ ਰਿਕਾਰਡ ਦੀ ਜਾਂਚ ਪੜਤਾਲ ਦੌਰਾਨ ਬੇਨਿਯਮੀਆਂ ਸਾਹਮਣੇ ਆਉਣ 'ਤੇ ਐੱਸ.ਡੀ.ਐੱਮ. ਦਫ਼ਤਰ ਵਿਖੇ ਤਾਇਨਾਤ ਅਹਿਲਮਦ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ।ਜ਼ਿਕਰਯੋਗ ਹੈ ਕਿ ਡਵੀਜ਼ਨਲ ਕਮਿਸ਼ਨਰ ਵੱਲੋਂ ਅੱਜ ਸਬ ਡਵੀਜ਼ਨ ਫਤਹਿਗੜ੍ਹ ਸਾਹਿਬ ਤੇ ਸਬ ਡਵੀਜ਼ਨ ਅਮਲੋਹ ਵਿਖੇ ਤਾਇਨਾਤ ਉੱਪ ਮੰਡਲ ਮੈਜਿਸਟਰੇਟ, ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ ਆਦਿ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਅਚਨਚੇਤ ਦੌਰਾ ਕੀਤਾ ਗਿਆ ਅਤੇ ਇਸ ਦੌਰਾਨ ਗਲਤ ਜਾਣਕਾਰੀ ਦਾ ਮਾਮਲਾ ਸਾਹਮਣੇ ਆਉਣ 'ਤੇ ਸਬੰਧਤ ਅਹਿਲਮਦ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ।ਡਵੀਜ਼ਨਲ ਕਮਿਸ਼ਨਰ ਨੇ ਆਪਣੇ ਦੌਰੇ ਦੌਰਾਨ ਮਾਲ ਵਿਭਾਗ ਨਾਲ ਸਬੰਧਤ ਵੱਖ-ਵੱਖ ਕਾਰਜਾਂ ਨੂੰ ਸਮਾਂਬੱਧ ਢੰਗ ਨਾਲ ਨਿਪਟਾਉਣ ਲਈ ਕੀਤੀ ਜਾ ਰਹੀ ਕਾਰਵਾਈ ਦਾ ਮੁਲਾਂਕਣ ਕੀਤਾ।ਉਨ੍ਹਾਂ ਤਹਿਸੀਲ ਦਫ਼ਤਰ ਵਿਖੇ ਪੁੱਜੇ ਲੋਕਾਂ ਤੋਂ ਮਾਲ ਵਿਭਾਗ ਦੀ ਕਾਰਗੁਜ਼ਾਰੀ ਬਾਰੇ ਫੀਡਬੈਕ ਹਾਸਲ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਪਾਰਦਰਸ਼ੀ ਪ੍ਰਣਾਲੀ ਨਾਲ ਪ੍ਰਸ਼ਾਸਨਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਇੰਤਕਾਲ, ਤਕਸੀਮ ਦੇ ਮਾਮਲਿਆਂ, ਨਿਸ਼ਾਨਦੇਹੀ, ਗਿਰਦਾਵਰੀ, ਸਰਕਾਰੀ ਬਕਾਇਆ ਕੇਸਾਂ ਦੀ ਰਿਕਵਰੀ, ਕੋਰਟ ਕੇਸਾਂ ਦੇ ਨਿਰਧਾਰਤ ਸਮੇਂ ਅੰਦਰ ਨਿਪਟਾਰੇ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਜਾਇਜ਼ਾ ਲਿਆ ਤੇ ਵਿਭਾਗੀ ਰਿਕਾਰਡ ਦੀ ਵੀ ਬਾਰੀਕੀ ਨਾਲ ਪੜਤਾਲ ਕੀਤੀ।ਡਵੀਜ਼ਨਲ ਕਮਿਸ਼ਨਰ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਆਪਣੇ ਕੰਮਕਾਰ ਕਰਵਾਉਣ ਲਈ ਬਿਨਾਂ ਵਜ੍ਹਾ ਸਰਕਾਰੀ ਦਫ਼ਤਰਾਂ ਦੇ ਗੇੜੇ ਨਾ ਮਾਰਨੇ ਪੈਣ, ਇਸ ਲਈ ਨਾਗਰਿਕਾਂ ਦੇ ਕੰਮ ਤਰਜੀਹੀ ਆਧਾਰ 'ਤੇ ਨਿਪਟਾਉਣੇ ਯਕੀਨੀ ਬਣਾਏ ਜਾਣ।ਉਨ੍ਹਾਂ ਉੱਪ ਮੰਡਲ ਮੈਜਿਸਟਰੇਟਾਂ ਨੂੰ ਹਦਾਇਤ ਕੀਤੀ ਕਿ ਉਹ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਵਜੋਂ ਤਹਿਸੀਲਦਾਰਾਂ ਦੇ ਦਫ਼ਤਰਾਂ, ਜਦਕਿ ਤਹਿਸੀਲਦਾਰਾਂ ਵੱਲੋਂ ਨਾਇਬ ਤਹਿਸੀਲਦਾਰਾਂ ਦੇ ਦਫ਼ਤਰਾਂ ਤੇ ਵਿਭਾਗੀ ਕਾਰਜਪ੍ਰਣਾਲੀ ਬਾਰੇ ਨਿਰੰਤਰ ਨਿਰੀਖਣ ਕਰਨਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਰਜਿਸਟਰੀਆਂ ਦੀ ਪ੍ਰਕਿਰਿਆ ਦਾ ਵੀ ਜਾਇਜ਼ਾ ਲਿਆ ਤੇ ਸਬ ਡਵੀਜ਼ਨ ਵਿੱਚ ਪੁੱਜੇ ਲੋਕਾਂ ਤੋਂ ਫੀਡਬੈਕ ਹਾਸਲ ਕੀਤੀ। ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੀ ਮੌਜੂਦਗੀ ਵਿੱਚ ਝੋਨੇ ਦੇ ਖਰੀਦ ਕਾਰਜਾਂ ਦੀ ਪ੍ਰਗਤੀ ਬਾਰੇ ਅਧਿਕਾਰੀਆਂ ਨਾਲ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਸਮੁੱਚੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਪੇਸ਼ ਨਾ ਆਵੇ ਅਤੇ ਮੰਡੀਆਂ ਵਿੱਚੋਂ ਖਰੀਦੇ ਝੋਨੇ ਦੀ ਨਾਲੋ ਨਾਲ ਲਿਫਟਿੰਗ ਨੂੰ ਯਕੀਨੀ ਬਣਾਇਆ ਜਾਵੇ।ਇਸ ਮੌਕੇ ਐੱਸ.ਡੀ.ਐੱਮ. ਫਤਹਿਗੜ੍ਹ ਸਾਹਿਬ ਅਰਵਿੰਦ ਕੁਮਾਰ ਗੁਪਤਾ, ਐਸ.ਡੀ.ਐਮ ਅਮਲੋਹ ਚੇਤਨ ਬੰਗੜ, ਡੀ.ਐੱਫ.ਐੱਸ.ਸੀ. ਮੀਨਾਕਸ਼ੀ ਸਮੇਤ ਮਾਲ ਵਿਭਾਗ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਟੀ ਐੱਸ ਯੂ ਨੇ ਡਾਇਰੈਕਟਰ ਜਨਰੇਸ਼ਨ ਪਟਿਆਲਾ ਨੂੰ ਦਿੱਤਾ ਮੰਗ ਪੱਤਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਟੈਕਨੀਕਲ ਸਰਵਿਸ ਯੂਨੀਅਨ ਰਜਿ. 49 ਗੁਰੂ ਹਰਗੋਬਿੰਦ ਸਾਹਿਬ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ ਦੀ ਅਗਵਾਈ ਵਿੱਚ ਡਾਇਰੈਕਟਰ ਜਨਰੇਸ਼ਨ ਇੰਜੀਨੀਅਰ ਹਰਜੀਤ ਸਿੰਘ ਪੀ ਐੱਸ ਪੀ ਸੀ ਐੱਲ ਪਟਿਆਲਾ ਡਾਇਰੈਕਟਰ ਸਤੀਸ਼ ਕੁਮਾਰ ਮਨਿਸਟਰੀ ਆਫ ਪਾਵਰ ਦਿੱਲੀ ਤੇ ਚੀਫ ਇੰਜੀਨੀਅਰ ਸ੍ਰੀ ਤੇਜ ਬਾਂਸਲ ਥਰਮਲ ਪਲਾਂਟ ਲਹਿਰਾ ਮੁਹੱਬਤ ਦੀ ਮੌਜੂਦਗੀ ਵਿੱਚ ਮੀਟਿੰਗ ਹੋਈ। ਮੀਟਿੰਗ ਵਿੱਚ ਯੂਨੀਅਨ ਦੇ ਪ੍ਰਚਾਰ ਸਕੱਤਰ ਪਿਆਰਾ ਸਿੰਘ, ਸਲਾਹਕਾਰ ਰਵਿੰਦਰ ਕੁਮਾਰ ਤੇ ਹਰਪ੍ਰੀਤ ਸਿੰਘ ਜੌਹਲ ਆਦਿ ਹਾਜ਼ਰ ਸਨ। ਇਸ ਦੌਰਾਨ ਮੰਗ ਪੱਤਰ ਦੇ ਕੇ ਮੰਗ ਕੀਤੀ ਗਈ ਕਿ 2004 ਤੋ ਭਰਤੀ ਹੋਏ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, 17/07/2020 ਤੋ ਭਰਤੀ ਹੋਏ ਮੁਲਾਜ਼ਮਾਂ ਲਈ ਛੇਵਾਂ ਪੇ ਕਮਿਸ਼ਨ ਲਾਗੂ ਕੀਤਾ ਜਾਵੇ, ਥਰਮਲ ਪਲਾਂਟਾ ਵਿੱਚ ਮੁਲਾਜ਼ਮਾਂ ਦੀ ਰਿਟਾਇਰਮੈਂਟ ਹੋਣ ਕਰਕੇ ਖਾਲੀ ਪਈਆਂ ਸੈਂਕੜੇ ਪੋਸਟਾਂ ਜਲਦ ਭਰੀਆ ਜਾਣ, ਥਰਮਲ ਪਲਾਂਟ ਲਹਿਰਾ ਮੁਹੱਬਤ ਤੇ ਥਰਮਲ ਪਲਾਂਟ ਰੋਪੜ ਵਿੱਚ ਫਾਇਰ ਤੇ ਸੇਫਟੀ ਸੈੱਲ ਵਿੱਚ ਕੰਮ ਕਰਦੇ ਕਰਮਚਾਰੀਆਂ ਦਾ ਉਤਪਾਦਨ ਭੱਤਾ 60% ਤਂ ਵਧਾ ਕੇ 100% ਕੀਤਾ ਜਾਵੇ ਆਦਿ। ਇਸ ਮੌਕੇ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਅੰਦਰ ਤੇ ਬਾਹਰ ਆਉਂਦੇ-ਜਾਂਦੇ ਰਾਖੀ ਸਵਾਹ ਵਾਲੇ ਟਰੱਕਾਂ ਨੂੰ ਅੱਲਗ ਰਸਤਾ ਬਣਾਉਣ ਲਈ ਗੱਲਬਾਤ ਵੀ ਕੀਤੀ ਗਈ। ਡਾਇਰੈਕਟਰ ਜਨਰੇਸ਼ਨ ਇੰਜੀਨੀਅਰ ਹਰਜੀਤ ਸਿੰਘ ਨੇ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਦਿਵਾਇਆ।

# ਘਰ 'ਚ ਵੜ ਕੇ ਕੁੱਟਮਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਵਿਖੇ ਇਕ ਵਿਅਕਤੀ ਦੇ ਘਰ ਵਿੱਚ ਜਾ ਕੇ ਉਸ ਦੇ ਸੱਟਾਂ ਮਾਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ 4 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਸਵੰਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਵਾਰਡ ਨੰਬਰ 3 ਮੱਲਾਂਵਾਲਾ ਨੇ ਦੱਸਿਆ ਕਿ ਉਹ 23 ਸਤੰਬਰ 2025 ਨੂੰ ਆਪਣੇ ਪਰਵਾਰ ਸਮੇਤ ਘਰ ਵਿਚ ਮੌਜੂਦ ਸੀ। ਜਸਵੰਤ ਸਿੰਘ ਨੇ ਦੱਸਿਆ ਕਿ ਕਰੀਬ 4 ਵਜੇ ਗੁਰਮੁੱਖ ਸਿੰਘ ਪੁੱਤਰ ਸੁੰਦਰ ਸਿੰਘ, ਸਵਰਣ ਕੌਰ ਪਤਨੀ ਗੁਰਮੁੱਖ ਸਿੰਘ ਵਾਸੀਅਨ ਵਾਰਡ ਨੰਬਰ 3 ਮੱਲਾਂਵਾਲਾ, ਬਿੱਟੂ ਪੁੱਤਰ ਬਗੀਚਾ ਵਾਸੀ ਮਾਹਲੇ ਵਾਲਾ ਥਾਣਾ ਮਖੂ ਤੇ ਅਮਰਜੀਤ ਸਿੰਘ ਵਾਸੀ ਫੱਤੂ ਟੀਂਗਾ ਜ਼ਿਲ੍ਹਾ ਕਪੂਰਥਲਾ ਉਸ ਦੇ ਘਰ ਆ ਕੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

5 Oct Page 6.qxd 10/4/2025 10:45 PM Page 1



## ਪਾਸਲਾ ਵਿਖੇ ਪਰਾਲੀ ਦੀ ਸਾਂਭ-ਸੰਭਾਲ ਸੰਬੰਧੀ ਲਗਾਇਆ ਜਾਗਰੂਕਤਾ ਕੈਂਪ

**ਗੁਰਾਇਆ (ਬਿੰਦਰ ਸੁਮਨ)**- ਸੀ ਆਰ ਐਮ ਸਕੀਮ ਅਧੀਨ ਬਲਾਕ ਰੁੜਕਾ ਕਲਾਂ ਦੇ ਪਿੰਡ ਪਾਸਲਾ ਵਿਖੇ ਪਰਾਲੀ ਦੀ ਸਾਂਭ ਸੰਭਾਲ ਸੰਬੰਧੀ ਪਿੰਡ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿੱਚ ਉਚੇਚੇ ਤੌਰ 'ਤੇ ਮੁੱਖ ਖੇਤੀਬਾੜੀ ਅਫ਼ਸਰ ਜਲੰਧਰ ਡਾ. ਜਸਵਿੰਦਰ ਸਿੰਘ ਨੇ ਸ਼ਿਰਕਤ ਕੀਤੀ ਅਤੇ ਕੈਂਪ ਵਿੱਚ ਹਾਜ਼ਰ ਕਿਸਾਨਾਂ ਨੂੰ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਸੰਬੰਧੀ ਦਿਸ਼ਾ ਨਿਰਦੇਸ਼ ਦਿੱਤੇ ਅਤੇ ਖੇਤੀਬਾੜੀ ਵਿਭਾਗ ਅਤੇ ਪ੍ਰਸ਼ਾਸਨ ਦਾ ਸਹਿਯੋਗ ਦੇਣ ਲਈ ਕਿਹਾ। ਪਿੰਡ ਪਾਸਲਾ ਦੇ ਉਦਮੀ ਕਿਸਾਨ ਰਣਜੀਤ ਸਿੰਘ ਅਤੇ ਮਨਿੰਦਰ ਸਿੰਘ ਬੈਲਜੀਅਮ ਤੋਂ 210 ਹਾਰਸਪਾਵਰ ਟ੍ਰੈਕਟਰ ਅਤੇ 4 ਕੁਇੰਟਲ ਦੀ ਗੱਠ ਬਣਾਉਣ ਵਾਲਾ ਬੇਲਰ ਲੈ ਕੇ ਆਏ ਹਨ। ਇਹਨਾਂ ਦੋਵੇਂ ਟ੍ਰੈਕਟਰ ਅਤੇ ਬੇਲਰ ਦੀ ਕੀਮਤ ਲਗਭਗ 2.5 ਕਰੋੜ ਹੈ। ਇਹ ਬੇਲਰ ਇਕ ਦਿਨ ਵਿੱਚ 100 ਏਕੜ ਤੱਕ ਦੀ ਪਰਾਲੀ ਚੁੱਕ ਸਕਦਾ ਹੈ ਅਤੇ ਇਸ ਦੁਆਰਾ ਬਲਾਕ ਰੁੜਕਾ ਕਲਾਂ ਦਾ ਲਗਭਗ 4000 ਏਕੜ ਏਰੀਆ ਕਵਰ ਹੋਵੇਗਾ। ਡਾ. ਰਮਨਦੀਪ, ਖੇਤੀਬਾੜੀ ਵਿਕਾਸ ਅਫਸਰ ਵੱਲੋਂ ਹਾਜ਼ਰ ਕਿਸਾਨਾਂ ਨਾਲ ਵਿਭਾਗ ਵਿਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਸੀ ਆਰ ਐਮ ਸਕੀਮ ਅਧੀਨ ਬਲਾਕ ਵਿੱਚ ਪਰਾਲੀ ਸਾਂਭਣ ਵਾਲੀ ਮਸ਼ੀਨਰੀ ਉੱਪਰ 50% ਤੋਂ 80 % ਸਬਸਿਡੀ ਦਿੱਤੀ ਜਾ ਰਹੀ ਹੈ। ਗੁਰਦੀਪ ਸਿੰਘ, ਖੇਤੀਬਾੜੀ ਵਿਸਥਾਰ ਅਫ਼ਸਰ ਵੱਲੋਂ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਦੀ ਵੱਖ ਵੱਖ ਮਸ਼ੀਨਾਂ ਬਾਰੇ ਜਾਣਕਾਰੀ ਦਿੱਤੀ। ਕੈਂਪ ਨੂੰ ਕਿਸਾਨਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ ਅਤੇ ਇਸ ਮੌਕੇ ਹਾਜ਼ਰ ਕਿਸਾਨਾਂ ਨੇ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਨਾੜ ਨੂੰ ਖੇਤਾਂ ਵਿੱਚ ਹੀ ਵਾਹ ਕੇ ਧਰਤੀ ਦੀ ਉਪਜਾਊ ਸ਼ਕਤੀ ਵਧਾਉਣ ਦਾ ਸੰਕਲਪ ਲਿਆ।



## ਆਸਟ੍ਰੇਲੀਆ ਨੇ ਭਾਰਤੀ ਵਿਦਿਆਰਥੀਆਂ ਲਈ ਲੈਵਲ 2 ਰੱਖਿਆ-ਵਾਹਿਗੁਰੂ ਅਕੈਡਮੀ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਆਸਟ੍ਰੇਲੀਆ ਇਮੀਗ੍ਰੇਸ਼ਨ ਨੇ ਸਟੱਡੀ ਵੀਜ਼ਾ ਨਿਯਮਾਂ ਵਿੱਚ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਹਨ ਜਿਸ ਦੇ ਤਹਿਤ ਭਾਰਤੀ ਵਿਦਿਆਰਥੀਆਂ ਲਈ ਆਪਣੇ ਦੇਸ਼ ਵਿੱਚ ਦੇਣ ਸੰਬੰਧਿਤ ਅੰਕਾਂ ਦੇ ਅਧਾਰ 'ਤੇ ਲੈਵਲ 3 ਤੋਂ ਲੈਵਲ 2 ਐਸੈਸਮੈਂਟ ਕਰ ਦਿੱਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੀ ਭਰੋਸੇਯੋਗ ਸੰਸਥਾ ਵਾਹਿਗੁਰੂ ਅਕੈਡਮੀ ਸੁਲਤਾਨਪੁਰ ਲੋਧੀ ਦੇ ਐਮ ਡੀ ਨਵਪ੍ਰੀਤ ਸਿੰਘ, ਮੈਨੇਜਰ ਨਿਰਿਕਤਾ ਅਤੇ ਬ੍ਰਾਂਚ ਐਡਮਿਨ ਊਧੀ ਅਦਾਕਾਰਾ ਨੀਰੂ ਬਾਜਵਾ ਨੇ ਦੱਸਿਆ ਕਿ ਹੁਣ ਨਿਯਮਾਂ ਨਾਲ ਵੀਜ਼ਾ ਪ੍ਰਕਿਰਿਆ ਤੇਜ਼ ਹੋ ਗਈ ਹੈ। ਹੁਣ ਉਮੀਦਵਾਰ ਨੂੰ ਬਹੁਤ ਕਾਗਜ਼ਾਤ ਤਿਆਰ ਕਰਨ ਦੀ ਲੋੜ ਨਹੀਂ ਹੈ। ਉਹਨਾਂ ਨੂੰ ਚੰਗੇ ਸਟੂਡੇਂਟਸ ਹੋਣ ਦੇ ਸਬੂਤ ਵੀ ਦੇਣੇ ਲਾਜ਼ਮੀ ਹਨ। ਇਸ ਨਾਲ ਵਿਦਿਆਰਥੀ ਅਸਾਨੀ ਨਾਲ ਆਪਣੇ ਸੁਪਨਿਆਂ ਦੇ ਦੇਸ਼ ਵਿੱਚ ਪੜ੍ਹਾਈ ਕਰਨ ਦੇ ਯੋਗ ਹੋਣਗੇ ਅਤੇ ਆਸਟ੍ਰੇਲੀਆ ਵਿੱਚ ਮਨਪਸੰਦ ਕੋਰਸ ਵਿੱਚ ਦਾਖਲਾ ਲੈ ਸਕਣਗੇ।

## ਜੈ ਭੀਮ ਕਾਰਵਾਂ ਚੈਰੀਟੇਬਲ ਸੋਸਾਇਟੀ ਵੱਲੋਂ ਵਿਜੇ ਦਸ਼ਮੀ ਸਮਾਗਮ ਅੱਜ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜਿ. ਮਾਹਿਲਪੁਰ ਵੱਲੋਂ 14ਵਾਂ ਅਸ਼ੋਕ ਵਿਜੇ ਦਸ਼ਮੀ ਸਮਾਗਮ 5 ਅਕਤੂਬਰ ਨੂੰ ਵਾਰਡ ਨੰਬਰ 11- 12 ਨੇੜੇ ਗੁ. ਸਤਿਗੁਰੂ ਰਵਿਦਾਸ ਮਹਾਰਾਜ ਬੀ.ਡੀ.ਓ. ਕਾਲੋਨੀ ਮਾਹਿਲਪੁਰ ਵਿਖੇ ਦੁਪਹਿਰ 1 ਤੋਂ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਸੁਸਾਇਟੀ ਦੀ ਹੋਈ ਮੀਟਿੰਗ ਤੋਂ ਬਾਅਦ ਸੁਸਾਇਟੀ ਦੇ ਮੈਂਬਰਾਂ ਪ੍ਰਧਾਨ ਰੇਖਾ ਰਾਣੀ, ਮੀਤ ਪ੍ਰਧਾਨ ਸੁਮੀਤਾ, ਜਨਰਲ ਸਕੱਤਰ ਸ਼ਸ਼ੀ ਬੰਗੜ, ਅਮਰਜੀਤ ਕੌਰ, ਗੁਰਪਾਲ ਕੌਰ, ਰਣਜੀਤ ਕੌਰ, ਕਮਲਜੀਤ ਕੌਰ, ਸੰਤੋਸ਼ ਕੁਮਾਰੀ, ਗਗਨਦੀਪ ਕੌਰ, ਮਾਸਟਰ ਜੈ ਰਾਮ ਬਾੜੀਆਂ, ਧਰਮ ਸਿੰਘ ਫੌਜੀ, ਸੁਖਵਿੰਦਰ ਕੁਮਾਰ, ਥਾਣੇਦਾਰ ਸੁਖਦੇਵ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸਮਾਗਮ ਦੇ ਮੁੱਖ ਮਹਿਮਾਨ ਜੈ ਕ੍ਰਿਸ਼ਨ ਸਿੰਘ ਰੌੜੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਵਿਧਾਇਕ ਹਲਕਾ ਗੜ੍ਹਸ਼ੰਕਰ ਹੋਣਗੇ। ਧਾਰਮਿਕ ਪ੍ਰਵਚਨ ਭਿਕਸ਼ੂ ਚੰਦਾ ਜੀ ਦਿੱਲੀ ਵਾਲੇ ਕਰਨਗੇ। ਦੀਆ ਰਾਣੀ, ਤ੍ਰਿਸ਼ਾ ਅਤੇ ਉਨ੍ਹਾਂ ਦੀਆਂ ਹੋਰ ਸਾਥਣਾਂ ਵੱਲੋਂ ਤਥਾਗਤ ਭਗਵਾਨ ਬੁੱਧ, ਸਮਰਾਟ ਅਸ਼ੋਕ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਨਾਲ ਸੰਬੰਧਤ ਗੀਤ, ਸਕਿੱਟਾਂ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਜਾਣਗੀਆਂ। ਸਮਾਗਮ ਵਿੱਚ ਪਹੁੰਚ ਰਹੇ ਵੱਖ-ਵੱਖ ਬੁਲਾਰੇ 'ਸਮਰਾਟ ਅਸ਼ੋਕ ਅਤੇ ਬਾਬਾ ਸਾਹਿਬ ਅੰਬੇਡਕਰ ਨੇ ਬੁੱਧ ਧੱਮ ਕਿਉਂ ਅਪਣਾਇਆ' ਵਿਸ਼ੇ 'ਤੇ ਵਿਚਾਰ ਚਰਚਾ ਕਰਨਗੇ। ਗੁ. ਸਤਿਗੁਰੂ ਰਵਿਦਾਸ ਮਹਾਰਾਜ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਚਾਹ- ਪਾਣੀ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਪ੍ਰਭ ਹੀਰ ਦੀ ਸਮੁੱਚੀ ਟੀਮ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ।

## ਜਨਮ ਦਿਨ 'ਤੇ ਵਿਸ਼ੇਸ਼
## ਭੰਗੜੇ ਦਾ ਅਲੰਮਬਰਦਾਰ : ਡਾ. ਇੰਦਰਜੀਤ ਸਿੰਘ

ਡਾਕਟਰ ਇੰਦਰਜੀਤ ਸਿੰਘ ਇੱਕ ਵਿਲੱਖਣ ਅਤੇ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਇਨਸਾਨ ਸਨ। ਐਸੀ ਸਰਵਗੁਣ ਸੰਪਨ ਅਤੇ ਸਰਵੋਤਮ ਸ਼ਖ਼ਸੀਅਤ ਕਿ ਜਿਸ ਤਰ੍ਹਾਂ ਲੋਕਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਇੱਕ ਵਿਅਕਤੀ ਨਹੀਂ, ਸਗੋਂ ਇੱਕ ਸੰਸਥਾ ਸਨ, ਉਹ ਉੱਚੇਰੀ ਬੌਧਿਕ ਪ੍ਰਤਿਭਾ ਵਾਲੇ ਵਿਦਿਆਰਥੀ, ਵਿਦਵਾਨ ਅਧਿਆਪਕ, ਸੁਯੋਗ ਕਾਲਜ ਪ੍ਰਿੰਸੀਪਲ ਅਤੇ ਯੂਨੀਵਰਸਿਟੀ ਦੇ ਹਰ ਲਿਹਾਜ ਨਾਲ ਸਫ਼ਲ ਰਜਿਸਟਰਾਰ ਸਾਬਿਤ ਹੋਏ ਹਨ, ਪ੍ਰੰਤੂ ਇਸ ਸਭ ਕੁਝ ਤੋਂ ਪਹਿਲਾਂ ਉਹ ਪੰਜਾਬੀ ਲੋਕ ਨਾਚ ਭੰਗੜੇ ਦੇ ਸਰਵੋਤਮ ਨ੍ਰਿਤ ਕਲਾਕਾਰ, ਕੋਚ, ਪ੍ਰਮੋਟਰ, ਨਿਰਦੇਸ਼ਕ ਅਤੇ ਸਰਪ੍ਰਸਤ ਸਨ, ਜਿਨ੍ਹਾਂ ਇਸ ਖੇਤਰੀ ਲੋਕ ਨਾਚ ਨੂੰ ਵਿਸ਼ਵ ਭਰ ਦੇ ਕਲਾ ਮੰਚਾਂ ਉੱਤੇ ਸਥਾਪਤ ਕਰਨ, ਇਸ ਦੀ ਵਿਸ਼ੇਸ਼ ਪਹਿਚਾਣ ਬਣਾਉਣ ਅਤੇ ਇਸ ਨੂੰ ਦੁਨੀਆਂ ਭਰ ਵਿਚ ਮਕਬੂਲੀਅਤ ਦਿਵਾਉਣ ਦੇ ਬੇਹੱਦ ਵਡੇਰੇ ਤੇ ਮਹੱਤਵਪੂਰਨ ਕਾਰਜ ਲਈ ਲਗਭਗ ਸਾਰਾ ਜੀਵਨ ਲੇਖੇ ਲਾ ਦਿੱਤਾ।

5 ਅਕਤੂਬਰ 1954 ਨੂੰ ਜਲੰਧਰ ਦੇ ਇੱਕ ਧਾਰਮਕ ਵਿਚਾਰਾਂ ਵਾਲੇ ਵਿਉਪਾਰਕ ਘਰਾਣੇ ਵਿਚ ਪੈਦਾ ਹੋਏ ਇੰਦਰਜੀਤ ਸਿੰਘ, ਜੋ ਬਾਅਦ ਵਿੱਚ ਪੰਜਾਬੀ ਲੋਕ ਨਾਚ ਭੰਗੜੇ ਦੀ ਅਜ਼ੀਮ ਸ਼ਖ਼ਸੀਅਤ ਵਜੋਂ ਪ੍ਰਸਿੱਧ ਹੋਏ, ਦਾ ਭੰਗੜੇ ਨਾਲ ਪਹਿਲਾ ਵਾਹ ਉਸ ਸਮੇਂ ਪਿਆ, ਜਦ ਉਸ ਨੇ ਸਰਕਾਰੀ ਸੀਨੀਅਰ ਸਕੂਲ ਜਲੰਧਰ ਵਿੱਚ ਪੜ੍ਹਦਿਆਂ 1968 ਵਿੱਚ ਆਪਣੇ ਸਕੂਲ ਦੀ ਭੰਗੜਾ ਟੀਮ ਦਾ ਹਿੱਸਾ ਬਣਨ ਦਾ ਫ਼ੈਸਲਾ ਕੀਤਾ। ਪੜ੍ਹਾਈ ਵਿੱਚ ਹੁਸ਼ਿਆਰ ਇਸ ਤੀਖਣ ਬੁੱਧ ਬਾਲ ਨੂੰ ਘਰਦਿਆਂ ਅਤੇ ਸਿਆਣੇ ਅਧਿਆਪਕਾਂ ਨੇ ਇਸ ਕੰਮ ਤੋਂ ਵਰਜਿਆ। ਉਨ੍ਹਾ ਦੇ ਖਿਆਲ ਮੁਤਾਬਿਕ ਖੇਡਣਾ, ਕੁੱਦਣਾ, ਨੱਚਣਾ ਤੇ ਗਾਉਣਾ ਪੜ੍ਹਨ ਲਿਖਣ ਵਾਲੇ ਬੱਚਿਆਂ ਦੀ ਥਾਂ ਤੇ ਵਿਹਲੜਾਂ ਦਾ ਕੰਮ ਸੀ, ਪਰ ਬਾਲ ਹੱਠ ਨੇ ਉਸ ਨੂੰ ਇਸ ਲੋਕ ਨਾਚ ਨਾਲ ਜੋੜੀ ਰੱਖਿਆ। ਸਾਲ 1971 ਵਿਚ ਇੰਦਰਜੀਤ ਸਿੰਘ ਸਕੂਲ ਦੀ ਭੰਗੜਾ ਟੀਮ ਦਾ ਕਪਤਾਨ ਬਣ ਗਿਆ ਅਤੇ ਆਪਣੇ ਕਪਤਾਨੀ ਦੇ ਕਾਰਜਕਾਲ ਵਿਚ ਉਸ ਨੇ ਸਕੂਲੀ ਪੱਧਰ ਦੇ ਕਈ ਰਾਸ਼ਟਰੀ ਅਤੇ ਵੱਕਾਰੀ ਲੋਕ ਨਾਚ ਮੁਕਾਬਲਿਆਂ ਦੇ ਜਿੱਤ ਕੇ ਲਿਆਂਦੇ ਤਮਗੇ ਆਪਣੇ ਸਕੂਲ ਦੀ ਝੋਲੀ ਵਿੱਚ ਪਾਏ।

ਸਾਲ 1972 ਤੋਂ 74 ਤੱਕ ਡੀ ਏ ਵੀ ਕਾਲਜ ਜਲੰਧਰ ਵਿਚ ਬੀ ਕਾਮ ਕਰਦੇ ਸਮੇਂ ਇੰਦਰਜੀਤ ਕਾਲਜ ਦੀ ਭੰਗੜਾ ਟੀਮ ਦਾ ਹਿੱਸਾ ਰਹੇ ਅਤੇ ਲਗਾਤਾਰ ਤਿੰਨ ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੁਵਕ ਮੇਲੇ ਵਿੱਚ ਸਰਬੋਤਮ ਸਥਾਨ ਪ੍ਰਾਪਤ ਕੀਤਾ। ਸਾਲ 1976 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਐੱਮ ਕਾਮ ਦੀ ਪੜ੍ਹਾਈ ਕਰਦੇ ਸਮੇਂ ਯੂਨੀਵਰਸਿਟੀ ਦੀ ਟੀਮ ਦਾ ਹਿੱਸਾ ਬਣੇ ਅਤੇ ਉਸੇ ਵਰ੍ਹੇ ਜੈਪੁਰ ਵਿਖੇ ਅੰਤਰ ਯੂਨੀਵਰਸਿਟੀ ਯੁਵਕ ਮੇਲੇ ਵਿੱਚ ਸਰਵੋਤਮ ਖ਼ਿਤਾਬ ਹਾਸਲ ਕੀਤਾ। ਸਾਲ 1973 ਵਿੱਚ ਆਸਟੇਰਲੀਆ ਅਤੇ ਫਿਜ਼ੀ ਟਾਪੂਆਂ ਵਿਖੇ ਭਾਰਤੀ ਸੱਭਿਆਚਾਰਕ ਵਫ਼ਦ ਦੀ ਨੁਮਾਇੰਦਗੀ ਕੀਤੀ ਅਤੇ ਭੰਗੜੇ ਅਤੇ ਝੂਮਰ ਦੀ ਉਤਮ ਪੇਸ਼ਕਾਰੀ ਦੇ ਨਾਲ ਵਿਦੇਸ਼ੀ ਦਰਸ਼ਕਾਂ ਨੂੰ ਭੰਗੜੇ ਦੇ ਜੌਹਰ ਵਿਖਾ ਕੇ ਆਪਣੀ ਨ੍ਰਿਤ ਕਲਾ ਨਾਲ ਮੋਹਿਤ ਤੇ ਮੁਤਾਸਿਰ ਕੀਤਾ।

ਡਾ. ਇੰਦਰਜੀਤ ਸਿੰਘ ਦਾ ਭੰਗੜੇ ਨੂੰ ਸਮਰਪਿਤ ਹੋਣ ਦਾ ਸੁਨਹਿਰੀ ਅਵਸਰ ਉਸ ਵਕਤ ਬਣਿਆ, ਜਦ ਉਨ੍ਹਾ ਨੂੰ 21 ਸਾਲ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਕਾਮਰਸ ਵਿਭਾਗ ਵਿਚ ਅਧਿਆਪਨ ਕਰਨ ਅਤੇ ਕਾਲਜ ਦੀ ਭੰਗੜਾ ਟੀਮ ਦਾ ਨਿਰਦੇਸ਼ਨ ਕਰਨ ਦਾ ਅਵਸਰ ਨਸੀਬ ਹੋਇਆ। ਉਨ੍ਹਾਂ ਦੀ ਅਗਵਾਈ ਹੇਠ ਕਾਲਜ ਨੇ ਉਸ ਅਰਸੇ ਵਿਚ 19 ਵਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਭੰਗੜਾ ਮੁਕਾਬਲਾ ਜਿੱਤ ਕੇ ਪਹਿਲਾ ਸਥਾਨ ਅਤੇ 2 ਵਾਰ ਦੂਜਾ ਸਥਾਨ ਹਾਸਲ ਕਰਨ ਦਾ ਮਾਣ ਹਾਸਲ ਕੀਤਾ।

ਡਾ. ਇੰਦਰਜੀਤ ਸਿੰਘ ਨਾਰਥ ਜ਼ੋਨ ਕਲਚਰਲ ਸੈਂਟਰ ਦਾ ਨਿਰੰਤਰ ਹਿੱਸਾ ਬਣੇ ਰਹੇ। ਉਨ੍ਹਾਂ ਇਸ ਦੀ ਨੁਮਾਇੰਦਗੀ ਕਰਦਿਆਂ ਇਟਲੀ ਅਤੇ ਜਰਮਨੀ ਵਿਚ ਭੰਗੜੇ ਅਤੇ ਝੂਮਰ ਦੀ ਸਫਲ ਪੇਸ਼ਕਾਰੀ ਕਰਕੇ ਵਿਦੇਸ਼ਾਂ ਵਿਚ ਪੰਜਾਬੀ ਲੋਕ ਨਾਚ ਦੀ ਸ਼ਾਨ ਨੂੰ ਚਮਕਾਇਆ। ਇਸੇ ਸੈਂਟਰ ਵੱਲੋਂ ਉਹਨਾਂ ਸਾਲ 1995 ਤੋਂ 96 ਵਿਚ ਸ੍ਰੀਲੰਕਾ ਅਤੇ ਦੁਬਈ ਵਿਖੇ ਭੰਗੜੇ ਅਤੇ ਝੂਮਰ ਦੀ ਪੇਸ਼ਕਾਰੀ ਕੀਤੀ ਅਤੇ ਖੁਦ ਨਿਰਦੇਸ਼ਕ ਦੀ ਭੂਮਿਕਾ ਨਿਭਾਈ। ਉਨ੍ਹਾਂ 2008 ਵਿਚ ਜਲੰਧਰ ਵਿਖੇ ਭੰਗੜਾ ਓਲੰਪਿਕ ਦਾ ਆਯੋਜਨ ਕੀਤਾ, ਜਿਸ ਵਿਚ ਕੈਨੇਡਾ, ਅਮਰੀਕਾ ਅਤੇ ਆਸਟਰੇਲੀਆ ਦੀਆਂ ਟੀਮਾਂ ਨੇ ਭੰਗੜਾ, ਸੰਮੀ, ਲੁੱਡੀ ਅਤੇ ਮਲਵਈ ਗਿੱਧਾ ਪੇਸ਼ ਕਰਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਸਾਲ 2008 ਵਿੱਚ ਉਨ੍ਹਾ ਨੂੰ ਪੰਜਾਬ ਕਲਾ ਪ੍ਰੀਸ਼ਦ ਵੱਲੋਂ ਲੋਕ ਨਾਚ ਵਿੱਚ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਦੇ ਇਨ੍ਹਾਂ ਬਹੁਤ ਹੀ ਪਿਆਰੇ ਅਤੇ ਮੁਹੱਬਤੀ ਸ਼ਗਿਰਦਾਂ ਦੀ ਗਾਥਾ ਦਾ ਇੱਕ ਪਸਾਰ ਇਹ ਵੀ ਹੈ ਕਿ ਪ੍ਰਿੰਸੀਪਲ ਸਾਹਿਬ ਨੇ ਜ਼ਿੰਦਗੀ ਵਿੱਚ ਬਹੁਤ ਵੱਡੇ ਅਹੁਦੇ ਪ੍ਰਾਪਤ ਕੀਤੇ ਅਤੇ ਉਨ੍ਹਾਂ ਅਹੁਦਿਆਂ ਦੇ ਆਦਰਸੂਚਕ ਸੰਬੋਧਨਾਂ ਨਾਲ ਬਹੁਤ ਸਾਰੀ ਦੁਨੀਆ ਵੱਖ-ਵੱਖ ਸਮੇਂ ਪ੍ਰੋਫ਼ੈਸਰ ਸਾਹਿਬ, ਪ੍ਰਿੰਸੀਪਲ ਸਾਹਿਬ ਜਾਂ ਰਜਿਸਟਾਰ ਸਾਹਿਬ ਵਰਗੇ ਸੰਬੋਧਨਾਂ ਨਾਲ ਉਨ੍ਹਾਂ ਨੂੰ ਮੁਖਬਿਤ ਹੁੰਦੀ ਰਹੀ ਹੈ, ਪਰ ਉਨ੍ਹਾਂ ਲਈ ਉਨ੍ਹਾਂ ਦੇ ਮਨ ਵਿੱਚ, ਉਨ੍ਹਾਂ ਦੇ ਦਿਲ ਦੇ ਸਭ ਤੋਂ ਨੇੜੇ ਇਹੋ ਹੀ ਸੰਬੋਧਨ ਸੀ, ਜੋ ਉਨ੍ਹਾ ਦੇ ਲਾਡਲੇ ਸ਼ਾਗਿਰਦਾਂ ਨੇ ਉਨ੍ਹਾਂ ਨੂੰ ਦਿੱਤਾ ਹੋਇਆ ਸੀ, 'ਭਾਅ ਜੀ'। ਸ਼ਾਇਦ ਇਹ ਸਾਰਾ ਉਨ੍ਹਾ ਦੇ ਇਨ੍ਹਾਂ ਮੁਹੱਬਤ ਦੇ ਪੁਤਲੇ ਕਲਾਕਾਰ ਸ਼ਗਿਰਦਾਂ ਦੀ ਮੁਹੱਬਤ ਦੀ ਬਦੌਲਤ ਹੀ ਸੀ ਕਿ ਉਨ੍ਹਾਂ ਦੇ ਮਨ ਵਿਚ ਲਾਇਲਪੁਰ ਖਾਲਸਾ ਕਾਲਜ ਦਾ ਸਨੇਹ ਅਤੇ ਸਤਿਕਾਰ ਹਮੇਸ਼ਾ ਬਣਿਆ ਰਿਹਾ, ਉਨ੍ਹਾ ਨੂੰ ਹਮੇਸ਼ਾ ਇਹ ਲੱਗਦਾ ਰਿਹਾ ਕਿ ਜਿਵੇਂ ਲਾਇਲਪੁਰ ਖਾਲਸਾ ਕਾਲਜ ਉਨ੍ਹਾ ਦਾ ਆਪਣਾ ਘਰ ਹੈ, ਉਨ੍ਹਾ ਦੇ ਮਾਤਾ-ਪਿਤਾ ਦਾ ਘਰ ਹੈ ਜਾਂ ਲਾਇਲਪੁਰ ਖ਼ਾਲਸਾ ਉਨ੍ਹਾ ਦਾ ਬਾਪ ਹੈ। ਅੱਜ ਉਨ੍ਹਾ ਦਾ ਸਮੁੱਚਾ ਕਲਾ ਜਗਤ ਵਾਲਾ ਪਰਵਾਰ ਅਤੇ ਲਾਇਲਪੁਰ ਖ਼ਾਲਸਾ ਕਾਲਜ ਨਾਲ ਸੰਬੰਧਤ ਪਰਵਾਰ ਉਨ੍ਹਾ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾ ਦੇ ਨਾਂਅ 'ਤੇ ਭੰਗੜਾ ਵਰਲਡ ਕੱਪ ਸ਼ੁਰੂ ਕਰਕੇ ਉਨ੍ਹਾ ਪ੍ਰਤੀ ਆਪਣੀ ਮੁਹੱਬਤ ਦਾ ਇਜ਼ਹਾਰ ਕਰ ਰਿਹਾ ਹੈ। ਪ੍ਰੋ. ਇੰਦਰਜੀਤ ਸਿੰਘ ਜ਼ਿੰਦਾਬਾਦ ਹਨ ਅਤੇ ਜ਼ਿੰਦਾਬਾਦ ਰਹਿਣਗੇ।

**—ਪ੍ਰੋ. ਗੋਪਾਲ ਸਿੰਘ ਬੁੱਟਰ,**
**ਸੰਪਰਕ : 99150-05814**

## ਮਹਾਰਾਜ ਪ੍ਰੀਤਮ ਦਾਸ ਤੇ ਮਾਤਾ ਮਹਾਂ ਕੌਰ ਦੀ ਬਰਸੀ ਮਨਾਈ

**ਬੰਗਾ (ਅਵਤਾਰ ਕਲੇਰ)**- ਗੁਰਦੁਆਰਾ ਦੁੱਖ ਨਿਵਾਰਨ ਰਾਜਾ ਸਾਹਿਬ ਜੀ ਪਿੰਡ ਝਿੰਗੜਾਂ ਵਿਖੇ ਮਹਾਰਾਜਾ ਪ੍ਰੀਤਮ ਦਾਸ ਅਤੇ ਮਾਤਾ ਮਹਾਂ ਕੌਰ ਦਾ ਸਲਾਨਾ ਬਰਸੀ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਤਿੰਨ ਦਿਨਾ ਸਮਾਗਮ ਦੌਰਾਨ ਪਹਿਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਜੀ ਅਰੰਭ ਹੋਏ। ਰਾਤ ਨੂੰ ਮਹਾਰਾਜਾ ਪ੍ਰੀਤਮ ਦਾਸ ਦੇ ਘਰ ਅੱਗੇ ਕਵਾਲੀਆਂ ਦੀ ਮਹਿਫ਼ਿਲ ਹੋਈ। ਦੂਸਰੇ ਦਿਨ ਨਗਰ ਕੀਰਤਨ ਸਜਾਇਆ ਗਿਆ। ਰਾਤ ਨੂੰ ਦੀਵਾਨ ਸਜਾਏ ਗਏ ਜਿਸ ਵਿੱਚ ਰਾਗੀਆਂ, ਢਾਡੀਆਂ ਨੇ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਤੀਸਰੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਕੀਰਤਨੀ ਜਥਿਆਂ ਅਤੇ ਪੰਜਾਬੀ ਲੋਕ ਗਾਇਕ ਹਰਭਜਨ ਮਾਨ ਨੇ ਸੰਗਤਾਂ ਨੂੰ ਨਿਹਾਲ ਕੀਤਾ। ਤੀਸਰੇ ਦਿਨ ਮਾਲਵਿੰਦਰ ਸਿੰਘ ਕੰਗ ਮੈਂਬਰ ਪਾਰਲੀਮੈਂਟ ਸ੍ਰੀ ਅਨੰਦਪੁਰ ਸਾਹਿਬ, ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ, ਹਲਕਾ ਸੰਗਠਨ ਇੰਚਾਰਜ ਪਵਨਜੀਤ ਸਿੰਘ ਸਿੱਧੂ, ਬਲਵੀਰ ਸਿੰਘ ਕਰਨਾਣਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੁੱਖ ਪ੍ਰਬੰਧਕ ਜਥੇਦਾਰ ਰਣਜੀਤ ਸਿੰਘ ਝਿੰਗੜ ਵਲੋਂ ਸੰਗਤਾਂ ਨੂੰ ਜੀ ਆਇਆਂ ਕਿਹਾ। ਸਾਰਿਆਂ ਦਾ ਧੰਨਵਾਦ ਕੀਤਾ ਅਤੇ ਪਹੁੰਚੇ ਹੋਏ ਮਹਿਮਾਨਾਂ, ਕਲਾਕਾਰਾਂ,ਢਾਡੀ ਜਥਿਆਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ। ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਜਥੇਦਾਰ ਰਣਜੀਤ ਸਿੰਘ ਝਿੰਗੜ, ਜੋਗਾ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਬੁੱਧ ਸਿੰਘ ਹੈੱਡ ਗ੍ਰੰਥੀ, ਦਲਜੀਤ ਸਿੰਘ, ਰਣਜੀਤ ਸਿੰਘ, ਬੀਬੀ ਪਰਮਿੰਦਰ ਕੌਰ, ਬੀਬੀ ਸੁਖਵੰਤ ਕੌਰ, ਕੁਲਜੀਤ ਸਿੰਘ ਕੇਨੇਡਾ, ਕਮਲਜੀਤ ਸਿੰਘ ਕੈਰੋਂ, ਹਰਜਿੰਦਰ ਸਿੰਘ ਸੋਢੀ, ਤਰਜੀਵਨ ਗਰਚਾ, ਬਲਵਿੰਦਰ ਸਿੰਘ ਯੂ ਕੇ, ਬਾਬਾ ਸੁਖਵਿਦਰ ਸਿੰਘ ਮੰਗਾ, ਜੋਗਾ ਸਿੰਘ ਪਰਾਗਪੁਰ, ਅਮਰਜੀਤ ਸਿੰਘ ਲੱਲ, ਬਹਾਦਰ ਸਿੰਘ ਸਰਪੰਚ ਆਦਿ ਹਾਜ਼ਰ ਸਨ।



## ਤਿਓਹਾਰ ਆਪਸੀ ਸਦਭਾਵਨਾ ਦਾ ਸੰਦੇਸ਼ ਦਿੰਦੇ ਹਨ : ਹਰਜੋਤ ਬੈਂਸ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- 'ਨੇਕੀ ਦੀ ਬਦੀ ਉੱਤੇ ਜਿੱਤ ਦਾ ਪ੍ਰਤੀਕ ਤਿਉਹਾਰ ਦੁਸਹਿਰਾ ਆਪਸੀ ਮਿਲਵਰਤਣ, ਸਦਭਾਵਨਾ ਤੇ ਸਮਾਜਿਕ ਕਦਰਾਂ ਕੀਮਤਾਂ ਦਾ ਪ੍ਰਤੀਕ ਹੈ। ਚੰਗਿਆਈ ਦੀ ਬੁਰਿਆਈ ਉਤੇ ਜਿੱਤ ਦੇ ਤਿਉਹਾਰ ਮਨਾ ਕੇ ਅਸੀਂ ਆਪਣੇ ਇਤਿਹਾਸ ਨੂੰ ਆਪਣੀਆਂ ਨਸਲਾਂ ਤੱਕ ਪਹੁੰਚਾਉਂਦੇ ਹੋਏ ਸੁਚੱਜੇ ਰਾਹ 'ਤੇ ਚੱਲਣ ਦਾ ਸੰਦੇਸ਼ ਦਿੰਦੇ ਹਾਂ।' ਇਹ ਵਿਚਾਰ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਰਾਧਾ ਕ੍ਰਿਸ਼ਨ ਰਾਮਾ ਡਰਾਮਾਟਿਕ ਕਮੇਟੀ ਬਸੋਵਾਲ ਕਲੋਨੀ ਗੰਗੂਵਾਲ ਵੱਲੋਂ ਆਯੋਜਿਤ ਦੁਸਹਿਰੇ ਦੇ ਤਿਉਹਾਰ ਮੌਕੇ ਰਾਵਣ ਦਹਿਣ ਉਪਰੰਤ ਪ੍ਰਗਟਾਏ। ਉਨ੍ਹਾਂ ਨੇ ਕਿਹਾ ਕਿ ਦੁਸਹਿਰਾ ਸਾਰੇ ਭਾਰਤ ਵਿਚ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਭਗਵਾਨ ਸ੍ਰੀ ਰਾਮ ਜੀ ਵੱਲੋਂ ਇਸ ਦਿਨ ਲੰਕਾ ਉਤੇ ਜਿੱਤ ਪ੍ਰਾਪਤ ਕੀਤੀ ਗਈ ਸੀ। ਕੈਬਨਿਟ ਮੰਤਰੀ ਨੇ ਹੋਰ ਕਿਹਾ ਕਿ ਅਸੀਂ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਵਿਕਾਸ ਦੀ ਨਵੀਂ ਰੂਪ ਰੇਖਾ ਉਲੀਕੀ ਹੈ। ਪਿੰਡਾਂ ਤੇ ਸ਼ਹਿਰਾਂ ਦਾ ਸਰਵਪੱਖੀ ਵਿਕਾਸ ਕਰਵਾ ਕੇ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਦੇਣ ਦਾ ਵਾਅਦਾ ਪੂਰ ਕਰ ਰਹੇ ਹਾਂ। ਪਿੰਡਾਂ ਵਿਚ ਨਵੇਂ ਖੇਡ ਮੈਦਾਨ ਉਸਾਰੇ ਜਾ ਰਹੇ ਹਨ, ਤਾਂ ਜੋ ਸਾਡੇ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਸਕੇ।ਇਸ ਮੌਕੇ ਡੀ ਐਸ ਪੀ ਅਜੇ ਸਿੰਘ , ਦੀਪਕ ਸੋਨੀ ਮੀਡੀਆ ਕੋਆਰਡੀਨੇਟਰ , ਸਰਪੰਚ ਪੱਪੂ ਢਿੱਲੋ, ਕਮੇਟੀ ਪ੍ਰਧਾਨ ਲੱਕੀ ਕਪਲਾ ਤੇ ਜਸਪਾਲ ਸਿੰਘ ਢਾਹੇ ਸਰਪੰਚ ਹਾਜ਼ਰ ਸਨ।

## ਭਗਵਾਨ ਵਾਲਮੀਕਿ ਦੀ ਸ਼ੋਭਾ ਯਾਤਰਾ ਸੰਬੰਧੀ ਭਲਕੇ ਅੱਧੇ ਦਿਨ ਦੀ ਛੁੱਟੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਨੇ ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਦੇ ਸਬੰਧ ਵਿਚ 6 ਅਕਤੂਬਰ ਨੂੰ ਜ਼ਿਲ੍ਹੇ ਵਿਚ ਕੱਢੀ ਜਾਣ ਵਾਲੀ ਵਿਸ਼ਾਲ ਸ਼ੋਭਾ ਯਾਤਰਾ ਦੇ ਮੱਦੇਨਜ਼ਰ ਜ਼ਿਲ੍ਹੇ ਦੇ ਸਾਰੇ ਸਕੂਲਾਂ, ਕਾਲਜਾਂ, ਵਿੱਦਿਅਕ ਸੰਸਥਾਵਾਂ (ਸਰਕਾਰੀ/ਸਹਾਇਤਾ ਪ੍ਰਾਪਤ/ਪ੍ਰਾਈਵੇਟ) ਵਿਚ ਦੁਪਹਿਰ ਨੂੰ ਅੱਧੇ ਦਿਨ ਦੀ ਛੁੱਟੀ ਦਾ ਐਲਾਨ ਕੀਤਾ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਆਮ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਹੁਕਮ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਜਾਰੀ ਕੀਤਾ ਹੈ।

## ਅਬਜ਼ਰਵਰ ਵੱਲੋਂ ਜ਼ਿਲ੍ਹਾ ਆਗੂਆਂ ਨਾਲ ਮੁਲਾਕਾਤ ਅੱਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਕਾਂਗਰਸ ਕਮੇਟੀ ਹੁਸ਼ਿਆਰਪੁਰ ਦੇ ਪ੍ਰਧਾਨ ਅਰੁਣ ਡੋਗਰਾ ਮਿੱਕੀ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਆਲ ਇੰਡੀਆ ਕਾਂਗਰਸ ਕਮੇਟੀ ਦੁਆਰਾ ਹੁਸ਼ਿਆਰਪੁਰ ਲਈ ਜ਼ਿਲ੍ਹਾ ਕਾਂਗਰਸ ਆਬਜ਼ਰਵਰ ਵਜੋਂ ਨਿਯੁਕਤ ਕੀਤੇ ਗਏ ਵਿਧਾਇਕ ਸੁਰੇਸ਼ ਕੁਮਾਰ 5 ਅਕਤੂਬਰ ਨੂੰ ਸਵੇਰੇ 11 ਵਜੇ ਹੁਸ਼ਿਆਰਪੁਰ ਵਿੱਚ ਕਾਂਗਰਸ ਦਫਤਰ ਵਿਖੇ ਲੀਡਰਸ਼ਿਪ ਤੋਂ ਇਲਾਵਾ ਸਿਵਲ ਸੁਸਾਇਟੀ ਵਰਕਰਾਂ ਨਾਲ ਵੀ ਮੁਲਾਕਾਤ ਕਰਨਗੇ। ਦੁਪਹਿਰ 12:30 ਵਜੇ ਲੀਡਰਸ਼ਿਪ ਉਮੀਦਵਾਰਾਂ ਨਾਲ ਵਿਚਾਰ ਵਟਾਂਦਰਾ ਕਰਨਗੇ ਅਤੇ ਦੁਪਹਿਰ 2 ਵਜੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਨਗੇ।



## ਡੀ ਬੋਰਡ ਵੱਲੋਂ ਮੋਹਾਲੀ ਦੇ ਫੇਜ਼-11 'ਚ 12 ਏਕੜ 'ਚ ਬਣੀ ਸਬਜ਼ੀ ਮੰਡੀ ਨੂੰ ਵੇਚਣ ਦਾ ਫ਼ੈਸਲਾ ਲੋਕ ਵਿਰੋਧੀ : ਬਲਬੀਰ ਸਿੱਧੂ

**ਮੋਹਾਲੀ (ਗੁਰਜੀਤ ਬਿੱਲਾ)** ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਪੰਜਾਬ ਮੰਡੀ ਬੋਰਡ ਵੱਲੋਂ ਮੋਹਾਲੀ ਦੇ ਫੇਜ਼-11 ਵਿੱਚ 12 ਏਕੜ ਰਕਬੇ ਵਿਚ ਬਣੀ ਅਤਿ-ਆਧੁਨਿਕ ਸਬਜ਼ੀ ਤੇ ਫ਼ਲ ਮੰਡੀ ਦੀ ਜਗ੍ਹਾ ਪੁੱਡਾ ਨੂੰ ਵੇਚਣ ਦੇ ਫੈਸਲੇ ਨੂੰ ਬੇਤੁਕਾ ਅਤੇ ਲੋਕ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਇਸ ਤਜਵੀਜ਼ ਨੂੰ ਰੱਦ ਕਰਾਉਣ ਲਈ ਹਰ ਪੱਧਰ 'ਤੇ ਲੜਾਈ ਲੜੇਗੀ। ਸ੍ਰੀ ਸਿੱਧੂ ਨੇ ਕਿਹਾ ਕਿ ਮੰਡੀ ਬੋਰਡ ਨੇ ਅਜੇ ਪਿਛਲੇ ਸਾਲ ਹੀ ਇਸ ਮੰਡੀ ਵਿਚ ਬਣੀਆਂ ਦੁਕਾਨਾਂ ਦੀ ਨੀਲਾਮੀ ਕੀਤੀ ਸੀ ਅਤੇ ਦੁਕਾਨਾਂ ਖ਼ਰੀਦਣ ਵਾਲੇ ਕਾਰੋਬਾਰੀਆਂ ਨੇ ਇੱਥੇ ਆਪਣਾ ਕਾਰੋਬਾਰ ਵੀ ਸ਼ੁਰੂ ਕਰ ਦਿੱਤਾ ਸੀ।ਉਹਨਾਂ ਕਿਹਾ ਕਿ ਹੁਣ ਅਚਾਨਕ ਹੀ ਮੰਡੀ ਬੋਰਡ ਨੇ ਇਹ ਫੈਸਲਾ ਕਰ ਲਿਆ ਹੈ ਕਿ ਇਹਨਾਂ ਦੁਕਾਨਦਾਰਾਂ ਦੀ ਰਕਮ 6 ਫੀਸਦੀ ਵਿਆਜ ਸਮੇਤ ਵਾਪਸ ਮੋੜ ਕੇ ਇਹ ਸਾਰੀ ਜਗ੍ਹਾ ਪੁੱਡਾ ਨੂੰ ਕੁਲੈਕਟਰ ਰੇਟ ਉੱਤੇ ਤਬਦੀਲ ਕਰ ਦਿਤੀ ਜਾਵੇਗੀ।ਉਹਨਾਂ ਕਿਹਾ ਕਿ ਇਸ ਤਜਵੀਜ਼ ਦੇ ਸਿਰੇ ਚੜ੍ਹਣ ਨਾਲ ਇਸ ਮੰਡੀ ਵਿਚ ਕਾਰੋਬਾਰ ਕਰ ਰਹੇ ਵਪਾਰੀਆਂ, ਕਿਸਾਨਾਂ ਅਤੇ ਮਜ਼ਦੂਰਾਂ ਦਾ ਕਾਰੋਬਾਰ ਠੱਪ ਹੋ ਜਾਵੇਗਾ। ਕਾਂਗਰਸੀ ਆਗੂ ਨੇ ਕਿਹਾ ਕਿ ਸਰਕਾਰ ਨੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮਹਿਕਮੇ ਤੋਂ ਪਹਿਲਾਂ ਹੀ 2500 ਕਰੋੜ ਰੁਪਏ ਲੈ ਲਏ ਹਨ ਅਤੇ ਹੁਣ ਗਮਾਡਾ ਤੋਂ 1000 ਕਰੋੜ ਰੁਪਏ ਹੋਰ ਲਏ ਜਾ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰ ਨੇ ਇਹ ਸੌਖਾ ਢੰਗ ਲੱਭ ਲਿਆ ਹੈ ਕਿ ਵੱਖ-ਵੱਖ ਮਹਿਕਮਿਆਂ ਦੀਆਂ ਜਾਇਦਾਦਾਂ ਪੁੱਡਾ ਨੂੰ ਤਬਦੀਲ ਕਰਵਾ ਕੇ ਵੇਚ ਦਿੱਤੀਆਂ ਜਾਣ ਅਤੇ ਉਸ ਬਦਲੇ ਮੋਟਾ ਹਿੱਸਾ ਸਰਕਾਰ ਦੇ ਖਾਤੇ ਵਿਚ ਜਮ੍ਹਾਂ ਕਰਵਾ ਲਿਆ ਜਾਵੇ।ਸ੍ਰੀ ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਇਹ ਲੋਕ ਵਿਰੋਧੀ ਫ਼ੈਸਲਾ ਕਿਸੇ ਹਾਲਤ ਵਿਚ ਵੀ ਲਾਗੂ ਨਹੀਂ ਹੋਣ ਦੇਵੇਗੀ ਅਤੇ ਅਦਾਲਤ ਵਿਚ ਜਾਣ ਸਮੇਤ ਹਰ ਕਿਸਮ ਦੀ ਚਾਰਾਜੋਈ ਕਰੇਗੀ।



## ਵਿੱਤ ਵਿਭਾਗ ਵੱਲੋਂ ਜਾਰੀ ਪੱਤਰ 'ਤੇ ਪੰਜਾਬ ਪੇਅ ਸਕੇਲ਼ ਬਹਾਲੀ ਸਾਂਝਾ ਫਰੰਟ ਨੇ ਪ੍ਰਗਟਾਈ ਗ਼ੈਰ-ਤਸੱਲੀ

**ਮੋਹਾਲੀ, ਚੰਡੀਗੜ੍ਹ (ਗੁਰਜੀਤ ਬਿੱਲਾ)** ਵਿੱਤ ਵਿਭਾਗ ਪੰਜਾਬ ਵੱਲੋਂ 17 ਜੁਲਾਈ 2020 ਜਾਂ ਇਸ ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਪੇਅ ਸਕੇਲ਼ ਦੇ ਕੇਸਾਂ ਸੰਬੰਧੀ ਵੱਖ-ਵੱਖ ਵਿਭਾਗਾਂ ਨੂੰ ਸਪੱਸ਼ਟਤਾ ਲਈ ਆਪਣਾ ਪਹਿਲਾਂ ਪੱਤਰ ਜ਼ਾਰੀ ਕੀਤਾ ਗਿਆ ਹੈ, ਜਿਸ ਵਿੱਚ ਪੰਜਾਬ ਪੇਅ ਸਕੇਲ਼ ਨਾਲ ਸਬੰਧਿਤ ਮੁੱਖ ਕੇਸ ਸੌਰਵ ਸ਼ਰਮਾ ਦਾ ਹਵਾਲਾ ਦੇ ਕੇ ਵੱਖ-ਵੱਖ ਵਿਭਾਗਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਮਾਣਯੋਗ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਵਿਭਾਗੀ ਸੇਵਾ ਨਿਯਮਾਂ ਵਿੱਚ ਦਰਜ ਸਕੇਲਾਂ ਵਿੱਚ ਹੀ ਬਣਦੀ ਤਨਖਾਹ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ।ਪੰਜਾਬ ਪੇ ਸਕੇਲ ਬਹਾਲੀ ਸਾਂਝਾ ਫਰੰਟ ਵੱਲੋਂ ਵਿੱਤ ਵਿਭਾਗ ਦੇ ਇਸ ਪੱਤਰ 'ਤੇ ਪੂਰੀ ਤਰ੍ਹਾਂ ਗੈਰ-ਤਸੱਲੀ ਪ੍ਰਗਟ ਕਰਦੇ ਹੋਏ ਵਿੱਤ ਮੰਤਰੀ ਹਰਪਾਲ ਚੀਮਾ ਤੇ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ ਹੈ।ਕਿਉਂਕਿ ਵਿੱਤ ਵਿਭਾਗ ਨੂੰ ਇਸ ਪੱਤਰ ਵਿੱਚ ਪੰਜਵੇਂ ਪੇ ਸਕੇਲ ਤੋਂ ਛੇਵੇਂ ਸਕੇਲ ਵਿੱਚ ਪੇ ਰਵੀਜ਼ਨਾਂ ਦੀ ਸਪੱਸ਼ਟ ਤੌਰ ਤੇ ਹਿਦਾਇਤ ਦੇਣੀ ਚਾਹੀਦੀ ਸੀ।ਸਾਂਝੇ ਫ਼ਰੰਟ ਨੇ ਸਪੱਸ਼ਟ ਕੀਤਾ ਹੈ ਕਿ ਬੀਤੇ ਦਿਨੀਂ ਵਿੱਤ ਮੰਤਰੀ ਦੇ ਸ਼ਹਿਰ ਦਿੜਬਾ ਵਿਖੇ ਹੋਏ ਵਿਸ਼ਾਲ ਧਰਨੇ ਤੋਂ ਬਾਅਦ ਮਿਲੇ ਸੱਦੇ ਅਨੁਸਾਰ ਜੇਕਰ 9 ਅਕਤੂਬਰ ਦੀ ਮੀਟਿੰਗ ਵਿੱਚ ਇਸ ਮਸਲੇ ਨੂੰ ਲੈ ਕੇ ਕੋਈ ਠੋਸ ਹੱਲ ਨਾ ਕੱਢਿਆ ਗਿਆ ਤਾਂ ਪੰਜਾਬ ਸਰਕਾਰ ਖਿਲਾਫ਼ ਤਿੱਖੇ ਸੰਘਰਸ਼ ਉਲੀਕੇ ਜਾਣਗੇ।ਸਾਂਝੇ ਫ਼ਰੰਟ ਦੇ ਆਗੂਆਂ ਸ਼ਲਿੰਦਰ ਕੰਬੋਜ਼,ਯੁੱਧਜੀਤ ਸਿੰਘ, ਸੰਦੀਪ ਗਿੱਲ, ਅੰਕਿਤ ਵਰਮਾ, ਸੁਰਿੰਦਰਪਾਲ ਸਿੰਘ, ਸਸਪਾਲ ਸਿੰਘ, ਨਵਜੀਵਨ ਸਿੰਘ, ਸੁਮਿਤ ਕੰਬੋਜ਼, ਸੰਜੀਵ ਗਰਗ, ਦੀਪਕ ਧਾਲੀਵਾਲ ਆਦਿ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਗਿਆ ਫ਼ਰੰਟ ਦੀ ਮੰਗ ਹੈ ਕਿ ਬਿਨਾਂ ਸਾਰੇ ਕੇਸਾਂ ਵਿੱਚ ਇਸ ਨੂੰ ਲਾਗੂ ਕੀਤਾ ਜਾਵੇ, ਪਰੰਤੂ ਵਿੱਤ ਵਿਭਾਗ ਵੱਲੋਂ ਜ਼ਾਰੀ ਇਹ ਪਹਿਲਾਂ ਪੱਤਰ ਸਰਕਾਰ ਤੇ ਵਿੱਤ ਵਿਭਾਗ ਦੀ ਚਲਾਕੀ ਨੂੰ ਜੱਗ ਜ਼ਾਹਰ ਕਰਦਾ ਹੈ, ਜਿਸ ਵਿੱਚ ਸਾਰੇ ਕੇਸ ਜਿਹੜੇ ਡਿਸਪੋਜ਼ ਆਫ ਹੋਏ ਹਨ, ਓਹਨਾਂ ਦਾ ਹਵਾਲਾ ਤਾਂ ਦਿੱਤਾ ਗਿਆ ਪ੍ਰੰਤੂ ਵੱਖ ਵੱਖ ਸਮੇ ਵਿੱਚ ਹੋਈਆਂ ਤਨਖਾਹ ਰਵਿਜ਼ਨਾਂ ਅਤੇ ਹੋਰ ਵਿੱਤੀ ਲਾਭ ਦੇਣ ਨੂੰ ਅੱਖੋ ਪਰੋਖੇ ਕੀਤਾ ਗਿਆ ਹੈ, ਜਿਸ ਨੂੰ ਫ਼ਰੰਟ ਹਰਗਿਜ਼ ਹੀ ਬਰਦਾਸਤ ਨਹੀਂ ਕਰੇਗਾ। ਫ਼ਰੰਟ ਸਰਕਾਰ ਤੋਂ ਮੰਗ ਕਰਦਾ ਹੈ ਕਿ ਏਸੇ ਪੱਤਰ ਦੀ ਲਗਾਤਾਰਤਾ ਵਿੱਚ ਇਸ ਨੂੰ ਦਰੁਸਤ ਕਰਕੇ ਪੰਜਾਬ ਦੇ ਸਮੂਹ ਵੱਖ ਵੱਖ ਵਿਭਾਗਾਂ ਦੇ ਕੇਸਾਂ ਵਿੱਚ ਸਾਰੀਆਂ ਰਿਵਿਜ਼ਨਾਂ ਅਤੇ ਵਿੱਤੀ ਲਾਭ ਸਬੰਧੀ ਛੇਵੇਂ ਪੇਅ ਸਕੇਲ ਨੂੰ ਜ਼ਾਰੀ ਕਰਨ ਲਈ ਇੱਕ ਹੋਰ ਸਪੱਸ਼ਟ ਪੱਤਰ ਵੀ ਨਾਲ ਦੀ ਨਾਲ ਜ਼ਾਰੀ ਕੀਤਾ ਜਾਵੇ।

## ਇਕੋਤਰੀ ਸਮਾਗਮ 'ਚ ਕੈਨੇਡਾ ਤੋਂ ਟਰਾਂਸਪੋਰਟ ਮੰਤਰੀ ਸਰਕਾਰੀਆ ਤੇ ਹੋਰ ਆਗੂਆਂ ਨੇ ਭਰੀ ਹਾਜ਼ਰੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਵਿਸ਼ਵ ਪ੍ਰਸਿੱਧ ਮਹਾਨ ਸਲਾਨਾ ਇਕੋਤਰੀ ਸਮਾਗਮ ਦੇ ਚਲਦਿਆਂ ਜਿੱਥੇ ਦੇਸ਼ ਵਿਦੇਸ਼ ਤੋਂ ਸੰਗਤਾਂ ਵੱਡੀ ਗਿਣਤੀ 'ਚ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਬਲਵੰਤ ਸਿੰਘ ਟਾਂਡਾ ਵਿਖੇ ਪੁੱਜੀਆਂ ਉੱਥੇ 9ਵੀਂ ਲੜੀ ਦੇ ਭੋਗ ਮੌਕੇ ਕੈਨੇਡਾ ਤੋਂ ਟਰਾਂਸਪੋਰਟ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ (ਟੋਰਾਂਟੋ) ਤੋਂ ਉਚੇਚੇ ਤੌਰ 'ਤੇ ਕੈਨੇਡਾ ਤੋਂ ਆਈ ਸੰਗਤ ਨਾਲ ਨਤਮਸਤਕ ਹੋਣ ਲਈ ਪੁੱਜੇ। ਇਸ ਮੌਕੇ ਸਜਾਏ ਗਏ ਵਿਸ਼ਾਲ ਕੀਰਤਨ ਦਰਬਾਰ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਸੰਗਤਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨਾਲ ਜੋੜਿਆ। ਇਸ ਸਮਾਗਮ ਦੇ ਮੁੱਖ ਆਕਰਸ਼ਣ ਵਜੋਂ ਜਾਣੇ ਜਾਂਦੇ ਅਲੌਕਿਕ ਨਗਰ ਕੀਰਤਨ 6 ਅਕਤੂਬਰ ਨੂੰ ਸਵੇਰੇ 10 ਵਜੇ ਤਪ ਅਸਥਾਨ ਟਾਂਡਾ ਤੋਂ ਸਜਾਏ ਜਾਣਗੇ ਜਦ ਕਿ ਸੰਪੂਰਨਤਾ 7 ਅਕਤੂਬਰ ਨੂੰ 101 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਨਾਲ ਸਵੇਰੇ 10 ਵਜੇ ਹੋਵੇਗੀ, ਜਿਸ ਦੌਰਾਨ ਸ਼ਾਮ 4 ਵਜੇ ਤੱਕ ਵਿਸ਼ਾਲ ਗੁਰਮਤ ਸਮਾਗਮ ਹੋਵੇਗਾ।



## ਨੈਸ਼ਨਲ ਐਵਾਰਡ ਮਿਲਣ ਤੋਂ ਬਾਅਦ ਵਿਦਿਆਰਥੀਆਂ ਨਾਲ ਰੁਬਰੂ ਹੋਏ ਪ੍ਰਿੰ. ਡਾ. ਜਗਰੂਪ ਸਿੰਘ

**ਜਲੰਧਰ (ਸ਼ੈਲੀ ਐਲਬਰਟ)**- ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਕਾਲਜ ਨੂੰ ਨੈਸ਼ਨਲ ਐਵਾਰਡ ਮਿਲਣ ਤੋਂ ਬਾਅਦ ਵਿਦਿਆਰਥੀਆਂ ਨਾਲ ਰੁਬਰੂ ਹੋਏ ਜਿਨ੍ਹਾਂ ਵਿੱਚ ਸਾਰੇ ਹੀ ਵਿਭਾਗਾਂ ਦੇ ਵਿਦਿਆਰਥੀ ਨੁਮਾਇੰਦੇ ਸ਼ਾਮਿਲ ਹੋਏ । ਡਾ. ਜਗਰੂਪ ਸਿੰਘ ਨੇ ਵਿਦਿਆਰਥੀਆ ਨੂੰ ਵਧਾਈ ਦਿੱਤੀ ਤੇ ਨਾਲ ਹੀ ਦੱਸਿਆ ਕਿ ਇਹ ਐਵਾਰਡ ਉਹਨਾਂ ਦੇ ਕਾਲਜ ਨੂੰ ਕਿਉਂ ਤੇ ਕਿਵੇਂ ਮਿਲਿਆ। ਇਸ ਦੇ ਸਾਰੇ ਪਹਿਲੂਆਂ ਉਪਰ ਵਿਦਿਆਰਥੀਆਂ ਨਾਲ ਚਰਚਾ ਕੀਤੀ। ਉਹਨਾਂ ਸਾਰੇ ਹੀ ਮਾਪਦੰਡਾਂ ਦਾ ਇੱਕ - ਇੱਕ ਕਰਕੇ ਜਿਕਰ ਕੀਤਾ ਜਿਨ੍ਹਾਂ ਕਰਕੇ ਨਿੱਟਰ ਚੰਡੀਗੜ੍ਹ ਵਰਗੀ ਮਿਆਰੀ ਰਿਸਰਚ ਕੇਂਦਰੀ ਸੰਸਥਾ ਕਿਸੇ ਬਹੁਤਕਨੀਕੀ ਕਾਲਜ ਦੀ ਚੋਣ ਕਰਦੀ ਹੈ। ਉਹਨਾਂ ਕਾਲਜ ਦੀਆਂ ਸ਼ਕਤੀਆਂ ਯਾਨੀ ਮਜ਼ਬੂਤ ਪੱਖਾਂ ਅਤੇ ਕਮਜ਼ੋਰੀਆਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਐਨ.ਬੀ.ਏ ਐਕਰੀਡੀਟੇਸ਼ਨ ਅਤੇ ਨੈਸ਼ਨਲ ਐਵਾਰਡ ਲੈਣਾ ਆਸਾਨ ਹੈ, ਪਰ ਇਸ ਉੱਤਮ ਪ੍ਰਾਪਤੀ ਦੀ ਪਹੁੰਚ ਨੂੰ ਬਣਾਈ ਰੱਖਣਾ ਸਭ ਤੋਂ ਮੁਸ਼ਕਿਲ ਕੰਮ ਹੈ ਤੇ ਇਸ ਲਈ ਸਟਾਫ ਅਤੇ ਵਿਦਿਆਰਥੀਆਂ ਨੂੰ ਲਗਾਤਾਰ ਮੇਹਨਤ ਕਰਨੀ ਪਵੇਗੀ।



## ਯੰਗ ਖਾਲਸਾ ਗਰੁੱਪ ਨੇ ਮੁਫਤ ਮੈਡੀਕਲ ਕੈਂਪ ਲਗਾਇਆ

**ਅੱਡਾ ਸਰਾਂ (ਜਸਵੀਰ ਕਾਜਲ/ਉਂਕਾਰ)**- ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350 ਸਾਲਾਂ ਗੁਰਤਾਗੱਦੀ ਸ਼ਤਾਬਦੀ ਅਤੇ ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਮਹਾਨ ਸਲਾਨਾ ਕੀਰਤਨ ਦਰਬਾਰ ਪਿੰਡ ਖਾਖਾਂ ਵਿੱਚ ਕਰਾਇਆ ਗਿਆ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਸਿੱਖ ਪੰਥ ਦੇ ਮਹਾਨ ਕੀਰਤਨੀ ਰਾਗੀ ਢਾਡੀ ਜਥਿਆਂ ਨੇ ਗੁਰਬਾਣੀ ਕਥਾ ਵਿਚਾਰਾਂ ਨਾਲ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ।ਇਸੇ ਤਰ੍ਹਾਂ ਮਿਸ਼ਨ ਸਿਹਤਮੰਦ ਪੰਜਾਬ ਮੁਹਿੰਮ ਤਹਿਤ ਯੰਗ ਖਾਲਸਾ ਗਰੁੱਪ ਰਜਿ ਹੁਸ਼ਿਆਰਪੁਰ ਵੱਲੋਂ ਜਗਜੀਤ ਸਿੰਘ ਸੁਸਾਇਟੀ ਸਰਪ੍ਰਸਤ ਦੀ ਅਗਵਾਈ ਵਿੱਚ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਡਾ. ਸੁਰਜੀਤ ਸਿੰਘ ਅਤੇ ਡਾ. ਚਰਨਜੀਤ ਸਿੰਘ ਪੜਬੱਗਾ ਨੇ ਮੈਡੀਕਲ ਚੈੱਕਅਪ ਦੀਆਂ ਸੇਵਾਵਾਂ ਨਿਭਾਈਆਂ। ਇਸ ਮੌਕੇ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਕੈਂਪ ਵਿੱਚ ਬੁਖਾਰ, ਇਨਫੈਕਸ਼ਨ, ਅਲਰਜੀ ਅਤੇ ਡੇਂਗੂ ਬੁਖਾਰ ਦੀਆਂ ਹੋਮੋਪੈਥਿਕ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ। ਇਸ ਮੌਕੇ ਗਰੁੱਪ ਦੇ ਮੈਂਬਰ ਅਵਤਾਰ ਸਿੰਘ ਮਿਰਜਾਪੁਰ, ਬਲਜਿੰਦਰ ਸਿੰਘ, ਦਲਜੀਤ ਸਿੰਘ ਮਾਨ, ਮੈਡਮ ਮਨੂਰੀਤ, ਮੈਡਮ ਰਮਨਪ੍ਰੀਤ ਕੌਰ, ਓਂਕਾਰ ਸਿੰਘ, ਸ਼ਰਨਜੀਤ ਸਿੰਘ, ਰਾਜਵੀਰ ਸਿੰਘ, ਗੁਰਨੂਰ ਸਿੰਘ, ਕਮਲਪ੍ਰੀਤ ਸਿੰਘ, ਅਨਮੋਲ ਸਿੰਘ, ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਕੰਧਾਲਾ, ਤੁਸ਼ਾਰਜੀਤ ਪੜਬੱਗਾ ਅਤੇ ਹੋਰ ਕਲੱਬ ਮੈਂਬਰ ਹਾਜ਼ਰ ਸਨ।



## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਦੁਸਹਿਰਾ ਮੌਕੇ ਸਮਾਗਮ ਹੋਇਆ



**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਦੁਸਿਹਰੇ ਸੰਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ । ਵਿਦਿਆਰਥੀਆਂ ਨੇ ਪੋਸਟਰਾਂ, ਹੱਥ ਨਾਲ ਬਣੇ ਪੁਤਲਿਆਂ ਅਤੇ ਸੁੰਦਰ ਢੰਗ ਨਾਲ ਤਿਆਰ ਕੀਤੇ ਰਮਾਇਣ ਦੇ ਪਾਤਰਾਂ ਦੀ ਡਰਾਇੰਗ ਤਿਆਰ ਕਰਕੇ ਆਪਣੀ ਪ੍ਰਤਿਭਾ ਦਾ ਜਾਦੂ ਛੱਡਿਆ । ਰਮਾਇਣ ਦੇ ਪਾਤਰਾਂ ਦੇ ਪਹਿਰਾਵੇ ਵਿੱਚ ਵਿਦਿਆਰਥੀਆਂ ਬੁਰਾਈ 'ਤੇ ਅਛਾਈ ਦੀ ਜਿੱਤ ਯਾਦ ਕਰਵਾਈ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਦੁਸਹਿਰਾ ਸਾਨੂੰ ਇਹ ਯਾਦ ਕਰਵਾਉਂਦਾ ਹੈ ਕਿ ਕਿਸ ਤਰ੍ਹਾਂ ਅਸੀਂ ਬੁਰਾਈ ਨੂੰ ਚੰਗਿਆਈ ਨਾਲ ਜਿੱਤ ਸਕਦੇ ਹਾਂ ਅਤੇ ਸਾਨੂੰ ਸਾਰਿਆਂ ਨੂੰ ਮਿਲ ਜੁਲ ਕੇ ਇਹ ਤਿਉਹਾਰ ਬੜੇ ਹੀ ਚਾਵਾਂ ਤੇ ਸੁਰੱਖਿਅਤ ਢੰਗ ਨਾਲ ਮਨਾਉਣਾ ਚਾਹੀਦਾ ਹੈ । ਸਕੂਲ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਦੁਸਹਿਰੇ ਦੀ ਵਧਾਈ ਦਿੱਤੀ ।

## 'ਵੋਟ ਚੋਰ ਗੱਦੀ ਛੋੜ' ਦਸਤਖਤ ਅਭਿਆਨ ਤਹਿਤ ਆਨੰਦਪੁਰ ਸਾਹਿਬ ਪਹੁੰਚੇ ਰਾਜਾ ਵੜਿੰਗ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ ਦੇ ਨਾਲ ਗੁਰੂਨਗਰੀ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਵੋਟ ਚੋਰ ਗੱਦੀ ਛੋੜ ਦਸਤਖਤ ਅਭਿਆਨ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਅਸੀਂ ਪਿੰਡ ਪਿੰਡ ਤੇ ਘਰ ਘਰ ਪਹੁੰਚ ਕਰਾਂਗੇ। ਵੜਿੰਗ ਨੇ ਦੱਸਿਆ ਕਿ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ ਕਿ ਕਿਵੇਂ ਵੋਟਾਂ ਚੋਰੀ ਕਰਕੇ ਭਾਜਪਾ ਨੇ ਦੇਸ਼ 'ਤੇ ਆਪਣਾ ਰਾਜ ਕਾਇਮ ਕੀਤਾ।ਉਹਨਾਂ ਕਿਹਾ ਕਿ ਇਸ ਸੰਬੰਧੀ ਸਾਰੇ ਸਬੂਤਾਂ ਸਮੇਤ ਰਾਹੁਲ ਗਾਂਧੀ ਵੱਲੋਂ ਪ੍ਰੈਸ ਕਾਨਫਰੰਸ ਰਾਹੀਂ ਪਰਦਾਫਾਸ਼ ਕੀਤਾ ਜਾ ਚੁੱਕਾ ਹੈ।ਵੜਿੰਗ ਨੇ ਦੋਸ਼ ਲਗਾਇਆ ਕਿ ਭਾਜਪਾ ਨੇ ਵੋਟ ਚੋਰੀ ਕਰਕੇ ਹੀ ਸਰਕਾਰ ਬਣਾਈ ਹੈ, ਨਹੀਂ ਤਾਂ ਲੋਕਾਂ ਨੇ ਇਹਨਾਂ ਨੂੰ ਨਕਾਰ ਦਿੱਤਾ ਸੀ।ਉਹਨਾਂ ਸ਼ੰਕਾ ਜਤਾਈ ਕਿ ਹੋਰ ਰਾਜਾਂ ਵਿੱਚ ਵੀ ਭਾਜਪਾ ਇਸੇ ਤਰ੍ਹਾਂ ਵੋਟਾਂ ਚੋਰੀ ਕਰ ਸਕਦੀ ਹੈ।ਇਸੇ ਕਾਰਨ ਰਾਹੁਲ ਗਾਂਧੀ ਵੱਲੋਂ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਇਸਦੇ ਤਹਿਤ ਪੰਜ ਕਰੋੜ ਲੋਕਾਂ ਦੇ ਦਸਤਖਤ ਇਕੱਠੇ ਕਰਕੇ ਇਲੈਕਸ਼ਨ ਕਮਿਸ਼ਨ ਦੇ ਦਫ਼ਤਰ ਵਿੱਚ ਪੇਸ਼ ਕੀਤੇ ਜਾਣਗੇ। ਰਾਜਾ ਵੜਿੰਗ ਨੇ ਦੋਸ਼ ਲਗਾਇਆ ਕਿ ਭਾਰਤ ਅਤੇ ਪੰਜਾਬ ਦੀ ਸਰਕਾਰਾਂ ਪੰਜਾਬ ਦੇ ਲੋਕਾਂ ਨਾਲ ਧੋਖਾ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਨੂੰ ਐਸ ਡੀ ਆਰ ਐਫ ਫੰਡਾਂ ਦੇ 12 ਹਜ਼ਾਰ ਕਰੋੜ ਰੁਪਏ ਹਿੰਦੁਸਤਾਨ ਸਰਕਾਰ ਜਾਣਦੇ ਹੋਏ ਵੀ ਰਿਲੀਜ਼ ਨਹੀਂ ਕਰ ਰਹੀ ਅਤੇ ਭਗਵੰਤ ਮਾਨ ਸਰਕਾਰ ਨੇ ਵੀ ਇਹ ਪੈਸਾ ਇਧਰ-ਉਧਰ ਵਰਤ ਲਿਆ ਹੈ।ਵੜਿੰਗ ਨੇ ਕਿਹਾ ਕਿ ਗਵਰਨਰ ਵੱਲੋਂ ਇਹ ਕਹਿਣਾ ਕਿ ਰਾਜ ਖਾਤੇ ਵਿੱਚ ਪੈਸਾ ਪਿਆ ਹੈ, ਗਲਤ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲ ਪ੍ਰੇਮ ਸਿੰਘ ਬਾਸੋਵਾਲ, ਸਾਬਕਾ ਚੇਅਰਮੈਨ ਰਮੇਸ਼ ਚੰਦਰ ਦਾਸ ਗੁਰਾਈ, ਕਮਲਦੇਵ ਜੋਸ਼ੀ, ਗੁਰਿੰਦਰ ਸਿੰਘ ਵਾਂਲੀਆ, ਰਤਨ ਚੰਦ ਨਾਨੋਵਾਲ, ਚਰਨਦਾਸ ਸਲੂਰੀਆ, ਹਰਜਿੰਦਰ ਸਿੰਘ ਮਨਿਹਾਸ, ਸੰਜੀਵਨ ਰਾਣਾ, ਕੁਲਦੀਪ ਸਿੰਘ ਨੰਬਰਦਾਰ, ਪ੍ਰਵੇਸ਼ ਸੋਨੀ, ਚੌਧਰੀ ਪਹੂ ਲਾਲ ਲਖੇੜ, ਸਵਰਨ ਸਿੰਘ ਲੋਗੀਪੁਰ, ਤੇਲੂ ਰਾਮ ਲਾਲਪੁਰ, ਕਮਲਦੀਪ ਕੌਰ ਸੈਣੀ, ਨਰਿੰਦਰ ਸਿੰਘ ਸੈਣੀ, ਕ੍ਰਿਸ਼ਨਾ ਬੈਂਸ, ਪ੍ਰੇਮਪਾਲ ਪਿੰਕਾ, ਜਨਮੀਤ ਸਿੰਘ ਬੰਗਾ, ਬਲਵੀਰ ਸਿੰਘ ਬਡਲ, ਅੰਜਨਾ ਸ਼ਰਮਾ, ਡਾ. ਆਤਮਾ ਸਿੰਘ ਰਾਣਾ, ਜਗਰੂਪ ਸਿੰਘ, ਪਾਲੀ ਸ਼ਾਹ ਕੋ ਅਤੇ ਪ੍ਰੇਮ ਸਿੰਘ ਸਿੱਧੂ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਤੇ ਆਗੂ ਹਾਜ਼ਰ ਸਨ।



## ਸਿਹਤ ਮੰਤਰੀ ਤੇ ਸੰਸਦ ਮੈਂਬਰ ਵੱਲੋਂ ਅਤਿ-ਆਧੁਨਿਕ ਨਸ਼ਾ ਛੁਡਾਊ ਕੇਂਦਰ ਦਾ ਉਦਘਾਟਨ



**ਜਲੰਧਰ (ਇਕਬਾਲ ਸਿੰਘ ਉੱਭੀ, ਸ਼ੈਲੀ ਐਲਬਰਟ)** ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਅਤੇ ਵਿਧਾਇਕ ਬਲਕਾਰ ਸਿੰਘ ਸਮੇਤ ਜਲੰਧਰ ਦੇ ਪਿੰਡ ਸ਼ੇਖੇ ਵਿਖੇ ਮਾਡਲ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ ਲੋਕਾਂ ਨੂੰ ਸਮਰਪਿਤ ਕੀਤਾ । 1.13 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤੇ ਗਏ ਇਸ ਕੇਂਦਰ ਨੂੰ ਨਸ਼ਾ ਪ੍ਰਭਾਵਿਤ ਵਿਅਕਤੀਆਂ ਦੇ ਵਿਆਪਕ ਇਲਾਜ ਅਤੇ ਮੁੜ ਵਸੇਬੇ ਨੂੰ ਯਕੀਨੀ ਬਣਾਉਣ ਲਈ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ। ਸਿਹਤ ਮੰਤਰੀ ਨੇ ਕਿਹਾ ਕਿ ਇਹ ਕੇਂਦਰ ਨਾ ਸਿਰਫ਼ ਡਾਕਟਰੀ ਇਲਾਜ 'ਤੇ ਧਿਆਨ ਕੇਂਦਰਿਤ ਕਰੇਗਾ, ਸਗੋਂ ਨਸ਼ਾ ਪ੍ਰਭਾਵਿਤ ਵਿਅਕਤੀਆਂ ਨੂੰ ਦਿਨ ਭਰ ਉਸਾਰੂ ਗਤੀਵਿਧੀਆਂ ਵਿੱਚ ਰੁੱਝੇ ਰੱਖਣ 'ਤੇ ਵੀ ਵਿਸ਼ੇਸ਼ ਤਵਜੋਂ ਦੇਵੇਗਾ । ਸਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਹੁਨਰ ਵਿਕਾਸ ਕੇਂਦਰ ਨਾਲ ਏਕੀਕ੍ਰਿਤ ਇਹ ਸੈਂਟਰ ਮੋਬਾਈਲ ਮੁਰੰਮਤ, ਸੈਲੂਨ ਸੇਵਾਵਾਂ, ਕੁਕਿੰਗ, ਕੰਪਿਊਟਰ ਸਾਖ਼ਰਤਾ, ਇਲੈਕਟ੍ਰੀਸ਼ੀਅਨ ਕੋਰਸਾਂ ਅਤੇ ਫੁੱਟਬਾਲ ਤੇ ਕ੍ਰਿਕਟ ਬਾਲ ਸਿਲਾਈ ਵਰਗੇ ਖੇਡਾਂ ਨਾਲ ਸਬੰਧਤ ਹੁਨਰਾਂ ਦੀ ਸਿਖ਼ਲਾਈ ਪ੍ਰਦਾਨ ਕਰੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵੀ ਮੌਜੂਦ ਸਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਮਾਰਚ 2025 ਤੋਂ ਲੈ ਕੇ ਹੁਣ ਤੱਕ, 18,000 ਤੋਂ ਵੱਧ ਵਿਅਕਤੀਆਂ ਨੇ ਨਸ਼ੇ ਦੀ ਲਤ 'ਤੇ ਕਾਬੂ ਪਾਇਆ ।

## ਪ੍ਰਗਟ ਦਿਵਸ ਸੰਬੰਧੀ ਸ਼ੋਭਾ ਯਾਤਰਾ ਅੱਜ

**ਮਹਿਤਪੁਰ (ਰਾਜਾ)**- ਭਗਵਾਨ ਵਾਲਮੀਕਿ ਧਰਮਸ਼ਾਲਾ (ਮੰਦਰ) ਪ੍ਰਬੰਧਕ ਕਮੇਟੀ ਖੁਰਮਪੁਰ (ਮਹਿਤਪੁਰ) ਦੇ ਆਗੂਆਂ ਨੇ ਜਾਣਕਾਰੀ ਦਿੱਤੀ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਸ੍ਰਿਸ਼ਟੀਕਰਤਾ ਭਗਵਾਨ ਵਾਲਮੀਕਿ ਮਹਾਰਾਜ ਦੇ ਪਾਵਨ ਪ੍ਰਗਟ ਦਿਵਸ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਸ਼ਰਧਾ ਭਾਵਨਾ ਨਾਲ ਸਮੂੰਹ ਸੰਗਤ ਦੇ ਸਹਿਯੋਗ ਨਾਲ 05 ਅਕਤੂਬਰ ਨੂੰ ਕੱਢੀ ਜਾਵੇਗੀ ਜਿਸ ਵਿੱਚ ਵਾਲਮੀਕਿ ਸੰਤ ਸਮਾਜ ਵਿੱਚੋਂ ਸ੍ਰੀਮਾਨ ਬਾਬਾ ਪ੍ਰਗਟ ਨਾਥ ਰਹੀਮਪੁਰ ਵਾਲੇ ਵਿਸ਼ੇਸ਼ ਤੌਰ 'ਤੇ ਹਾਜਰ ਹੋਣਗੇ ਅਤੇ ਸੰਗਤਾਂ ਨੂੰ ਆਸ਼ੀਰਵਾਦ ਦੇਣਗੇ । ਆਗੂਆਂ ਨੇ ਕਿਹਾ ਹੈ ਕਿ 7 ਅਕਤੂਬਰ ਨੂੰ ਸ੍ਰੀ ਰਮਾਇਣ ਸਾਹਿਬ ਦੇ ਪਾਠ ਦਾ ਭੋਗ ਪਾਇਆ ਜਾਵੇਗਾ ਉਪਰੰਤ ਭਾਈ ਸਤਨਾਮ ਸਿੰਘ ਹੁਸੈਨਪੁਰ ਵਾਲੇ ਸ਼ਬਦ ਕੀਰਤਨ ਰਾਹੀਂ ਭਗਵਾਨ ਵਾਲਮੀਕਿ ਮਹਾਰਾਜ ਦਾ ਗੁਣ ਗਾਇਣ ਕਰਨਗੇ । ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ । ਇਸ ਮੌਕੇ ਪ੍ਰਧਾਨ ਬਾਬਾ ਗੁਰਮੇਜ ਸਿੰਘ, ਵਾਇਸ ਪ੍ਰਧਾਨ ਗੁਰਵਿੰਦਰ ਸਿੰਘ ਧਾਰੀਵਾਲ, ਸੈਕਟਰੀ ਸੁਖਵਿੰਦਰ ਸਹੋਤਾ, ਸਲਾਹਕਾਰ ਜਸਵੀਰ ਸਹੋਤਾ ਅਤੇ ਬਸੰਬਰ ਨਾਥ, ਖਜ਼ਾਨਚੀ ਅਰੁਣ ਮੱਟੂ,ਅਜੈ ਮੱਟੂ,ਸਵਰਨਾ ਰਾਮ, ਬਿਹਾਰੀ ਲਾਲ, ਜਸਵੀਰ ਸੰਧੂ, ਅਮਨ ਕੁਮਾਰ ਮਾਸਟਰ, ਬਚਨ ਸਿੰਘ, ਬਲਜੀਤ ਸਹੋਤਾ, ਕਮਲ ਹੰਸ, ਸਿੰਦਰਪਾਲ, ਜੋਬਨ ਸਹੋਤਾ, ਸੱਤਾ, ਰਿੱਕੀ ਸਹੋਤਾ, ਬਿਨੈ ਮੱਟੂ, ਲਵਪ੍ਰੀਤ, ਅਮਨ ਮੱਟੂ, ਵਿਸ਼ਾਲ ਸਿੱਧੂ, ਸਾਹਿਲ ਸਿੱਧੂ, ਵੱਡਾ ਗਿੱਲ, ਤਾਜੀ, ਅਭੀ ਸਹੋਤਾ, ਮੁੱਗ, ਸ਼ਨੀ ਸੱਭਰਵਾਲ, ਸ਼ਨੀ ਗਿੱਲ, ਮੋਨੂੰ, ਅੰਸ ਸਿੱਧੂ ਆਦਿ ਹਾਜਰ ਸਨ ।



## ਅੱਜ ਦੇ ਸੂਬਾ ਪੱਧਰੀ ਅਧਿਆਪਕ ਪੁਰਸਕਾਰ ਸਮਰੋਹ ਸਬੰਧੀ ਮੀਟਿੰਗ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਵਿਰਾਸਤ-ਏ-ਖਾਲਸਾ ਦੇ ਆਡੀਟੋਰੀਅਮ ਵਿਖੇ 5 ਅਕਤੂਬਰ ਨੂੰ ਕਰਵਾਏ ਜਾਣ ਵਾਲੇ ਸੂਬਾ ਪੱਧਰੀ ਅਧਿਆਪਕ ਪੁਰਸਕਾਰ ਸਮਾਰੋਹ ਨੂੰ ਲੈ ਕੇ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਪ੍ਰੇਮ ਕੁਮਾਰ ਮਿੱਤਲ ਅਤੇ ਜਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਇੱਕ ਮੀਟਿੰਗ ਸਥਾਨਕ ਪ੍ਰਾਇਮਰੀ ਸਿੱਖਿਆ ਦਫਤਰ ਵਿਖੇ ਹੋਈ ਜਿਸ ਵਿੱਚ ਕਮੇਟੀਆਂ ਬਣਾ ਕੇ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਇਸ ਮੀਟਿੰਗ ਵਿੱਚ ਉਪ ਜਿਲ੍ਹਾ ਸਿੱਖਿਆ ਅਫਸਰ ਰੰਜਨਾ ਕਟਿਆਲ ਅਤੇ ਇੰਦਰਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜਰ ਸਨ। ਪ੍ਰਿੰਸੀਪਲ ਵਰਿੰਦਰ ਸ਼ਰਮਾ ਨੇ ਦੱਸਿਆ ਕਿ ਸਨਮਾਨ ਸਮਾਰੋਹ ਲਈ ਅਧਿਆਪਕਾ ਦੀਆਂ ਹਰੇਕ ਤਰ੍ਹਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਅਤੇ ਸਮੁੱਚਾ ਅਧਿਆਪਕ ਵਰਗ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪ੍ਰਬੰਧਾਂ ਨੂੰ ਅੰਤਿਮ ਛੋਹਾਂ ਦੇ ਰਿਹਾ ਹੈ।ਇਸ ਮੌਕੇ ਪ੍ਰਿੰਸ: ਸੰਦੀਪ ਕੌਰ, ਪ੍ਰਿੰਸ: ਵਿਜੇ ਬੰਗਲਾ, ਪ੍ਰਿੰਸ: ਸ਼ਰਨਜੀਤ ਸਿੰਘ, ਪ੍ਰਿੰਸ: ਜਗਤਾਰ, ਪ੍ਰਿੰਸ: ਪਵਨ ਖੁਰਾਣਾ, ਪ੍ਰਿੰਸ: ਪੂਜਾ ਗੋਇਲ, ਪ੍ਰਿੰਸ: ਕਿਰਨ ਸ਼ਰਮਾ, ਪ੍ਰਿੰਸ: ਨੀਰਜ ਵਰਮਾ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਨਜ਼ੀਤ ਸਿੰਘ ਮਾਵੀ, ਦਿਸ਼ਾਂਤ ਮਹਿਤਾ, ਅਰਵਿੰਦਰ ਕੁਮਾਰ, ਗੁਰਦੀਪ ਕੁਮਾਰ, ਰਜੇਸ਼ ਰਾਣਾ, ਸ਼ੀਮਾ ਜੱਸਲ, ਪ੍ਰਿੰਸ: ਪਰਵਿੰਦਰ ਕੌਰ ਦੁਆ, ਸੁਰੇਸ਼ ਸੈਣੀ, ਮਨਦੀਪ ਕੌਰ, ਓਮ ਪ੍ਰਕਾਸ਼, ਸੁਖਜੀਤ ਸਿੰਘ ਕੈਂਥ, ਸੁਰਿੰਦਰ ਸਿੰਘ, ਮੀਮਲ ਸਿੰਘ, ਰਕੇਸ਼ ਕੁਮਾਰ ਰੋੜੀ, ਬਲਵੀਰ ਸਿੰਘ, ਦਰਸ਼ਨ ਸਿੰਘ, ਨਰੇਸ਼ ਕੁਮਾਰ, ਨਿਰਮਲ ਕੁਮਾਰ, ਕੁਲਦੀਪ ਸਿੰਘ, ਜ਼ੋਗਾ ਸਿੰਘ, ਸੰਜੀਵ ਸੋਨੀ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਹਾਜਰ ਸਨ।



## ਵੋਟ ਚੋਰੀ ਬਾਰੇ ਲੋਕਾਂ ਨੂੰ ਘਰੋ-ਘਰੀ ਕੀਤਾ ਜਾਵੇਗਾ ਜਾਗਰੂਕ : ਧਾਲੀਵਾਲ

**ਫਗਵਾੜਾ (ਡਾ. ਰਮਨ)**- ਕੇਂਦਰੀ ਲੀਡਰਸ਼ਿਪ ਦੀਆਂ ਹਦਾਇਤਾਂ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨਿਰਦੇਸ਼ਾਂ ਹੇਠ ਵਿੱਢੀ ਮੁਹਿੰਮ 'ਵੋਟ ਚੋਰ-ਗੱਦੀ ਛੋੜ' ਤਹਿਤ ਕਾਂਗਰਸ ਪਾਰਟੀ ਵਲੋਂ ਫਗਵਾੜਾ ਵਿਖੇ ਹਸਤਾਖਰ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਮੁਹਿੰਮ ਸ਼ੁਰੂ ਕਰਦੇ ਹੋਏ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਤੋਂ ਪਾਰਟੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਘਰ- ਘਰ ਵਿੱਚ ਪਹੁੰਚ ਕਰਕੇ ਲੋਕਾਂ ਨੂੰ ਵੋਟਾਂ ਦੀ ਹੋ ਰਹੀ ਚੋਰੀ ਬਾਰੇ ਜਾਗਰੂਕ ਕੀਤਾ ਜਾਵੇਗਾ। ਉਹਨਾਂ ਇੱਕ ਪੰਫਲੈਟ ਜਾਰੀ ਕਰਦਿਆਂ ਭਾਰਤ ਦੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਪੜ੍ਹਨ ਯੋਗ ਵੋਟਰ ਸੂਚੀ ਨੂੰ ਫੋਟੋਆਂ ਸਮੇਤ ਜਨਤਕ ਜਾਂਚ ਲਈ ਉਪਲੱਬਧ ਕਰਵਾਇਆ ਜਾਵੇ। ਹਰੇਕ ਚੋਣ ਤੋਂ ਪਹਿਲਾਂ ਫੋਟੋਆਂ ਸਮੇਤ ਮਿਟਾਈਆਂ ਅਤੇ ਜੋੜੀਆਂ ਗਈਆਂ ਵੋਟਰ ਸੂਚੀਆਂ ਨੂੰ ਜਨਤਕ ਤੌਰ 'ਤੇ ਜਾਰੀ ਕਰਨਾ ਯਕੀਨੀ ਬਣਾਇਆ ਜਾਵੇ। ਗਲਤ ਢੰਗ ਨਾਲ ਮਿਟਾਈ ਗਈ ਵੋਟ ਸੰਬੰਧੀ ਇੱਕ ਪਹੁੰਚ ਯੋਗ ਸ਼ਿਕਾਇਤ ਨਿਵਾਰਣ ਪ੍ਰਣਾਲੀ ਬਣਾਈ ਜਾਵੇ। ਧਾਲੀਵਾਲ ਨੇ ਕਿਹਾ ਕਿ ਆਖਰੀ ਸਮੇਂ 'ਤੇ ਵੋਟਾਂ ਨੂੰ ਮਿਟਾਉਣ ਜਾਂ ਜੋੜਨ ਤੋਂ ਬਚਿਆ ਜਾਣਾ ਚਾਹੀਦਾ ਹੈ ਅਤੇ ਇੱਕ ਸਪੱਸ਼ਟ ਕੱਟ-ਆਫ ਮਿਤੀ ਦਾ ਐਲਾਨ ਬਹੁਤ ਪਹਿਲਾਂ ਕਰ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯੋਜਨਾਬੱਧ ਤਰੀਕੇ ਨਾਲ ਵੋਟਰਾਂ ਨੂੰ ਦਬਾਉਣ ਦੀ ਕੋਸ਼ਿਸ਼ ਵਿੱਚ ਸ਼ਾਮਲ ਅਧਿਕਾਰੀਆਂ/ਏਜੰਟਾਂ 'ਤੇ ਮੁਕੱਦਮਾ ਚਲਾ ਕੇ ਬਣਦੀ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਵਿਧਾਇਕ ਧਾਲੀਵਾਲ ਨੇ ਦੱਸਿਆ ਕਿ ਇਹਨਾਂ ਸਾਰੀਆਂ ਮੰਗਾਂ ਨੂੰ ਲੈ ਕੇ ਇੱਕ ਫਾਰਮ ਰਾਹੀਂ ਹਲਕਾ ਵਾਸੀਆਂ ਦੇ ਹਸਤਾਖਰ ਕਰਵਾ ਕੇ ਚੋਣ ਕਮਿਸ਼ਨ ਭਾਰਤ ਨੂੰ ਭੇਜੇ ਜਾਣਗੇ। ਇਸ ਮੌਕੇ ਡਾ. ਰਮਨ ਸ਼ਰਮਾ, ਦਲੀਪ ਕੁਮਾਰ ਲਾਡੀ ਸਾਬਕਾ ਸਰਪੰਚ ਕਾਂਸ਼ੀ ਨਗਰ, ਸੁਨੀਲ ਪਾਂਡੇ, ਯੋਗੇਸ਼ ਕੋਂਲ, ਦਲਜੀਤ ਸਿੰਘ ਨੰਬਰਦਾਰ ਮਾਈਓਪੱਟੀ ਆਦਿ ਹਾਜ਼ਰ ਸਨ।



# ਕੇਂਦਰ ਸਰਕਾਰ ਨੇ ਜਥਿਆਂ ਨੂੰ ਆਗਿਆ ਦੇ ਕੇ ਵਿਹਾਰਕ ਪਹੁੰਚ ਅਪਣਾਈ : ਸੰਧਵਾਂ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਜਥਿਆਂ ਦਾ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬ ਜਾਣ 'ਤੇ ਪਾਬੰਦੀ ਲਗਾਉਣ ਦੇ ਕੇਂਦਰ ਸਰਕਾਰ ਦੇ ਫ਼ੈਸਲੇ ਦਾ ਵੱਖ-ਵੱਖ ਧਾਰਮਿਕ ਅਤੇ ਹੋਰਨਾਂ ਸੰਗਠਨਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ।ਉਨ੍ਹਾਂ ਅੱਗੇ ਦੱਸਿਆ ਕਿ ਹੁਣ ਕੇਂਦਰ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਜਥਿਆਂ ਨੂੰ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਦੀ ਆਗਿਆ ਦੇ ਕੇ ਇੱਕ ਵਿਹਾਰਕ ਪਹੁੰਚ ਅਪਣਾਈ ਹੈ ਅਤੇ ਇਸ ਨਾਲ ਦੋਵਾਂ ਦੇਸ਼ਾਂ ਦਰਮਿਆਨ ਫ਼ਿਰਕੂ ਸਦਭਾਵਨਾ ਦੇ ਨਾਲ-ਨਾਲ ਸ਼ਾਂਤੀ ਸਥਾਪਿਤ ਹੋਵੇਗੀ ਅਤੇ ਆਪਸੀ ਵਪਾਰ ਵਿੱਚ ਵੀ ਪ੍ਰਫੁਲਿਤ ਹੋਵੇਗਾ। ਇਸ ਨਾਲ ਕਿਸਾਨਾਂ ਅਤੇ ਵਪਾਰਕ ਭਾਈਚਾਰੇ ਨੂੰ ਵੀ ਲਾਭ ਪਹੁੰਚੇਗਾ।


**GURU NANAK AYURVEDIC MEDICAL COLLEGE & HOSPITAL**
Barkandi Road, Sri Muktsar Sahib-152026 (Pb.)
Application are invited for the post of
**LECTURER / READER / PROFESSOR**
In Deptt. of Shalakya, Agad Tantra Stri Prasuti, Kriya Sharir, Panchkarma Shalya Tantra & Kaumarbharitya
Eligibility:- As per Punjab Govt. Scale.
Salary :- As per Punjab Gov. Scale.
Walk in interview on any working day during working hours with in one month
Gen.Secretary
Contact No. 098760-00107, 094642-93642


## PUBLIC NOTICE

I Marufa Begam W/o Alaudin Mandol R/o Amritsar, have approached Equitas Small Finance Bank Limited at Amritsar, for availing a loan to purchase and mortgage of below mentioned immovable property having its sale deed regd dt. 5.12.2006 as doc. No. 7940 registered at sub-Registrar, Distt. Amritsar. Anybody having any claim or objection in creating mortgage over said property in favour of above Bank shall approach undersigned within seven days from this publication, failing which it shall be presumed that there is no objection or claim of any one over this property and the bank may proceed further in advancing loan by way of mortgaging the said property. Further, any objection or claim made thereafter shall have no legal effect on me or on the Bank.

DESCRIPTION OF THE PROPERTY
Property House No. 2284-85/10, 2964 & 2988 min Khana Shumari, measuring length 17.6 feet breadth 18 feet, Total measuring 35 Sq Yards situated at Amritsar Haveli Jamadar Near Katra Dullo, Tehsil & District Amritsar.

Vikas Verma Advocate
Ph. 0183-2563029, M- 9815156302
Office cum Residence, 264 Basant Avenue, Amritsar

## ਅਦਾਲਤੀ ਇਸ਼ਤਿਹਾਰ

ਵਿਸ਼ਾ : ਗੁੰਮਸ਼ੁਦਾ ਵਿਅਕਤੀ ਗੁਰਪ੍ਰੀਤ ਸਿੰਘ ਪੁੱਤਰ ਸੇਵਾ ਸਿੰਘ ਪੁੱਤਰ ਸਾਗਰ ਸਿੰਘ ਦੀ ਰਜਿਸਟਰ/ਅਣ-ਰਜਿਸਟਰਡ ਵਸੀਅਤ ਨਾਂਅ ਕਰਨ ਸੰਬੰਧੀ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੇਵਾ ਸਿੰਘ ਪੁੱਤਰ ਸਾਗਰ ਸਿੰਘ ਵਾਸੀ ਪਿੰਡ ਭੰਡਾਲ ਬੇਟ, ਸਬ-ਤਹਿਸੀਲ ਢਿੱਲਵਾਂ, ਜ਼ਿਲ੍ਹਾ ਕਪੂਰਥਲਾ ਨੇ ਦਫਤਰ ਹਾਜ਼ਰ ਹੁੰਦਿਆਂ ਇੱਕ ਦਰਖਾਸਤ ਪੇਸ਼ ਕੀਤੀ ਗਈ ਕਿ ਉਨ੍ਹਾ ਦੇ ਪੁੱਤਰ ਗੁਰਪ੍ਰੀਤ ਸਿੰਘ ਪੁੱਤਰ ਸੇਵਾ ਸਿੰਘ ਪੁੱਤਰ ਸਾਗਰ ਸਿੰਘ, ਜਿਸ ਨੂੰ ਗੁੰਮ ਹੋਇਆਂ ਤਕਰੀਬਨ ਸੱਤ ਸਾਲ ਤੋਂ ਜ਼ਿਆਦਾ ਦਾ ਸਮਾਂ ਹੋ ਚੁੱਕਾ ਹੈ। ਇਸ ਸੰਬੰਧੀ ਮੁੱਖ ਥਾਣਾ ਅਫਸਰ ਢਿੱਲਵਾਂ ਕੋਲ ਗੁੰਮਸ਼ੁਦਾ ਸੰਬੰਧੀ ਰਪਟ ਨੰ. 16 ਮਿਤੀ 03-02-2022 ਨੂੰ ਦਰਜ ਕੀਤੀ ਜਾ ਚੁੱਕੀ ਹੈ, ਜਿਸ ਕਰਕੇ ਉਨ੍ਹਾਂ ਦੇ ਪੋਤੇ ਹਰਕੁਰਬਾਨ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਪੁੱਤਰ ਸੇਵਾ ਸਿੰਘ ਦੇ ਨਾਂਅ 'ਤੇ ਵਿਰਾਸਤੀ ਇੰਤਕਾਲ ਕੀਤਾ ਜਾਵੇ। ਇਸ ਲਈ ਉਪਰੋਕਤ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਗੁੰਮਸ਼ੁਦਾ ਵਿਅਕਤੀ ਗੁਰਪ੍ਰੀਤ ਸਿੰਘ ਪੁੱਤਰ ਸੇਵਾ ਸਿੰਘ ਪੁੱਤਰ ਸਾਗਰ ਸਿੰਘ ਕਿਤੇ ਮੌਜੂਦ ਹੈ ਤਾਂ ਉਹ ਆਪਣਾ ਇਤਰਾਜ਼ ਅਸਾਲਤਨ/ਵਕਾਲਤਨ ਇਸ ਦਫਤਰ ਵਿਖੇ ਇਸ਼ਤਿਹਾਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਮਿਆਦ ਗੁਜ਼ਰ ਜਾਣ ਮਗਰੋਂ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਅਤੇ ਹਸਬ-ਜ਼ਾਬਤਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 03.10.2025 ਨੂੰ ਮੋਹਰ ਅਦਾਲਤ ਅਤੇ ਮੇਰੇ ਦਸਤਖਤਾਂ ਨਾਲ ਜਾਰੀ ਕੀਤਾ ਗਿਆ ਹੈ।

ਸਹੀ/-ਨਾਇਬ ਤਹਿਸੀਲਦਾਰ,
ਢਿੱਲਵਾਂ, ਕਪੂਰਥਲਾ
ਨੰਬਰ 567/ਰੀਡਰ ਮਿਤੀ 03.10.2025

## ਆਮ ਸੂਚਨਾ

ਸੋਹਲ ਬੋਨ ਐਂਡ ਜੋਇੰਟ ਹਸਪਤਾਲ ਬਟਾਲਾ) ਜਨਤਕ ਨੋਟਿਸ 03/10/2025 ਵਿਸ਼ਾ; 2010-2016 ਦੀ ਮਿਆਦ ਲਈ ਮੈਡੀਕਲ ਰਿਕਾਰਡਾਂ ਦਾ ਖਾਤਮਾ ਸੋਹਲ ਹੱਡੀ ਅਤੇ ਜੋੜ ਹਸਪਤਾਲ ਇਸ ਦੁਆਰਾ ਜਨਤਕ ਅਤੇ ਸਾਬਕਾ ਮਰੀਜ਼ਾਂ ਨੂੰ ਨੋਟਿਸ ਦਿੰਦਾ ਹੈ ਕਿ ਸਾਲ 2010 ਤੋਂ 2016 ਤੱਕ ਦੇ ਮੈਡੀਕਲ ਰਿਕਾਰਡ ਲਾਗੂ ਸਿਹਤ ਜਾਣਕਾਰੀ ਗੋਪਨੀਯਤਾ ਕਾਨੂੰਨਾਂ ਅਤੇ ਹਸਪਤਾਲ ਦੀ ਰਿਕਾਰਡ ਧਾਰਨ ਨੀਤੀ ਦੇ ਅਨੁਸਾਰ ਸੁਰੱਖਿਅਤ ਖਾਤਮੇ ਲਈ ਤਹਿ ਕੀਤੇ ਗਏ ਹਨ। ਜਿਨ੍ਹਾਂ ਵਿਅਕਤੀਆਂ ਨੇ ਇਸ ਸਮੇਂ ਦੌਰਾਨ ਸੋਹਲ ਹੱਡੀ ਅਤੇ ਜੋੜ ਹਸਪਤਾਲ ਵਿੱਚ ਇਲਾਜ ਪ੍ਰਾਪਤ ਕੀਤਾ ਹੈ ਅਤੇ ਖਾਤਮੇ ਤੋਂ ਪਹਿਲਾਂ ਆਪਣੇ ਮੈਡੀਕਲ ਰਿਕਾਰਡਾਂ ਦੀ ਇੱਕ ਕਾਪੀ ਦੀ ਬੇਨਤੀ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ 15/11/2025 ਤੱਕ ਅਜਿਹਾ ਕਰਨਾ ਚਾਹੀਦਾ ਹੈ। ਰਿਕਾਰਡਾਂ ਦੀ ਬੇਨਤੀ ਕਰਨ ਲਈ ਜਾਂ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ ਜਾਂ ਸੰਪਰਕ ਕਰੋ; ਸੋਹਲ ਹੱਡੀ ਅਤੇ ਜੋੜ ਹਸਪਤਾਲ (7087352000) ਨੋਟ; ਸਮਾਂ ਸੀਮਾ ਤੋਂ ਬਾਅਦ ਇਹ ਰਿਕਾਰਡ ਉਪਲਬਧ ਨਹੀਂ ਰਹਿਣਗੇ। ਨੋਟਿਸ ਵੱਲ ਧਿਆਨ ਦੇਣ ਲਈ ਤੁਹਾਡਾ ਧੰਨਵਾਦ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀਮਤੀ ਅਰਚਨਾ ਸ਼ਰਮਾ ਨਾਇਬ-ਤਹਿਸੀਲਦਾਰ-ਕਮ-ਸਬ-ਰਜਿਸਟਰਾਰ, ਤਰਨ ਤਾਰਨ।
ਨੋਟਿਸ ਬਨਾਮ ਆਮ ਜਨਤਾ

ਵਿਸ਼ਾ : ਜ਼ੇਰ ਧਾਰਾ 40-ਏ ਅਣਰਜਿਸਟਰਡ ਵਸੀਅਤ ਨੂੰ ਰਜਿਸਟਰ ਕਰਨ ਬਾਰੇ।

ਸ੍ਰੀਮਤੀ ਜਸਪ੍ਰੀਤ ਕੌਰ ਪਤਨੀ ਲੇਟ ਸ੍ਰੀ ਰਜਿੰਦਰ ਸਿੰਘ ਪੁੱਤਰ ਸ੍ਰੀ ਸੂਰਤਾ ਸਿੰਘ ਵਾਸੀ ਪਿੰਡ ਬੁੱਗੇ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਨੇ ਇੱਕ ਅਣਰਜਿਸਟਰਡ ਵਸੀਅਤ ਮਿਤੀ 07-06-2024 ਵੱਲੋਂ ਰਾਜਿੰਦਰ ਸਿੰਘ ਪੁੱਤਰ ਸ੍ਰੀ ਸੂਰਤਾ ਸਿੰਘ, ਪਿੰਡ ਬੁੱਗੇ, ਤਹਿ. ਤੇ ਜ਼ਿਲ੍ਹਾ ਤਰਨ ਤਾਰਨ ਨੇ ਆਪਣੀ ਪਤਨੀ ਜਸਪ੍ਰੀਤ ਕੌਰ, ਆਪਣੇ ਪੁੱਤਰਾਨ ਸਿਮਰਨਜੀਤ ਸਿੰਘ, ਦਿਲਸ਼ੇਰ ਸਿੰਘ ਦੇ ਹੱਕ ਵਿੱਚ ਕੀਤੀ ਤੇ ਹੁਣ ਜਸਪ੍ਰੀਤ ਕੌਰ ਪਤਨੀ ਲੇਟ ਸ੍ਰੀ ਰਾਜਿੰਦਰ ਸਿੰਘ ਨੇ ਇਹ ਵਸੀਅਤਨਾਮਾ ਦਫਾ 40-ਏ ਤਹਿਤ ਰਜਿਸਟਰ ਕਰਾਉਣ ਲਈ ਪੇਸ਼ ਕੀਤੀ ਹੈ। ਵਸੀਅਤਕਰਤਾ ਰਾਜਿੰਦਰ ਸਿੰਘ ਦੀ ਮਿਤੀ 28-07-2025 ਨੂੰ ਮੌਤ ਹੋ ਚੁੱਕੀ ਹੈ। ਇਸ ਲਈ ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਹ ਵਸੀਅਤ ਰਜਿਸਟਰਡ ਕਰਨ ਦੇ ਸੰਬੰਧ ਵਿਚ ਕਿਸੇ ਤਰ੍ਹਾਂ ਦਾ ਇਤਰਾਜ ਹੋਵੇ ਤਾਂ ਉਹ ਅਸਾਲਤਨ/ਵਕਾਲਤਨ ਹਾਜ਼ਰ ਅਦਾਲਤ ਆ ਕੇ ਆਪਣਾ ਉਜਰ/ਦਾਅਵਾ ਇਸ ਇਸ਼ਤਿਹਾਰ ਦੇ ਜਨਤਕ ਹੋਣ ਦੇ ਤੀਹ (30) ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕਿਸੇ ਤਰ੍ਹਾਂ ਦਾ ਕੋਈ ਉਜਰ ਨਹੀਂ ਸੁਣਿਆ ਜਾਵੇਗਾ। ਇਹ ਇਸ਼ਤਿਹਾਰ ਮੋਹਰ ਅਦਾਲਤ ਅਤੇ ਮੇਰੇ ਦਸਤਖਤਾਂ ਨਾਲ ਮਿਤੀ 30-9-25 ਨੂੰ ਜਾਰੀ ਕੀਤਾ ਗਿਆ।

ਨੰ. 338 ਸਬ-ਰਜਿਸਟਰਾਰ
ਮਿਤੀ 30-9-25 ਤਰਨ ਤਾਰਨ

## ਪਬਲਿਕ ਨੋਟਿਸ

**ਪੀ ਐੱਮ ਸ੍ਰੀ ਸ. ਸ. ਸ. ਸ. ਬਰਿਆਰ, ਗੁਰਦਾਸਪੁਰ ਵਿਖੇ ਸੈਸ਼ਨ 2025-26 ਲਈ ਗਾਈਡੈਂਸ ਕਾਊਂਸਲਰ ਅਤੇ ਯੋਗਾ/ਸਪੋਰਟਸ ਕੋਚ ਦੀ ਜ਼ਰੂਰਤ ਹੈ। ਸੰਬੰਧਤ ਚਾਹਵਾਨ ਮਿਤੀ 06-10-2025 ਨੂੰ ਅਸਲੀ ਦਸਤਾਵੇਜ਼ਾਂ ਸਮੇਤ ਸਵੇਰੇ 10.00 ਵਜੇ ਸਕੂਲ ਦਫਤਰ ਵਿਖੇ ਹਾਜ਼ਰ ਹੋਣ।**

ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,
ਬਰਿਆਰ (ਗੁਰਦਾਸਪੁਰ)

## Municipal Council Nakodar

ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਆਮ ਪਬਲਿਕ ਨੂੰ ਨੋਟਿਸ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ ਨਕੋਦਰ ਵੱਲੋਂ ਹਾਊਸ ਟੈਕਸ/ਪ੍ਰਾਪਰਟੀ ਟੈਕਸ ਵਿੱਚ ਪ੍ਰਾਪਰਟੀ ਨੰ. 2053 ਵਾਕਿਆ ਅੱਡਾ ਮਹਿਤਪੁਰ ਅਤੇ ਪ੍ਰਾਪਰਟੀ ਨੰ. 842-ਏ, ਵਾਕਿਆ ਮੰਦੀ ਬਜ਼ਾਰ ਨਕੋਦਰ ਬਲਬੀਰ ਸਿੰਘ ਪੁੱਤਰ ਸਵਰਨ ਸਿੰਘ ਦੇ ਨਾਂਅ ਨਾਲ ਦਰਜ ਹਨ। ਬਲਬੀਰ ਸਿੰਘ ਪੁੱਤਰ ਸਵਰਨ ਸਿੰਘ ਦੀ ਮੌਤ 22.05.2025 ਅਤੇ ਮਾਤਾ ਤਰਸੇਮ ਕੌਰ ਦੀ ਮੌਤ 28.10.2013 ਨੂੰ ਹੋ ਚੁੱਕੀ ਹੈ। ਬਲਬੀਰ ਸਿੰਘ ਵੱਲੋਂ ਆਪਣੀ ਮੌਤ ਤੋਂ ਪਹਿਲਾਂ ਵਸੀਅਤ ਲਿਖੀ ਗਈ ਸੀ, ਜਿਹੜੀ ਸਬ-ਰਜਿਸਟਰਾਰ ਨਕੋਦਰ ਦੇ ਰਿਕਾਰਡ ਵਿੱਚ ਵਸੀਕਾ ਨੰ. 243 ਮਿਤੀ 22-12-2014 ਰਾਹੀਂ ਦਰਜ ਹੈ, ਜਿਸ ਵਿੱਚ ਆਪਣੇ ਪੁੱਤਰ ਕਮਲਜੀਤ ਸਿੰਘ ਨੂੰ ਇਕੱਲਾ ਕਾਬਜ਼ ਵਾ ਮਾਲਕ ਬਣਾਇਆ ਸੀ। ਇਹ ਕਿ ਕਮਲਜੀਤ ਸਿੰਘ ਪੁੱਤਰ ਬਲਬੀਰ ਸਿੰਘ ਨੇ ਹਲਫੀਆ ਬਿਆਨ ਦੇ ਕੇ ਸਪੱਸ਼ਟ ਕੀਤਾ ਹੈ ਕਿ ਇਹ ਦੋਵੇਂ ਪ੍ਰਾਪਰਟੀਆਂ ਉਸ ਦੇ ਨਾਂਅ 'ਤੇ ਹਾਊਸ ਟੈਕਸ/ਪ੍ਰਾਪਰਟੀ ਟੈਕਸ ਰਿਕਾਰਡ ਵਿੱਚ ਕਰ ਦਿੱਤੀਆਂ ਜਾਣ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਲਿਖਤੀ ਰੂਪ ਵਿੱਚ ਇਸ ਨੋਟਿਸ ਦੀ ਪ੍ਰਕਾਸ਼ਨਾ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਦੇ ਸਕਦਾ ਹੈ। ਸਮਾਂ ਬੀਤਣ ਉਪਰੰਤ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਪ੍ਰਾਪਰਟੀ ਸੰਬੰਧਤ ਨਾਂਅ 'ਤੇ ਹਾਊਸ ਟੈਕਸ/ਪ੍ਰਾਪਰਟੀ ਟੈਕਸ ਮੰਤਵ ਲਈ ਤਬਦੀਲ ਕਰ ਦਿੱਤੀ ਜਾਵੇਗੀ।

ਕਾਰਜ ਸਾਧਕ ਅਫਸਰ, ਨਕੋਦਰ

## THE SALVATION ARMY

An association incorporated with the Ministry of Corporate Affairs, Govt. of India vide Regn. No. CIN U74999MH1953NPL009106

**INDIA NORTHERN TERRITORY**
Office of The Chief Secretary

## ਜਨਤਕ ਸੂਚਨਾ



ਸ੍ਰੀ ਸਾਈਮਨ ਪੀਟਰ   ਸ੍ਰੀਮਤੀ ਸੋਨੀਆ ਸਾਈਮਨ ਪੀਟਰ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਸਾਈਮਨ ਪੀਟਰ, ਪੀਟਰ ਮਸੀਹ ਦੇ ਪੁੱਤਰ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੋਨੀਆ ਸਾਈਮਨ ਪੀਟਰ, ਪਿੰਡ ਪੁਰਾਣਾ ਧਾਰੀਵਾਲ ਪੀ.ਓ. ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਦੇ ਵਸਨੀਕ ਨੂੰ 2 ਅਕਤੂਬਰ 2025 ਨੂੰ ਮੁਕਤੀ ਫੌਜ ਦੁਆਰਾ ਬਰਖਾਸਤ ਕਰ ਦਿੱਤਾ ਹੈ।

ਉਹ ਹੁਣ ਮੁਕਤੀ ਫੌਜ ਦੇ ਅਫਸਰ (ਪਾਦਰੀ) ਨਹੀਂ ਹਨ। ਉਹ ਹੁਣ ਮੁਕਤੀ ਫੌਜ ਦੀ ਵਰਦੀ ਪਹਿਨਣ ਦੇ ਹੱਕਦਾਰ ਨਹੀਂ ਹਨ। ਜੇਕਰ ਕੋਈ ਵਿਅਕਤੀ ਮੁਕਤੀ ਫੌਜ ਦੇ ਨਾਂਅ 'ਤੇ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੁਕਤੀ ਫੌਜ ਇਸ ਲਈ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗੀ। ਜੇਕਰ ਸ੍ਰੀ ਸਾਈਮਨ ਪੀਟਰ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੋਨੀਆ ਸਾਈਮਨ ਪੀਟਰ ਵੱਲੋਂ ਕੋਈ ਗੈਰ-ਕਾਨੂੰਨੀ ਕੰਮ ਕੀਤਾ ਜਾਂਦਾ ਹੈ ਤਾਂ ਮੁਕਤੀ ਫੌਜ ਇਸ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗੀ।

**ਲੈਫ. ਕਰਨਲ ਅਬ੍ਰਾਹਮ ਲਿੰਕਨ ਮੁੱਦਾ**
**ਚੀਫ ਸੈਕਟਰੀ, ਉੱਤਰੀ ਭਾਰਤ ਟੈਰੀਟਰੀ ਵੱਲੋਂ**

## THE SALVATION ARMY

An association incorporated with the Ministry of Corporate Affairs, Govt. of India vide Regn. No. CIN U74999MH1953NPL009106

**INDIA NORTHERN TERRITORY**
Office of The Chief Secretary

## ਜਨਤਕ ਸੂਚਨਾ



ਸ੍ਰੀ ਵਿਲੀਅਮ ਮਸੀਹ   ਸ੍ਰੀਮਤੀ ਕਵਲਪ੍ਰੀਤ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਵਿਲੀਅਮ ਮਸੀਹ, ਸਵਰਗੀ ਸ੍ਰੀ ਬਸ਼ੀਰ ਮਸੀਹ ਦੇ ਪੁੱਤਰ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਕਵਲਪ੍ਰੀਤ, ਨਿਵਾਸੀ ਨਿਊ ਭਾਰਤ ਕਲੋਨੀ (ਤੇਲੀਆਂ ਵਾਲਾ) ਕੱਚਾ ਕੋਟ ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਨੂੰ 2 ਅਕਤੂਬਰ 2025 ਨੂੰ ਮੁਕਤੀ ਫੌਜ ਦੁਆਰਾ ਬਰਖਾਸਤ ਕਰ ਦਿੱਤਾ ਹੈ।

ਉਹ ਹੁਣ ਮੁਕਤੀ ਫੌਜ ਦੇ ਅਫਸਰ (ਪਾਦਰੀ) ਨਹੀਂ ਹਨ। ਉਹ ਹੁਣ ਮੁਕਤੀ ਫੌਜ ਦੀ ਵਰਦੀ ਪਹਿਨਣ ਦੇ ਹੱਕਦਾਰ ਨਹੀਂ ਹਨ। ਜੇਕਰ ਕੋਈ ਵਿਅਕਤੀ ਮੁਕਤੀ ਫੌਜ ਦੇ ਨਾਂਅ 'ਤੇ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੁਕਤੀ ਫੌਜ ਇਸ ਲਈ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗੀ। ਜੇਕਰ ਸ੍ਰੀ ਵਿਲੀਅਮ ਮਸੀਹ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਕਵਲਪ੍ਰੀਤ ਵੱਲੋਂ ਕੋਈ ਗੈਰ-ਕਾਨੂੰਨੀ ਕੰਮ ਕੀਤਾ ਜਾਂਦਾ ਹੈ ਤਾਂ ਮੁਕਤੀ ਫੌਜ ਇਸ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗੀ।

**ਲੈਫ. ਕਰਨਲ ਅਬ੍ਰਾਹਮ ਲਿੰਕਨ ਮੁੱਦਾ**
**ਚੀਫ ਸੈਕਟਰੀ, ਉੱਤਰੀ ਭਾਰਤ ਟੈਰੀਟਰੀ ਵੱਲੋਂ**

## THE SALVATION ARMY

An association incorporated with the Ministry of Corporate Affairs, Govt. of India vide Regn. No. CIN U74999MH1953NPL009106

**INDIA NORTHERN TERRITORY**
Office of The Chief Secretary

## ਜਨਤਕ ਸੂਚਨਾ



ਸ੍ਰੀ ਵਿਜੇ ਪਾਲ ਸਿੰਘ   ਸ੍ਰੀਮਤੀ ਰੋਜ਼ਲੀਨ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਵਿਜੇ ਪਾਲ ਸਿੰਘ ਪੁੱਤਰ ਸਵਰਗਵਾਸੀ ਹਰਚਰਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਰੋਜ਼ਲੀਨ, ਨਿਵਾਸੀ ਸੁੰਦਰ ਨਗਰ, ਡੇਰਾ ਬਾਬਾ ਨਾਨਕ ਰੋਡ, ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143505 ਨੂੰ 2 ਅਕਤੂਬਰ 2025 ਨੂੰ ਮੁਕਤੀ ਫੌਜ ਦੁਆਰਾ ਬਰਖਾਸਤ ਕਰ ਦਿੱਤਾ ਹੈ।

ਉਹ ਹੁਣ ਮੁਕਤੀ ਫੌਜ ਦੇ ਅਫਸਰ (ਪਾਦਰੀ) ਨਹੀਂ ਹਨ। ਉਹ ਹੁਣ ਮੁਕਤੀ ਫੌਜ ਦੀ ਵਰਦੀ ਪਹਿਨਣ ਦੇ ਹੱਕਦਾਰ ਨਹੀਂ ਹਨ। ਜੇਕਰ ਕੋਈ ਵਿਅਕਤੀ ਮੁਕਤੀ ਫੌਜ ਦੇ ਨਾਂਅ 'ਤੇ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੁਕਤੀ ਫੌਜ ਇਸ ਲਈ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗੀ। ਜੇਕਰ ਸ੍ਰੀ ਵਿਜੇ ਪਾਲ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਰੋਜ਼ਲੀਨ ਵੱਲੋਂ ਕੋਈ ਗੈਰ-ਕਾਨੂੰਨੀ ਕੰਮ ਕੀਤਾ ਜਾਂਦਾ ਹੈ ਤਾਂ ਮੁਕਤੀ ਫੌਜ ਇਸ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗੀ।

**ਲੈਫ. ਕਰਨਲ ਅਬ੍ਰਾਹਮ ਲਿੰਕਨ ਮੁੱਦਾ**
**ਚੀਫ ਸੈਕਟਰੀ, ਉੱਤਰੀ ਭਾਰਤ ਟੈਰੀਟਰੀ ਵੱਲੋਂ**

## Public Notice

I, Bandana Kumari W/o Shubh Kumar R/o Village and P.O. Saloh, Tehsil and District Una, (HP) I declare that my name Bandana Kumari is entered in my Aadhar Card No. 6072 6381 2724 but my name Bandana is entered in the Birth Certificate, Passport, 10th Class certificate, 10+2 Class certificate. Bandana Kumari & Bandana is the one and same person.

I, Raman S/o Harbans Singh R/o Santokh Singh Wala, Tehsil Jalalabad (W), Distt. Fazilka, Punjab declare that my Date of Birth 13-12-2005 , My mother's name is Parwinder Kaur.

I, Saurabh Singh S/o Surinder Singh R/o Vill. Wadala, P.O. Jungle, Tehsil/Distt. Pathankot, Punjab, India, declare that my given name as Saurabh and my Surname as Singh.

# ਅਣਪਛਾਤੀ ਲਾਸ਼ ਮਿਲੀ



ਬਿਆਸ, (ਪਰਮਜੀਤ ਸਿੰਘ ਰੱਖੜਾ)-ਥਾਣਾ ਬਿਆਸ ਦੀ ਪੁਲਸ ਨੂੰ ਇਕ ਨਾਮਲੂਮ ਵਿਅਕਤੀ ਦੀ ਲਾਸ਼ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਬਾਹਰ ਪਈ ਮਿਲੀ ਹੈ, ਜਿਸ ਨੂੰ ਸਵੇਰੇ ਤੜਕਸਾਰ ਸੈਰ ਕਰਦੇ ਹੋਏ ਲੋਕਾਂ ਨੇ ਦੇਖਿਆ। ਲਾਸ਼ ਦੀ ਧੌਣ 'ਤੇ ਇਕ ਸਾਈਡ 'ਤੇ ਬਾਜ਼ ਦਾ ਟੈਟੂ ਅਤੇ ਅੰਗਰੇਜ਼ੀ ਵਿੱਚ ਦੂਸਰੇ 'ਤੇ ਇਕ ਪਾਸੇ ਹੈਪੀ ਅਤੇ ਦੂਸਰੇ ਪਾਸੇ [illegible] ਲਿਖਿਆ ਹੈ। ਉਸ ਦੇ ਮੱਥੇ 'ਤੇ ਗੋਲੀ ਵੱਜਣ ਦਾ ਵੀ ਨਿਸ਼ਾਨ ਨਜ਼ਰ ਆ ਰਿਹਾ ਹੈ। ਥਾਣਾ ਬਿਆਸ ਦੇ ਐੱਸ ਐੱਚ ਓ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਲਾਸ਼ ਨੂੰ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਰੱਖਿਆ ਗਿਆ ਹੈ ਅਤੇ ਕਾਤਲਾਂ ਦੀ ਪਹਿਚਾਣ ਵਾਸਤੇ ਸੀ ਸੀ ਟੀ ਵੀ ਕੈਮਰੇ ਖੰਗਾਲੇ ਜਾ ਰਹੇ ਹਨ।

# ਅੰਤਰਰਾਸ਼ਟਰੀ ਅਧਿਆਪਕ ਦਿਵਸ ਦੀਆਂ ਮੁਬਾਰਕਾਂ !



ਅੱਜ ਅੰਤਰਰਾਸ਼ਟਰੀ ਅਧਿਆਪਕ ਦਿਵਸ ਦੀਆਂ ਸਾਰੇ ਅਧਿਆਪਕਾਂ ਨੂੰ ਮੁਬਾਰਕਾਂ ਦਿੰਦਾ ਹਾਂ। ਅਸੀਂ ਅਕਸਰ ਉਨ੍ਹਾਂ ਅਧਿਆਪਕਾਂ ਨੂੰ ਅਧਿਆਪਕ ਕਹਿੰਦੇ ਹਾਂ ਜੋ ਸਕੂਲਾਂ ਜਾਂ ਕਾਲਜਾਂ ਵਿੱਚ ਪੜ੍ਹਾਉਂਦੇ ਹਨ ਅਤੇ ਉਨ੍ਹਾਂ ਕੋਲ ਚੰਗੀ ਪੜ੍ਹਾਈ ਅਤੇ ਡਿਗਰੀਆਂ ਹੁੰਦੀਆਂ ਹਨ। ਕਦੇ ਮੇਰਾ ਵੀ ਸੁਪਨਾ ਸੀ ਕਿ ਮੈਂ ਵੀ ਅਧਿਆਪਕ ਬਣਾਂ। ਸਕੂਲ ਵਿੱਚ ਬਹੁਤ ਵਾਰ 100 ਵਿੱਚੋਂ 97 ਜਾਂ 98 ਨੰਬਰ ਲੈ ਜਾਂਦਾ ਸੀ ਅਤੇ [illegible] ਪਰ ਸ਼ਾਇਦ ਜ਼ਿੰਦਗੀ ਵਿੱਚ ਨੰਬਰ ਲੈਣਾ ਹੀ ਕਾਫੀ ਨਹੀਂ ਹੁੰਦਾ। [illegible] ਅੰਗਰੇਜ਼ੀ ਸਿੱਖੀ ਪਰ ਨੌਕਰੀ ਵਾਸਤੇ ਕਿਸੇ ਵੀ ਬਾਬੂ ਨੇ ਹਾਂ ਨਹੀਂ ਭਰੀ। ਮੈਂ ਸੋਚਿਆ ਕਿ ਅਧਿਆਪਕ ਤਾਂ ਨਹੀਂ ਬਣ ਸਕਿਆ ਪਰ ਦੂਜਿਆਂ ਨੂੰ ਕੁੱਝ ਸਿਖਾਉਣਯੋਗ ਤਾਂ ਬਣ ਹੀ ਸਕਦਾ ਹਾਂ। ਜੋ ਮੈਨੂੰ ਆਉਂਦਾ ਸੀ ਉਹ ਦੂਜਿਆਂ ਨੂੰ ਸਿਖਾਉਣਾ ਸ਼ੁਰੂ ਕਰ ਦਿੱਤਾ। ਦੂਜਿਆਂ ਨੂੰ ਸਿਖਾਉਣਾ ਜਾਂ ਕਾਮਯਾਬ ਕਰਨਾ ਮੇਰੀ ਆਦਤ ਬਣ ਗਈ। ਇਸ ਬਦਲੀ ਹੋਈ ਆਦਤ ਕਾਰਣ ਮੈਂ ਬਹੁਤ ਸਾਰੇ ਕਾਮਿਆਂ ਨੂੰ ਪ੍ਰਿੰਟਿੰਗ ਲਾਈਨ ਵਿੱਚ ਜ਼ਿਲਦਸਾਜ਼ੀ, ਕੰਪੋਜ਼ਿੰਗ, ਮਸ਼ੀਨ ਅਪ੍ਰੇਟਿੰਗ ਅਤੇ ਨੰਬਰਿੰਗ ਦੇ ਕੰਮ ਪੰਜਾਬ ਵਿੱਚ ਸਿਖਾਏ। ਨਿਊਜ਼ੀਲੈਂਡ ਵਿੱਚ ਪਹੁੰਚ ਕੇ ਬਿਨਾਂ ਕਿਸੇ ਡਿਗਰੀ ਤੋਂ ਹਜ਼ਾਰਾਂ ਕਾਮਿਆਂ ਨੂੰ ਵੱਖ-ਵੱਖ ਫਲਾਂ, ਸਬਜ਼ੀਆਂ ਅਤੇ ਮਸ਼ੀਨਰੀ ਚਲਾਉਣ ਦੇ ਕੰਮ ਸਿਖਾਏ। ਕੀਵੀ ਫਰੂਟ ਖੇਤ ਵਿੱਚ ਜਿੱਥੇ ਕਾਮਿਆਂ ਨੂੰ ਸਿਖਲਾਈ ਦਿੱਤੀ ਅਤੇ ਉਨ੍ਹਾਂ ਕਾਮਿਆਂ ਵਿੱਚ ਕਈ ਸੁਪਰਵਾਈਜ਼ਰ, ਮੈਨੇਜਰ ਅਤੇ ਕੰਪਨੀਆਂ ਦੇ ਮਾਲਕ ਬਣੇ। [illegible] ਨੂੰ ਇੰਨਾ ਪਿਆਰ ਦਿੱਤਾ ਕਿ ਕਿਤਾਬ ਪਹਿਲੇ ਦੋ ਮਹੀਨਿਆਂ ਵਿੱਚ ਦੋ ਵਾਰ ਸੋਲਡ ਆਊਟ ਹੋ ਗਈ ਸੀ, ਸ਼ਾਇਦ ਇਸ ਤਰ੍ਹਾਂ ਹੋਣਾ ਕੁਦਰਤ ਦਾ ਮੇਰੇ ਨਾਲ ਮਜ਼ਾਕ ਹੀ ਸੀ।

ਅੱਜ ਅੰਤਰਰਾਸ਼ਟਰੀ ਅਧਿਆਪਕ ਦਿਵਸ 'ਤੇ ਮੈਂ ਸਾਰੇ ਹੀ ਅਧਿਆਪਕਾਂ ਨੂੰ ਮੁਬਾਰਕਾਂ ਦਿੰਦਾ ਹਾਂ ਜਿਨ੍ਹਾਂ ਨੂੰ ਪੜ੍ਹਾਈ ਦੁਆਰਾ ਜਾਂ ਕਿਸੇ ਵੀ ਸਿਖਲਾਈ ਦੁਆਰਾ ਦੂਜਿਆਂ ਦੀ ਜ਼ਿੰਦਗੀ ਬਿਹਤਰ ਬਣਾਉਣ ਦੇ ਮੌਕੇ ਮਿਲੇ। ਤੁਹਾਡੇ ਪੜ੍ਹਾਏ ਬੱਚੇ ਤੁਹਾਨੂੰ ਹਮੇਸ਼ਾ ਯਾਦ ਹੀ ਨਹੀਂ ਰੱਖਣਗੇ ਬਲਕਿ ਤੁਹਾਡੇ 'ਤੇ ਮਾਣ ਵੀ ਕਰਨਗੇ।

**-ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)** 006421392147

## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 24.09.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐਚ ਐਲ ਅਤੇ ਐਲ ਏ ਪੀ 'ਚ ਕਰਜ਼ਦਾਰ) : ਸ੍ਰੀ ਦੀਪ ਨਰਾਇਣ ਪੁੱਤਰ ਬੋਕੂ ਪ੍ਰਸਾਦ ਵਾਸੀ ਗਲੀ ਨੰ.3, ਰਾਧਾ ਵਿਹਾਰ ਕਾਲੋਨੀ, ਭਾਮੀਆਂ ਕਲਾਂ, ਲੁਧਿਆਣਾ, ਪੰਜਾਬ-141015
2. (ਐਚ ਐਲ ਅਤੇ ਐਲ ਏ ਪੀ 'ਚ ਕਰਜ਼ਦਾਰ) : ਸ੍ਰੀ ਅਰੁਣ ਤਿਵਾੜੀ ਪੁੱਤਰ ਮਹਿੰਦਰ ਤਿਵਾੜੀ ਵਾਸੀ ਵਾਰਡ ਨੰ.7 ਪਬੁਰੀ ਟੋਲਾ ਮਹੇਸ਼ਖੁੰਟ, ਖਗਾਰੀਆ, ਬਿਹਾਰ-851213
3. (ਐਚ ਐਲ ਅਤੇ ਐਲ ਏ ਪੀ 'ਚ ਕਰਜ਼ਦਾਰ) : ਸ੍ਰੀਮਤੀ ਨਿਸ਼ਾ ਦੇਵੀ ਪਤਨੀ ਦੀਪ ਨਰਾਇਣ ਵਾਸੀ ਮਕਾਨ ਨੰ. 5, ਗਲੀ ਨੰ.3, ਰਾਧਾ ਵਿਹਾਰ ਕਾਲੋਨੀ, ਭਾਮੀਆਂ ਕਲਾਂ, ਲੁਧਿਆਣਾ, ਪੰਜਾਬ-141015
4. (ਐਚ ਐਲ 'ਚ ਗਰੰਟਰ) : ਸ੍ਰੀ ਬਾਵੂ ਯਾਦਵ ਪੁੱਤਰ ਰਾਮ ਪ੍ਰਸਾਦ ਯਾਦਵ ਮਦਾਨ ਕਾ ਵੇਹੜਾ, ਦੁਰਗਾ ਕਾਲੋਨੀ, ਫੇਜ਼-7, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010
5. (ਐਲ ਏ ਪੀ 'ਚ ਗਰੰਟਰ) : ਸ੍ਰੀ ਪਲਵਿੰਦਰ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਮਕਾਨ ਨੰ. 57, ਗਲੀ ਨੰ. 1, ਭਾਮੀਆ ਰੋਡ, ਐਮ ਜੀ ਸਿਟੀ, ਭਾਮੀਆ ਕਲਾਂ, ਲੁਧਿਆਣਾ, ਪੰਜਾਬ-141015

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.09.2025 ਤੋਂ ਬਿਨਾਂ ਵਿਆਜ) |
|---|---|---|
| HL/071611000105<br>LAP/071602000236 | Rs. 15,00,000/-<br>Rs. 7,00,000/- | Rs. 14,43,577/-<br>Rs. 6,82,367.52 |

ਪ੍ਰਾਇਮਰੀ ਸਕਿਊਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ :
ਬੈਨਾਮਾ ਦਸਤਾਵੇਜ ਨੰ 2022/23/106/1/180 ਮਿਤੀ 05.04.2022 ਅਨੁਸਾਰ ਸ੍ਰੀ ਅਰੁਣ ਤਿਵਾੜੀ ਪੁੱਤਰ ਮਹਿੰਦਰ ਤਿਵਾੜੀ ਅਤੇ ਸ੍ਰੀਮਤੀ ਨਿਸ਼ਾ ਦੇਵੀ ਪਤਨੀ ਦੀਪ ਨਰਾਇਣ ਦੀ ਮਲਕੀਅਤ ਜਾਇਦਾਦ ਰਕਬਾ 100 ਵਰਗ ਗਜ਼, ਪਲਾਟ ਨੰ. 152 'ਤੇ ਸਥਿਤ, ਭਾਮੀਆਂ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਹਦਬਸਤ ਨੰ. 181 ਨਾਲ ਸੰਬੰਧਤ ਸਭ ਕੁਝ।
ਅਚੱਲ ਜਾਇਦਾਦ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ ਨੰ. 5738 ਮਿਤੀ 18.06.2013 ਅਨੁਸਾਰ ਸ੍ਰੀਮਤੀ ਨਿਸ਼ਾ ਦੇਵੀ ਪਤਨੀ ਦੀਪ ਨਰਾਇਣ ਦੀ ਮਲਕੀਅਤ ਜਾਇਦਾਦ ਰਕਬਾ 25 ਵਰਗ ਗਜ਼, ਭਾਮੀਆਂ ਕਲਾਂ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਹੱਦਬਸਤ ਨੰ. 181 ਨਾਲ ਸੰਬੰਧਤ ਸਭ ਕੁਝ

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਮਿੱਲਰ ਗੰਜ, ਲੁਧਿਆਣਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 04.10.2025   ਸਥਾਨ : ਜਲੰਧਰ   ਅਧਿਕਾਰਤ ਅਫਸਰ

ਫਾਰਮ ਨੰ. 3
[ਦੇਖੋ ਰੈਗੂਲੇਸ਼ਨ -13 (1) (ਏ) (3)]

## DEBTS RECOVERY TRIBUNAL CHANDIGARH (DRT-1)
2ND FLOOR, SCO 33-34-35, SECTOR 17-A, CHANDIGARH

ਮੁਕੱਦਮਾ ਨੰ. ਓ ਏ/1059/2025   ਈ ਐੱਕਸ ਐੱਚ ਨੰ.30667

**ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2-ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ**

**ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ**
ਬਨਾਮ
**ਮੇਜਰ ਸਿੰਘ**

ਸੇਵਾ 'ਚ
(1) ਮੇਜਰ ਸਿੰਘ ਪੁੱਤਰ ਸ੍ਰੀ ਹਰਦਿਆਲ ਸਿੰਘ ਵਾਸੀ ਮਕਾਨ ਨੰ. 936, ਪੱਤੀ ਕਮਾਲਪੁਰ, ਪਿੰਡ ਤੇ ਡਾਕ. ਬੜਾ ਪਿੰਡ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ-144418
(2) ਸ੍ਰੀ ਜਸਵੀਰ ਸਿੰਘ ਘੁੰਮਣ ਪੁੱਤਰ ਸ੍ਰੀ ਮੇਜਰ ਸਿੰਘ ਵਾਸੀ ਪੱਤੀ ਕਮਾਲਪੁਰ, ਪਿੰਡ ਤੇ ਡਾਕ. ਬੜਾ ਪਿੰਡ ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ-144418
(3) ਸ੍ਰੀ ਹਰਜਿੰਦਰ ਸਿੰਘ ਪੁੱਤਰ ਲਹਿੰਬਰ ਸਿੰਘ ਵਾਸੀ ਪਿੰਡ ਅੱਟੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ-144418
(4) ਸ੍ਰੀ ਗੁਰਦਿਆਲ ਉਰਫ਼ ਗੁਰਦਿਆਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਮਕਾਨ ਨੰ. 69, ਪਿੰਡ ਅੱਟੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ-144418

**ਸੰਮਨ**

ਜਦੋਂ ਕਿ ਓ ਏ/1059/2025 ਮਾਣਯੋਗ ਪ੍ਰਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 10.09.2025 ਨੂੰ ਸੂਚੀਬੱਧ ਕੀਤਾ ਗਿਆ ਸੀ।
ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 42,89,528.75/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19 (4) (ਓ ਏ) ਤਹਿਤ (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ, ਨੱਥੀ) ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਿਹਾ ਹੈ।
ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ, ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :
(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।
(ii) ਅਸਲ ਅਰਜ਼ੀ ਦੇ ਲੜੀ ਨੰ. 3 ਏ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐੱਸਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।
(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਉਰਡ ਐੱਸਟਸ ਜਾਂ ਅਜਿਹੇ ਹੋਰ ਐੱਸਟਸ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।
(iv) ਜਿਹੜੀ ਸਕਿਊਰਿਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐੱਸਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।
(v) ਸਕਿਉਰਡ ਐੱਸਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੋਰਸ 'ਚ ਹੋਰ ਐੱਸਟਸ ਅਤੇ ਜਾਇਦਾਦਾਂ ਅਤੇ ਅਜਿਹੇ ਐੱਸਟਸ 'ਤੇ ਸਕਿਊਰਿਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਾਕਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।
ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 23-12-2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।
ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ 16-09-2025 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ

ਫਾਰਮ ਨੰ. 3
[ਦੇਖੋ ਰੈਗੂਲੇਸ਼ਨ -13 (1) (ਏ) (3)]

## DEBTS RECOVERY TRIBUNAL CHANDIGARH (DRT-1)
2ND FLOOR, SCO 33-34-35, SECTOR 17-A, CHANDIGARH

ਮੁਕੱਦਮਾ ਨੰ. ਓ ਏ/1079/2025   ਈ ਐੱਕਸ ਐੱਚ ਨੰ.30750

**ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2-ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ**

**ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ**
ਬਨਾਮ
**ਸ੍ਰੀ ਗੁਰਪ੍ਰੀਤ ਸਿੰਘ ਬੱਲ ਉਰਫ਼ ਗੁਰਪ੍ਰੀਤ ਸਿੰਘ**

ਸੇਵਾ 'ਚ
(1) ਸ੍ਰੀ ਗੁਰਪ੍ਰੀਤ ਸਿੰਘ ਬੱਲ ਉਰਫ਼ ਗੁਰਪ੍ਰੀਤ ਸਿੰਘ ਪੁੱਤਰ ਸ੍ਰੀ ਕੁਲਵੰਤ ਸਿੰਘ ਵਾਸੀ ਮਕਾਨ ਨੰ. 110, ਪਿੰਡ ਛੱਜਲਵੱਡੀ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143149
(2) ਸ੍ਰੀ ਕੁਲਵੰਤ ਸਿੰਘ ਪੁੱਤਰ ਸ੍ਰੀ ਰਾਮ ਸਿੰਘ ਵਾਸੀ ਪਿੰਡ ਛੱਜਲਵੱਡੀ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143149
(3) ਸ੍ਰੀ ਯਾਦਵਿੰਦਰ ਸਿੰਘ ਪੁੱਤਰ ਸ੍ਰੀ ਨਰਿੰਦਰ ਸਿੰਘ ਵਾਸੀ ਪਿੰਡ ਛੱਜਲਵੱਡੀ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143149

**ਸੰਮਨ**

ਜਦੋਂ ਕਿ ਓ ਏ/1079/2025 ਮਾਣਯੋਗ ਪ੍ਰਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 12.09.2025 ਨੂੰ ਸੂਚੀਬੱਧ ਕੀਤਾ ਗਿਆ ਸੀ।
ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 28,98,137.81/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19 (4) (ਓ ਏ) ਤਹਿਤ (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ, ਨੱਥੀ) ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਿਹਾ ਹੈ।
ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ, ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :
(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।
(ii) ਅਸਲ ਅਰਜ਼ੀ ਦੇ ਲੜੀ ਨੰ. 3 ਏ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐੱਸਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।
(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਉਰਡ ਐੱਸਟਸ ਜਾਂ ਅਜਿਹੇ ਹੋਰ ਐੱਸਟਸ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।
(iv) ਜਿਹੜੀ ਸਕਿਊਰਿਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐੱਸਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।
(v) ਸਕਿਉਰਡ ਐੱਸਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੋਰਸ 'ਚ ਹੋਰ ਐੱਸਟਸ ਅਤੇ ਜਾਇਦਾਦਾਂ ਅਤੇ ਅਜਿਹੇ ਐੱਸਟਸ 'ਤੇ ਸਕਿਊਰਿਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਾਕਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।
ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 15-01-2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।
ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ 18-09-2025 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਦੇ ਅਧਿਕਾਰਤ ਅਫਸਰ ਦੇ ਦਸਤਖਤ

# ਡੀ ਸੀ ਦਫ਼ਤਰ ਅੱਗੇ ਧਰਨਾ ਹੁਣ 10 ਨੂੰ

**ਛੇਹਰਟਾ (ਮਨੋਜ ਕੁਮਾਰ)**-ਸੰਯੁਕਤ ਕਿਸਾਨ ਮੋਰਚਾ ਦੀ ਮੀਟਿੰਗ ਕਾਮਰੇਡ ਸੁੱਚਾ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਡੀ. ਸੀ. ਦਫ਼ਤਰ ਵਿਚ ਕਿਸਾਨ ਤੇ ਮਜ਼ਦੂਰ ਹੜ੍ਹ ਪੀੜਤਾਂ ਨੂੰ ਰਾਹਤ ਦਿਵਾਉਣ ਲਈ 8 ਅਕਤੂਬਰ ਨੂੰ ਦਿੱਤਾ ਜਾਣ ਵਾਲਾ ਧਰਨਾ ਉਸ ਦਿਨ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਰਕਾਰੀ ਛੁੱਟੀ ਹੋਣ ਕਰਕੇ ਹੁਣ 10 ਅਕਤੂਬਰ ਨੂੰ ਸਵੇਰੇ 11 ਵਜੇ ਕਰਨ ਦਾ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ। ਇਸੇ ਦੌਰਾਨ ਮੰਡੀਆਂ ਵਿੱਚ ਹੋ ਰਹੀ ਕਿਸਾਨਾਂ ਦੀ ਲੁੱਟ ਬਾਰੇ ਵੀ ਚਰਚਾ ਕੀਤੀ ਗਈ ਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਕਿ ਮੰਡੀਆਂ ਵਿਚ ਅਧਿਕਾਰੀ ਜਾ ਕੇ ਕਿਸਾਨਾਂ ਦੀ ਹੋ ਰਹੀ ਲੁੱਟ ਬੰਦ ਕਰਾਉਣ। ਇਸ ਤੋਂ ਇਲਾਵਾ ਕਿਸਾਨਾਂ ਨੂੰ ਖਾਦ ਦੀ ਬੋਰੀ ਨਾਲ ਸਲਫਰ ਤੇ ਹੋਰ ਸਾਮਾਨ ਦੇਣ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਖੇਤੀ ਅਧਿਕਾਰੀਆਂ ਨੂੰ ਤੁਰੰਤ ਦੁਕਾਨਾਂ ਤੇ ਸੋਸਾਇਟੀ ਵਿਚ ਹੋ ਰਹੀ ਘਪਲੇਬਾਜ਼ੀ ਦੀ ਪੜਤਾਲ ਕਰਕੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ। ਮੀਟਿੰਗ ਵਿਚ ਜਮਹੂਰੀ ਕਿਸਾਨ ਸਭਾ ਵੱਲੋਂ ਡਾਕਟਰ ਸਤਨਾਮ ਸਿੰਘ ਅਜਨਾਲਾ, ਰਤਨ ਸਿੰਘ ਰੰਧਾਵਾ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਭੁਪਿੰਦਰਜੀਤ ਛੀਨਾ, ਕਿਰਤੀ ਕਿਸਾਨ ਯੂਨੀਅਨ ਤੋਂ ਅਮਰੀਕ ਸਿੰਘ, ਧਨਵੰਤ ਸਿੰਘ ਖਤਰਾਏ ਕਲਾਂ, ਤਜਿੰਦਰ ਸਿੰਘ ਛੀਨਾ, ਸਰਤਾਜ ਸਿੰਘ ਭੋਏਵਾਲੀ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਪ੍ਰੋ. ਬਲਦੇਵ ਸਿੰਘ ਵੇਰਕਾ, ਸ਼ਮਸ਼ੇਰ ਸਿੰਘ ਹੇਰ, ਆਜ਼ਾਦ ਸੰਗਰਸ਼ ਕਮੇਟੀ ਤੋਂ ਹਰਜੀਤ ਸਿੰਘ ਝੀਤਾ, ਕਿਰਤੀ ਕਿਸਾਨ ਯੂਨੀਅਨ ਤੋਂ ਤਜਿੰਦਰ ਸਿੰਘ ਛੀਨਾ ਆਦਿ ਸਾਥੀ ਵੀ ਹਾਜ਼ਰ ਸਨ। ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਦੱਸਿਆ ਕਿ ਪ੍ਰਬੰਧਾਂ ਦੀ ਦੇਖਭਾਲ ਕਰਨ ਲਈ ਸੰਯੁਕਤ ਕਿਸਾਨ ਮੋਰਚਾ ਦੁਆਰਾ ਮੀਟਿੰਗ 7 ਅਕਤੂਬਰ ਨੂੰ ਡੀ. ਸੀ. ਦਫਤਰ ਵਿਚ 11 ਵਜੇ ਹੋਵੇਗੀ।

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸ਼ਨ ਨੰਬਰ ਏ ਪੀ 09-3009-ਐੱਲ, ਲੋਡ 5 ਬੀ ਐੱਚ ਪੀ ਭੁਪਿੰਦਰ ਸਿੰਘ ਪੁੱਤਰ ਬੂਟਾ ਸਿੰਘ ਦੇ ਨਾਂਅ 'ਤੇ ਕਾਹਨੂੰਵਾਨ ਬੇਟ ਵਿੱਚ ਚੱਲ ਰਿਹਾ ਹੈ, ਜਿਸ ਨੂੰ ਹਰਗੁਰਲੀਣ ਸਿੰਘ ਬੱਲ ਪੁੱਤਰ ਗੁਰਮੀਤ ਸਿੰਘ ਬੱਲ ਨੇ ਆਪਣੇ ਨਾਂਅ 'ਤੇ ਬਦਲੀ ਕਰਨ ਲਈ ਐਪਲੀਕੇਸ਼ਨ ਦਫਤਰ ਪੀ ਐੱਸ ਪੀ ਸੀ ਐੱਲ ਕਾਹਨੂੰਵਾਨ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ 7 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਐੱਸ ਡੀ ਓ ਕਾਹਨੂੰਵਾਨ ਨੂੰ ਪੇਸ਼ ਕਰੇ। ਇਸ ਤੋਂ ਬਾਅਦ ਕੀਤਾ ਇਤਰਾਜ਼ ਮਨਜ਼ੂਰ ਨਹੀਂ ਕੀਤਾ ਜਾਵੇਗਾ। ਬਾ-ਹੁਕਮ ਐੱਸ ਡੀ ਓ ਕਾਹਨੂੰਵਾਨ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸ਼ਨ ਨੰਬਰ ਏ ਪੀ 32-1889-ਪੀ, ਲੋਡ 5 ਬੀ ਐੱਚ ਪੀ ਜਗੀਰ ਸਿੰਘ ਪੁੱਤਰ ਅਰਜਨ ਸਿੰਘ ਦੇ ਨਾਂਅ 'ਤੇ ਕਾਹਨੂੰਵਾਨ ਬੇਟ ਵਿੱਚ ਚੱਲ ਰਿਹਾ ਹੈ, ਜਿਸ ਨੂੰ ਕੁਲਵੰਤ ਸਿੰਘ ਪੁੱਤਰ ਮੋਹਿੰਦਰ ਸਿੰਘ ਨੇ ਆਪਣੇ ਨਾਂਅ 'ਤੇ ਬਦਲੀ ਕਰਨ ਲਈ ਐਪਲੀਕੇਸ਼ਨ ਦਫਤਰ ਪੀ ਐੱਸ ਪੀ ਸੀ ਐੱਲ ਕਾਹਨੂੰਵਾਨ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ 7 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਐੱਸ ਡੀ ਓ ਕਾਹਨੂੰਵਾਨ ਨੂੰ ਪੇਸ਼ ਕਰੇ। ਇਸ ਤੋਂ ਬਾਅਦ ਕੀਤਾ ਇਤਰਾਜ਼ ਮਨਜ਼ੂਰ ਨਹੀਂ ਕੀਤਾ ਜਾਵੇਗਾ। ਬਾ-ਹੁਕਮ ਐੱਸ ਡੀ ਓ ਕਾਹਨੂੰਵਾਨ।

ਮੈਂ, ਪ੍ਰਦੀਪ ਕੁਮਾਰ ਪੁੱਤਰ ਸਤਪਾਲ ਵਾਸੀ ਮਕਾਨ ਨੰ. 2610, ਗਲੀ ਨੰ. 1, ਤਹਿਸੀਲਪੁਰਾ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਆਸ਼ੂ ਕੁਮਾਰ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਹੋਇਆ ਸੀ। ਹੁਣ ਇਹ ਦੋਨੋਂ ਮੇਰੇ ਕਹਿਣੇ ਵਿੱਚ ਹਨ। ਮੈਂ ਇਨ੍ਹਾਂ ਨੂੰ ਦਿੱਤੀ ਹੋਈ ਬੇਦਖਲੀ ਨੂੰ ਕੈਂਸਲ ਕਰਦਾ ਹਾਂ।

## ਬੇਦਖਲੀ ਨੋਟਿਸ

ਮੈਂ, ਸਰਬਜੀਤ ਪੁੱਤਰ ਨਿਰਮਲ ਸਿੰਘ ਵਾਸੀ ਬੀ1/316, ਅਨੰਦ ਨਗਰ, ਜਲੰਧਰ ਸੂਚਿਤ ਕਰਦਾ ਹਾਂ ਮੇਰਾ ਲੜਕਾ ਪੁਸ਼ਪ ਗਿੱਲ ਅਤੇ ਉਸ ਦੀ ਪਤਨੀ ਪ੍ਰਾਚੀ ਗਿੱਲ ਅਤੇ ਮੇਰਾ ਦੂਸਰਾ ਲੜਕਾ ਰੋਹਿਤ ਗਿੱਲ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਜੀਤ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਖੋਸਾ ਕੋਟਲਾ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਰਜਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪੱਤੀ ਬਹਿਣੀਵਾਲ, ਪਿੰਡ ਸੁਲਤਾਨ ਵਿੰਡ ਤਹਿਸੀਲ ਅਤੇ ਜਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੁਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਮੈਂ ਇਸ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿਮੇਦਾਰ ਹੋਵੇਗਾ।

ਮੈਂ, ਰੂਪ ਲਾਲ ਪੁੱਤਰ ਭਜਨ ਲਾਲ ਵਾਸੀ ਪਿੰਡ/ਡਾਕਖਾਨਾ ਬੱਬੇਹਾਲੀ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸੋਨਿਕ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## Change of Name

I, Nikita Panthey D/o. Vikramjeet Singh Panthey R/o. VPO. Ramgarh Kullian, Teh. Mukerian, Distt. Hoshiarpur. I have changed my name's spellings from Nikita Panthey to Nickita Panthey. Concerned please note.

I Reetu Bala W/o Nirdosh Kumar R/o FM 70, Model House jalandhar punjab declare that my daugher school record my name is wrongly mentioned as Ritu Bala instaed of correct name Reetu Bala. please note

I, Gurcharan Singh S/o Harbans Singh R/o VPO Balia Manjpur, Distt. Amritsar, Punjab-143115 have changed my name from Gurcharan Singh to Singh is my surname and Gurcharan is my given name.

I, Avtar Singh S/O Ajmer Singh R/O 55, Raj Kanwar Villa. Deep Enclave, Near Canal Bridge, G.T.Road, Amritsar, Punjab have changed my name from Avtar Singh to Avtar Singh Boparai. Concerned note.

I Gurbax Kaur W/o Harbans Singh R/o Village Gobindpur, Nijran, Jalandhar-144623, Punjab have changed my name from Gurbax Kaur to Gurbakhsh Kaur. Concerned note.

I, Simmi Arora w/o Ashok Kumar Arora R/o H. no: B-29/75, Lahori Gate, Kapurthala, Punjab. That before my marriage I was known as SIMMI KAPOOR and after marriage my name has been changed to SIMMI ARORA. That SIMMI KAPOOR and SIMMI ARORA are one and the same person i.e. myself. All concerned noted.

I, Harvinderjit Kaur W/o Jatinder Pal Singh R/o Ward No. 4, Near G.T. Road Gurdwara Darapur, Urmar, Distt. Hoshiarpur-144204, Punjab, declare that my given name as Harvinderjit and my Surname as Kaur.

## ਨਾਂਅ ਦੀ ਬਦਲੀ

ਮੈਂ ਕਮਲ ਕੁਮਾਰ ਪੁੱਤਰ ਸ਼ਾਮ ਲਾਲ ਵਾਸੀ ਰਾਮ ਸਟਰੀਟ ਸਮਾਣਾ ਤਹਿਸੀਲ ਸਮਾਣਾ ਜਿਲਾ ਪਟਿਆਲਾ ਨੇ ਆਪਣੀ ਨਾਬਾਲਗ ਪੁੱਤਰੀ ਆਦਿਆ ਦਾ ਨਾਮ ਬਦਲ ਕੇ ਆਦਿਆ ਤੋਂ ਆਦਿਆ ਸਿੰਗਲਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਕੁਲਵੀਰ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਝਾੜ ਸਾਹਿਬ ਬਿੱਲੋਂ, ਡਾਕਖਾਨਾ ਬਹਿਲੋਲਪੁਰ, ਤਹਿਸੀਲ ਸਮਰਾਲਾ, ਜਿਲਾ ਲੁਧਿਆਣਾ ਨੇ ਆਪਣੀ ਨਬਾਲਿਗ ਸਪੁੱਤਰੀ ਜਸਮੀਨ ਸੋਹੀ ਦਾ ਨਾਮ ਬਦਲ ਕੇ ਜਸਮੀਨ ਕੌਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 24.09.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐਲ ਏ ਪੀ 'ਚ ਕਰਜ਼ਦਾਰ) : ਸ੍ਰੀ ਹਰਜੋਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪੱਟੀ-ਬੜਾ, ਦਾਖਾ, ਲੁਧਿਆਣਾ, ਪੰਜਾਬ-141102
2. (ਐਲ ਏ ਪੀ 'ਚ ਕਰਜ਼ਦਾਰ) : ਸ੍ਰੀ ਦਰਸ਼ਨ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪੱਟੀ-ਬੜਾ, ਦਾਖਾ, ਲੁਧਿਆਣਾ, ਪੰਜਾਬ-141102
3. (ਐਲ ਏ ਪੀ 'ਚ ਗਰੰਟਰ) : ਸ੍ਰੀ ਸਤਨਾਮ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਵੀ ਟੀ ਸੀ, ਹਸਨਪੁਰ, ਡਾਕਖਾਨਾ ਹਸਨਪੁਰ, ਜ਼ਿਲ੍ਹਾ ਲੁਧਿਆਣਾ, ਪੰਜਾਬ-141102

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.09.2025 ਤੋਂ ਬਿਨਾਂ ਵਿਆਜ) |
|---|---|---|
| LAP/131602000037 | Rs. 24,00,000/- | Rs. 24,23,340.45 |

ਪ੍ਰਾਇਮਰੀ ਸਕਿਊਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ :
ਬੈਨਾਮਾ ਦਸਤਾਵੇਜ ਨੰ 1145 ਮਿਤੀ 07.02.2002 ਅਨੁਸਾਰ ਸ੍ਰੀ ਦਰਸ਼ਨ ਸਿੰਘ ਪੁੱਤਰ ਜੋਗਿੰਦਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 0 ਬਿਘਾ 1 ਵਿਸਵਾ 13-1/3 ਵਿਸਵਾਸੀ ਪਿੰਡ ਦਾਖਾ-1 ਵਿਖੇ ਸਥਿਤ, ਹਦਬਸਤ ਨੰ. 142 ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ।
ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਤਬਾਦਲਾ ਬੈਨਾਮਾ ਦਸਤਾਵੇਜ ਨੰ. 2022-23/23/1/5488 ਮਿਤੀ 03.08.2022 ਅਨੁਸਾਰ ਸ੍ਰੀ ਹਰਜੋਤ ਸਿੰਘ ਪੁੱਤਰ ਦਰਸ਼ਨ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 0 ਬਿਘਾ 2 ਵਿਸਵਾ ਜਾਂ 100 ਵਰਗ ਗਜ਼ ਪੱਟੀ ਝੁਟੀ ਵਿਖੇ ਸਥਿਤ ਗਲੀ ਨੰ. 13, ਪ੍ਰਤਾਪ ਨਗਰ, ਬਠਿੰਡਾ, ਤਹਿਸੀਲ ਤੇ ਜ਼ਿਲ੍ਹਾ ਬਠਿੰਡਾ ਨਾਲ ਸੰਬੰਧਤ ਸਭ ਕੁਝ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਸ਼ਹਿਜ਼ਾਦ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 04.10.2025   ਸਥਾਨ : ਜਲੰਧਰ   ਅਧਿਕਾਰਤ ਅਫਸਰ

## SBI

BRANCH: HLC SANGRUR
DISTRICT : SANGRUR (PB)
email : sbi.64793@sbi.co.in

**ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਬਰਾਂਚ ਦਫ਼ਤਰ ਐਚ ਐਲ ਸੀ ਸੰਗਰੂਰ, ਜ਼ਿਲ੍ਹਾ ਸੰਗਰੂਰ, ਪੰਜਾਬ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ਼ ਸਕਿਊਰਿਟੀ ਇੰਟਰੈੱਸਟ ਐਕਟ 2002 ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਖਾਸ ਕਰਕੇ ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਬਰਾਂਚ ਦਫ਼ਤਰ ਐਚ ਐਲ ਸੀ ਸੰਗਰੂਰ, ਜ਼ਿਲ੍ਹਾ ਸੰਗਰੂਰ, ਪੰਜਾਬ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਅਤੇ ਗਰੰਟਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਗਿਰਵੀ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) : ਲੇਟ ਸ੍ਰੀ ਸਰਜੀਵਨ ਕੁਮਾਰ ਪੁੱਤਰ ਸ੍ਰੀ ਤੇਜੂ ਰਾਮ ਵਾਸੀ ਮਕਾਨ ਨੰ. 264, ਨੇੜੇ ਜੋਤੀ ਸਰੂਪ ਗੁਰਦੁਆਰਾ, ਬੇਰੀ ਵਾਲੀ ਗਲੀ, ਨਾਭਾ ਗੇਟ, ਸੰਗਰੂਰ (ਪੰਜਾਬ) 148001 ਰਾਹੀਂ ਇਸ ਦੇ ਕਾਨੂੰਨੀ ਵਾਰਿਸ ਅਤੇ ਸਹਿ-ਕਰਜ਼ਦਾਰ ਸ੍ਰੀ ਰਾਕੇਸ਼ ਕੁਮਾਰ ਪੁੱਤਰ ਲੇਟ ਸ੍ਰੀ ਸਰਜੀਵਨ ਕੁਮਾਰ ਵਾਸੀ ਮਕਾਨ ਨੰ. 264, ਨੇੜੇ ਜੋਤੀ ਸਰੂਪ ਗੁਰਦੁਆਰਾ, ਬੇਰੀ ਵਾਲੀ ਗਲੀ, ਨਾਭਾ ਗੇਟ, ਸੰਗਰੂਰ (ਪੰਜਾਬ) 148001 ਅਤੇ ਗਰੰਟਰ : ਸ੍ਰੀ ਜਨਕ ਰਾਜ ਪੁੱਤਰ ਸ੍ਰੀ ਹਰੀ ਕ੍ਰਿਸ਼ਨ ਵਾਸੀ ਮਕਾਨ ਨੰ.692 ਗੁਰੂ ਤੇਗ ਬਹਾਦਰ ਕਾਲੋਨੀ, ਗਲੀ ਨੰ. 1, ਵਾਰਡ ਨੰ. 5, ਸੰਗਰੂਰ (ਪੰਜਾਬ) 148001 | ਬੈਨਾਮਾ ਵਸੀਕਾ ਨੰ. 234 ਮਿਤੀ 07.05.1975 ਅਨੁਸਾਰ ਲੇਟ ਸ੍ਰੀ ਸਰਜੀਵਨ ਕੁਮਾਰ ਪੁੱਤਰ ਸ੍ਰੀ ਤੇਜੂ ਰਾਮ ਦੇ ਨਾਂਅ ਰਿਹਾਇਸ਼ੀ ਜਾਇਦਾਦ ਦਾ ਉਚਿਤ ਗਿਰਵੀਨਾਮਾ ਰਕਬਾ 246.50 ਵਰਗ ਗਜ਼ ਨੇੜੇ ਜੋਤੀ ਸਰੂਪ ਗੁਰਦੁਆਰਾ ਵਿਖੇ ਸਥਿਤ ਨਾਭਾ ਗੇਟ, ਜ਼ਿਲ੍ਹਾ ਸੰਗਰੂਰ (ਪੰਜਾਬ) ਦੋ ਹਿੱਸਿਆ 'ਚ ਜਾਇਦਾਦ ਹੱਦਾਂ : ਹਿੱਸਾ ਨੰ.1 ਮੌਕੇ 'ਤੇ ਪੂਰਬ : ਵਾਹੀ 55 ਫੁੱਟ 7 ਇੰਚ ਸ੍ਰੀ ਭਗਵੰਤ ਪ੍ਰਸਾਦ ਦਾ ਮਕਾਨ, ਪੱਛਮ : ਵਾਹੀ 12.1/2 ਫੁੱਟ + 10.1/2 ਫੁੱਟ+10.5 ਇੰਚ+14.1/2+11 ਫੁੱਟ ਡੇਰਾ ਦਾਦੂ ਪੰਥੀ ਦੀ ਜਾਇਦਾਦ ਅਤੇ ਸ੍ਰੀ ਪਵਨ ਸਿੰਘ ਦਾ ਮਕਾਨ, ਉਤਰ : ਵਾਹੀ 25 ਫੁੱਟ ਸ਼ਾਤੀ ਸਰੂਪ ਦਾ ਮਕਾਨ, ਦੱਖਣ : ਵਾਹੀ 24.1/2 ਫੁੱਟ+ 26.1/2 ਫੁੱਟ ਗਲੀ ਅਤੇ ਜਾਇਦਾਦ ਬੁੱਧ ਦਿਆਲ ਅਤੇ ਹਿੱਸਾ 2 ਮੁਤਾਬਿਕ ਮਕਾਨ ਦੀਆਂ ਹੱਦਾਂ, ਪੂਰਬ : ਵਾਹੀ 11 ਫੁੱਟ, ਕਿੱਤਾ ਨੰ.1 ਪੱਛਮ : ਵਾਹੀ 10 ਫੁੱਟ 8 ਇੰਚ ਸ੍ਰੀ ਪਵਨ ਕੁਮਾਰ ਦਾ ਮਕਾਨ, ਉਤਰ : ਵਾਹੀ 7.1/2 ਫੁੱਟ ਸ੍ਰੀ ਸ਼ਾਂਤੀ ਸਰੂਪ ਦਾ ਮਕਾਨ, ਦੱਖਣ : ਵਾਹੀ 7.1/2 ਫੁੱਟ ਸ੍ਰੀ ਪਵਨ ਸਿੰਘ ਦਾ ਮਕਾਨ | 22.07.2025 | 29.09.2025 | ਸੰਕੇਤਕ ਕਬਜ਼ਾ<br>18.07.2025 ਨੂੰ ਰੁਪਏ 8,36,830.00 (ਅੱਠ ਲੱਖ ਛੱਤੀ ਹਜ਼ਾਰ ਅੱਠ ਸੌ ਤੀਹ ਰੁਪਏ ਕੇਵਲ) + ਇਸ 'ਤੇ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤਾਂ ਚਾਰਜਿਜ਼ ਆਦਿ |

ਮਿਤੀ : 04.10.2025   ਸਥਾਨ : ਸੰਗਰੂਰ   ਅਧਿਕਾਰਤ ਅਫਸਰ

## ਪੰਜਾਬ ਐਂਡ ਸਿੰਧ ਬੈਂਕ — Punjab & Sind Bank

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
(ਭਾਰਤ ਸਰਕਾਰ ਕਾ ਉਪਕ੍ਰਮ) (A Govt. of India Undertaking)
Where service is a way of life

B/O:- International Banking Division,Gill Road, Millerganj, Ludhiana.
Phone: 0161- 5068062,63

**ਅੰਤਿਕਾ-IV**
**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਐਂਡ ਸਿੰਧ ਬੈਂਕ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੀ ਜਾਂਦੀ ਧਾਰਾ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਿਤੀ 24.04.2022 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਹੈ, ਜਿਸ ਦੁਆਰਾ ਕਰਜ਼ਦਾਰ/ਗਰੰਟਰ (1) ਮੈਸ. ਜ਼ੀ ਨਿਟਸ ਐਂਡ ਵੇਵਜ਼ ਪ੍ਰਾਈਵੇਟ ਲਿਮਟਿਡ ਦੇ ਰਜਿਸਟਰਡ ਦਫ਼ਤਰ 169/7, ਸੈਕਟਰ 2, ਰੋਹਿਣੀ, ਨਵੀਂ ਦਿੱਲੀ-85, ਦੂਜਾ ਪਤਾ ਡੀ-332 ਫੇਜ਼ VIII, ਫੋਕਲ ਪੁਆਇੰਟ, ਲੁਧਿਆਣਾ (ਕਰਜ਼ਦਾਰ) ਰਾਹੀਂ ਇਸ ਦੇ ਡਾਇਰੈਕਟਰ ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧੜ ਮੱਲ ਅਤੇ ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ (2) ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧੜ ਮੱਲ (ਡਾਇਰੈਕਟਰ/ਗਿਰਵੀਕਾਰ/ਗਰੰਟਰ) (3) ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ ਪੁੱਤਰ (ਡਾਇਰੈਕਟਰ/ਗਿਰਵੀਕਾਰ/ਗਰੰਟਰ) ਦੋਵੇਂ ਵਾਸੇ ਬੀ-XXXIV-6952, ਸੁਨੀਲ ਪਾਰਕ, ਜੱਸੀਆਂ ਰੋਡ, ਹੈਬੋਵਾਲ ਕਲਾਂ, ਲੁਧਿਆਣਾ, ਦੂਜਾ ਪਤਾ : 18-ਡੀ, ਰਿਸ਼ੀ ਨਗਰ, ਲੁਧਿਆਣਾ ਦੱਸੇ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਦਰਸਾਈ ਰਾਸ਼ੀ ਅਦਾ ਕਰਨ ਲਈ ਕਿਹਾ ਹੈ।

ਕਰਜ਼ਦਾਰ/ਗਰੰਟਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ-ਹਸਤਾਖਰੀ ਨੇ ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੀ ਧਾਰਾ 13 (4) ਅਧੀਨ ਉਸ ਨੂੰ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਹੇਠਾਂ ਦਰਸਾਈ ਜਾਇਦਾਦ ਦਾ ਦੱਸੇ ਰੂਲ ਮੁਤਾਬਿਕ 3.10.2025 ਨੂੰ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਐਂਡ ਸਿੰਧ ਬੈਂਕ ਨੂੰ 31.12.2016 ਨੂੰ ਰੁਪਏ 14,51,01,585.27 (ਚੌਦਾਂ ਕਰੋੜ ਇਕਵੰਜਾ ਲੱਖ ਇੱਕ ਹਜ਼ਾਰ ਪੰਜ ਸੌ ਪਚਾਸੀ ਰੁਪਏ ਅਤੇ ਸਤਾਈ ਪੈਸੇ ਕੇਵਲ) ਸਮੇਤ ਇਸ 'ਤੇ 01 ਜਨਵਰੀ, 2017 ਤੋਂ ਵਿਆਜ ਅਤੇ ਹੋਰ ਖਰਚਿਆਂ ਦੇ ਵਸੂਲੀ ਦਾ ਹੱਕਦਾਰ ਬਣਾਵੇਗਾ।

**ਕਰਜ਼ਦਾਰਾਂ/ਜਾਮਨਾਂ ਦਾ ਧਿਆਨ ਸਕਿਓਰਡ ਅਸਾਸਿਆਂ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਦੇ ਸੰਬੰਧ ਵਿੱਚ ਐਕਟ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

**ਅਚੱਲ ਜਾਇਦਾਦ ਦਾ ਵੇਰਵਾ**

ਪਟਾ ਬੈਨਾਮਾ ਵਸੀਕਾ ਨੰ. 13615 ਮਿਤੀ 24.03.2011 ਅਨੁਸਾਰ ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧੜ ਮੱਲ ਅਤੇ ਸ੍ਰੀਮਤੀ ਅੰਜੂ ਗਰਗ ਪਤਨੀ ਪਵਨ ਕੁਮਾਰ ਦੇ ਨਾਂਅ ਇੰਡਸਟ੍ਰੀਅਲ ਜਾਇਦਾਦ ਰਕਬਾ 2533.33 ਵਰਗ ਗਜ਼ ਪਲਾਟ ਨੰ. ਡੀ-332 ਫੇਜ਼ VIII ਵਿਖੇ ਸਥਿਤ, ਫੋਕਲ ਪੁਆਇੰਟ, ਲੁਧਿਆਣਾ। ਹੱਦਾਂ :

ਉੱਤਰ ਵਾਲੇ ਪਾਸੇ : ਸੜਕ,   ਦੱਖਣ ਵਾਲੇ ਪਾਸੇ : 80'-0",
ਪੂਰਬ ਵਾਲੇ ਪਾਸੇ : ਪਲਾਟ ਡੀ-333, 285'-6"   ਪੱਛਮ ਵਾਲੇ ਪਾਸੇ : ਫੈਕਟਰੀ 285'-6"

ਮਿਤੀ 03.10.2025   ਸਥਾਨ : ਲੁਧਿਆਣਾ   ਅਧਿਕਾਰਤ ਅਫ਼ਸਰ ਪੰਜਾਬ, ਐਂਡ ਸਿੰਧ ਬੈਂਕ

HAPPY TEACHER'S DAY

# ਅੰਤਰਰਾਸ਼ਟਰੀ ਅਧਿਆਪਕ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ

HAPPY TEACHER'S DAY

## ਮਾਣਮੱਤੇ ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ

**ਬੱਚਿਆਂ ਦੀ ਖ਼ੁਸ਼ੀ ਵਿੱਚ ਕੋਈ ਮਿਲਾਵਟ ਨਹੀਂ ਹੁੰਦੀ। ਅਧਿਆਪਕ ਦੁਨੀਆਂ ਦੇ ਸਭ ਤੋਂ BLESSED ਵਿਅਕਤੀ ਹਨ ਜੋ ਆਪਣਾ ਜ਼ਿਆਦਾ ਸਮਾਂ ਬੱਚਿਆਂ ਨਾਲ ਬਿਤਾਉਂਦੇ ਹਨ।**

ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ | ਸ. ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ ਪੰਜਾਬ | ਸ਼੍ਰੀ ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਜਲੰਧਰ | ਮੈਡਮ ਪੂਨਮ ਸਿੰਘ, ਏ. ਡੀ. ਸੀ. ਬਠਿੰਡਾ | ਸ. ਗੁਰਸਿਮਰਨ ਸਿੰਘ ਢਿੱਲੋਂ, ਐਸ. ਡੀ. ਐਮ. ਅੰਮ੍ਰਿਤਸਰ-1 | ਸ਼੍ਰੀ ਲਾਲ ਵਿਸ਼ਵਾਸ ਬੈਂਸ, ਐਸ. ਡੀ. ਐਮ. ਨਕੋਦਰ | ਡਾ. ਗੁਰਿੰਦਰਜੀਤ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱਖਿਆ) ਜਲੰਧਰ | ਸ਼੍ਰੀਮਤੀ ਹਰਜਿੰਦਰ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱਖਿਆ) ਜਲੰਧਰ | ਸ. ਹਰਵਿੰਦਰ ਸਿੰਘ ਵਿਰਕ, ਐਸ. ਐਸ. ਪੀ. ਜਲੰਧਰ (ਦਿਹਾਤੀ) | ਸ. ਓਂਕਾਰ ਸਿੰਘ ਬਰਾੜ, ਡੀ. ਐਸ. ਪੀ. ਸਬ ਡਵੀਜ਼ਨ, ਸ਼ਾਹਕੋਟ | ਸ. ਬਲਵੀਰ ਸਿੰਘ, ਇੰਸਪੈਕਟਰ ਐਸ.ਐਚ.ਓ ਮਹਿਤਪੁਰ | ਸ. ਨਿਰਮਲ ਸਿੰਘ ਜੱਜ, ਸਬ. ਇੰਸਪੈਕਟਰ ਚੌਂਕੀ ਗੰਨਾ ਪਿੰਡ (ਫਿਲੌਰ) | ਸ਼੍ਰੀ ਰਮੇਸ਼ਵਰ ਚੰਦਰ, ਬੀ. ਪੀ. ਈ. ਓ. ਲੋਹੀਆਂ ਖਾਸ

---

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
ਸ਼੍ਰੀ ਧੀਰਜ ਕੁਮਾਰ
(Computer Faculty)
ਸਰਕਾਰੀ ਹਾਈ ਸਕੂਲ, ਸਿੰਘਪੁਰ ਬੇਟ, ਨਕੋਦਰ-1 (ਜਲੰਧਰ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
ਸ਼੍ਰੀ ਅਮਰਜੀਤ
(ਪ੍ਰਿੰਸੀਪਲ)
ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਉਧੋਵਾਲ, ਬਲਾਕ ਨਕੋਦਰ -1 (ਜਲੰਧਰ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
ਸ਼੍ਰੀ ਹਰਬੰਸ ਲਾਲ
(ਰਿਟਾਇਰ ਲੈਕਚਰਾਰ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਰਜੀਆਂ ਕਲਾਂ (ਜਲੰਧਰ)
ਸੰਪਰਕ: 94173-56160

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
ਸ਼੍ਰੀ ਦਿਨੇਸ਼ ਜੋਸ਼ੀ
(ਇਕਨੌਮਿਕਸ ਲੈਕਚਰਾਰ)
ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪਰਤਾਬਪੁਰਾ (ਫਿਲੌਰ)

**ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ**
Shri Manpreet Ram
(Principal)
Govt. Sr. Sec. Smart School Sangowal, Block Nakodar-1 (Jalandhar)

**ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ**
ਸ. ਜਸਬੀਰ ਸਿੰਘ
ਸੈਂਟਰ ਹੈੱਡ ਟੀਚਰ
(ਜੀ.ਟੀ.ਯੂ. ਆਗੂ)
ਸਰਕਾਰੀ ਪ੍ਰਾਇਮਰੀ ਸਕੂਲ, ਬਾਲੋਕੀ, ਬਲਾਕ ਨਕੋਦਰ -1 (ਜਲੰਧਰ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
ਸ. ਜਸਵੰਤ ਸਿੰਘ 'ਰੌਲੀ'
(ਹੈੱਡ ਟੀਚਰ)
ਸਰਕਾਰੀ ਪ੍ਰਾਇਮਰੀ ਸਕੂਲ, ਮੁਹੇਮ, ਬਲਾਕ ਨਕੋਦਰ -1 (ਜਲੰਧਰ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
ਸ਼੍ਰੀਮਤੀ ਅੰਮ੍ਰਿਤ ਕੌਰ
(ਐਸ.ਐਸ. ਮਿਸਟ੍ਰਸ, ਇੰਚਾਰਜ)
ਸਰਕਾਰੀ ਮਿਡਲ ਸਕੂਲ, ਮਾਲੋਵਾਲ, ਬਲਾਕ ਨਕੋਦਰ -1 (ਜਲੰਧਰ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
ਸ਼੍ਰੀ ਸੰਦੀਪ ਲਾਲ
(ਹੈੱਡ ਟੀਚਰ)
ਸਰਕਾਰੀ ਪ੍ਰਾਇਮਰੀ ਸਕੂਲ, ਗੋਬਿੰਦਪੁਰ, ਬਲਾਕ ਨਕੋਦਰ -1 (ਜਲੰਧਰ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
ਸ਼੍ਰੀਮਤੀ ਮਨਜੀਤ ਕੌਰ
(ਹੈੱਡ ਟੀਚਰ)
ਸਰਕਾਰੀ ਪ੍ਰਾਇਮਰੀ ਸਕੂਲ, ਬਾਂਗੀਵਾਲ, ਬਲਾਕ ਨਕੋਦਰ -1 (ਜਲੰਧਰ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ**
ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ (ਪੰਜਾਬ) | ਸ. ਪਰਮਿੰਦਰ ਸਿੰਘ ਪੰਡੋਰੀ, ਹਲਕਾ ਇੰਚਾਰਜ ਸ਼ਾਹਕੋਟ | ਸ਼੍ਰੀ ਕ੍ਰਿਸ਼ਨ ਕੁਮਾਰ ਬਿੱਟੂ, ਬਲਾਕ ਪ੍ਰਧਾਨ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ (ਪੰਜਾਬ) | ਸ਼੍ਰੀ ਅਮਨ ਅਰੋੜਾ, ਪੰਜਾਬ ਪ੍ਰਧਾਨ | ਸ਼੍ਰੀਮਤੀ ਰਣਜੀਤ ਕੌਰ ਕਾਕੜ, ਡਾਇਰੈਕਟਰ ਇੰਨਫੋਟੈਕ, ਪੰਜਾਬ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ**
ਸ਼੍ਰੀ ਕ੍ਰਿਸ਼ਨ ਕੁਮਾਰ ਬਿੱਟੂ (ਬਲਾਕ ਪ੍ਰਧਾਨ) | ਕਮਲਜੀਤ ਕੌਰ, ਸੀਨੀ. ਆਗੂ ਆਪ | ਹਰਜੀਤ ਕੌਰ, ਸਰਪੰਚ ਪਿੰਡ ਧੁਗ | ਗੁਰਭੇਜ ਸਿੰਘ, ਪਿੰਡ ਧੁਗ
ਸੁਖਬੀਰ ਸਿੰਘ ਸੁੱਖੂ, ਯੂਥ ਆਗੂ ਆਪ | ਸ਼੍ਰੀ ਬਲਵੀਰ ਮਹੇੜੂ, ਬਲਾਕ ਪ੍ਰਧਾਨ | ਸ਼੍ਰੀ ਬਲਵੰਤ, ਪਿੰਡ ਭੁਲੇਵਾਲ | ਸ. ਸਤਨਾਮ ਸਿੰਘ, ਪਿੰਡ ਖੁਰਲਾਪੁਰ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ**
ਸ. ਚਰਨਜੀਤ ਸਿੰਘ ਚੰਨੀ, ਮੈਂਬਰ ਪਾਰਲੀਮੈਂਟ | ਸ. ਹਰਦੇਵ ਸਿੰਘ ਲਾਡੀ, ਹਲਕਾ ਵਿਧਾਇਕ ਸ਼ਾਹਕੋਟ | ਸ. ਮਹਿੰਦਰਪਾਲ ਸਿੰਘ ਟੁਰਨਾ, ਵਾਇਸ ਪ੍ਰਧਾਨ ਨਗਰ ਪੰਚਾਇਤ ਮਹਿਤਪੁਰ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
EKAM PUBLIC SCHOOL
Affilated to CBSE, New Delhi
Pre Nursery to Class 12
Parjian Road, Mehatpur (Jalandhar)
M. 88720-05268, 98552-74268

ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ
GURU NANAK TYRE SERVICE
Mehatpur (Jal.)
M. 95016 94687, 98145 05038
Sukhbir Singh Sukhu | Gurmail Singh (Prop.)

ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਸ਼੍ਰੀ ਮਨਪ੍ਰੀਤ (ਜਗਰਾਓ)
ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਿੰਡ ਸੰਗੋਵਾਲ (ਜਲੰਧਰ)

ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਪੰਜਾਬ ਮੈਂਬਰ ਕਿਸਾਨ ਮੋਰਚਾ ਪ੍ਰਭਾਰੀ ਜ਼ਿਲ੍ਹਾ ਜਲੰਧਰ (ਬੀ.ਜੇ.ਪੀ.)
ਕੰਵਰ ਸੰਧੂ

ਸ਼੍ਰੀ ਨਵਪ੍ਰੀਤ ਬੱਲੀ, ਸੂਬਾ ਪ੍ਰਧਾਨ | ਸ਼੍ਰੀ ਕੰਵਲਜੀਤ ਸੰਗੋਵਾਲ, ਸੂਬਾ ਜਥੇਬੰਦਕ ਸਕੱਤਰ | ਸ਼੍ਰੀ ਰਸ਼ਮਿੰਦਰ ਪਾਲ (ਸੋਨੂੰ), ਜ਼ਿਲ੍ਹਾ ਵਿੱਤ ਸਕੱਤਰ
ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਜ਼ਿਲ੍ਹਾ ਜਲੰਧਰ ਵੱਲੋਂ ਅਧਿਆਪਕ ਦਿਵਸ ਦੀਆਂ ਬਹੁਤ ਬਹੁਤ ਵਧਾਈਆਂ। ਜਥੇਬੰਦੀ ਪਹਿਲਾਂ ਦੀ ਤਰ੍ਹਾਂ ਅਧਿਆਪਕ ਮੰਗਾਂ-ਮਸਲਿਆਂ ਲਈ ਸੰਘਰਸ਼ ਕਰਦੀ ਰਹੇਗੀ ਅਤੇ ਵਿਦਿਆਰਥੀਆਂ ਦੀ ਭਲਾਈ ਕਾਰਜਾਂ ਵਿੱਚ ਵੱਧ ਚੜ੍ਹ ਕੇ ਕੰਮ ਕਰਦੀ ਰਹੇਗੀ।

ਅਧਿਆਪਕ ਦਿਵਸ" ਦੀਆਂ ਸਮੂਹ ਅਧਿਆਪਕ ਸਾਥੀਆਂ ਨੂੰ ਬਹੁਤ ਬਹੁਤ ਮੁਬਾਰਕਾਂ ਜੀ
ਵੱਲੋਂ: ਪ੍ਰੈੱਸ ਕਲੱਬ, ਮਹਿਤਪੁਰ
ਯੂਨਿਟ ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ

ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਡਾ. ਓਮ ਪ੍ਰਕਾਸ਼
SATYAM HIT-TECH LABORATORY, MEHATPUR
M: 98140-85228

ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਸੰਜੀਵ ਕੁਮਾਰ (ਸੋਨੂੰ)
ਸ਼ਹਿਰੀ ਪ੍ਰਧਾਨ, ਐਸ. ਸੀ. ਵਿੰਗ ਸ਼੍ਰੋਮਣੀ ਅਕਾਲੀ ਦਲ (ਬਾਦਲ) ਮਹਿਤਪੁਰ (ਜਲੰਧਰ)

ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਸ਼੍ਰੀਮਤੀ ਮਨਦੀਪ ਕੌਰ
ਅਧਿਆਪਕਾ (ਸਰਕਾਰੀ ਪ੍ਰਾਇਮਰੀ ਸਕੂਲ)
ਬਾਲੋਕੀ, ਬਲਾਕ ਨਕੋਦਰ - 1 ਜ਼ਿਲ੍ਹਾ ਜਲੰਧਰ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ (ਪੰਜਾਬ) | ਸ. ਪਰਮਿੰਦਰ ਸਿੰਘ ਪੰਡੋਰੀ, ਹਲਕਾ ਇੰਚਾਰਜ ਸ਼ਾਹਕੋਟ | ਦਲਜੀਤ ਸਿੰਘ ਬਿੰਦ (ਸਾਬਕਾ ਸਰਪੰਚ) ਪਿੰਡ ਤੰਦਾਉਰਾ (ਮਹਿਤਪੁਰ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ**
ਸ. ਪਰਮਿੰਦਰ ਸਿੰਘ ਪੰਡੋਰੀ, ਹਲਕਾ ਇੰਚਾਰਜ ਸ਼ਾਹਕੋਟ | ਸ਼੍ਰੀਮਤੀ ਜਸਵਿੰਦਰ ਕੌਰ, ਸਰਪੰਚ ਪਿੰਡ ਅਕਬਰਪੁਰ ਕਲਾਂ | ਜਸਵਿੰਦਰ ਸਿੰਘ ਸਿੱਧੂ, ਪਿੰਡ ਅਕਬਰਪੁਰ ਕਲਾਂ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
NKC OVERSEAS SOLUTIONS
Visa & Education Consultant
M. 9914904111, 01821514111
Naresh Kumar (Propietor)
C-125, Tower Enclave
VPO. Mehatpur, Teh. Nakodar
Distt. Jalandhar (PB.)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
ਸ਼੍ਰੀ ਸ਼ੇਖਰ ਚੰਦ (ਹੈੱਡ ਟੀਚਰ)
(ਜੀ.ਟੀ.ਯੂ. ਆਗੂ)
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਬੀੜ ਬਾਲੋਕੀ, ਬਲਾਕ ਨਕੋਦਰ -1 (ਜਲੰਧਰ)

ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਸ. ਬਲਵਿੰਦਰ ਸਿੰਘ (ਈ.ਟੀ.ਟੀ. ਅਧਿਆਪਕ)
ਸ.ਪ੍ਰਾ.ਸਕੂਲ, ਸਿੱਧਵਾਂ ਬੇਟ (ਲੁਧਿਆਣਾ)

ਸ਼੍ਰੀ ਨਰਿੰਦਰ ਮੋਦੀ, ਪ੍ਰਧਾਨ ਮੰਤਰੀ (ਭਾਰਤ) | ਸ਼੍ਰੀ ਅਸ਼ਵਨੀ ਸ਼ਰਮਾਂ, ਕਾਰਜਕਾਰੀ ਪ੍ਰਧਾਨ ਪੰਜਾਬ (ਬੀ.ਜੇ.ਪੀ.) | ਸ. ਰਜਿੰਦਰ ਸਿੰਘ ਲਾਟੀਆ, ਜ਼ਿਲ੍ਹਾ ਸੈਕਟਰੀ ਜਲੰਧਰ, ਦੇਹਾਤੀ
ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
Shri Naresh Kumar
(Bio Lecturer)
Govt. Sr. Sec. Smart School Chack Kalan, Block Nakodar-2 (Jalandhar)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
S. Satnam Singh
Junior Assistant
Govt. Sr. Sec. Smart School Udhowal, Block Nakodar -1 (Jalandhar)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
ਸ਼੍ਰੀ ਤਰਸੇਮ ਸਿੰਘ
(ਐੱਸ.ਐੱਸ. ਮਾਸਟਰ)
ਮੋਬ: 9463996552
ਸਰਕਾਰੀ ਮਿਡਲ ਸਕੂਲ, ਰਾਏਪੁਰ ਗੁੱਜਰਾਂ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
ਵੱਲੋਂ
ਸ਼੍ਰੀਮਤੀ ਨੀਰੂ ਨਾਹਰ
ਹੈੱਡ ਟੀਚਰ
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਰਾਮੂੰਵਾਲ, ਬਲਾਕ ਨਕੋਦਰ -1 (ਜਲੰਧਰ)
Teachers Day

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ**
ਸ਼੍ਰੀ ਰਕੇਸ਼ ਕੁਮਾਰ
ਮੁੱਖ ਅਧਿਆਪਕ, ਸਰਕਾਰੀ ਹਾਈ ਸਕੂਲ ਮਹਿਸਮਪੁਰ (ਜਲੰਧਰ), ਬਲਾਕ ਪ੍ਰਧਾਨ, ਨਕੋਦਰ -1, ਗੌਰਮਿੰਟ ਟੀਚਰ ਯੂਨੀਅਨ ਪੰਜਾਬ (ਵਿਗਿਆਨਿਕ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
ਸ. ਮਨਜਿੰਦਰ ਸਿੰਘ, ਡਰਾਇੰਗ ਅਧਿਆਪਕ | ਸ. ਜਗਤਾਰ ਸਿੰਘ, ਮੁੱਖ ਅਧਿਆਪਕ
ਵੱਲੋਂ: ਸਰਕਾਰੀ ਮਿਡਲ ਸਕੂਲ, ਬਾਠ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
BHATIA STAR ENTERPRISES
M. 98773-43396, 98557-30689
E-mail: sunnybhatia514@gmail.com
ਇੱਥੇ ਅਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ ਡਰਾਇਵਿੰਗ ਲਾਈਸੈਂਸ ਬਣਾਏ ਜਾਂਦੇ ਹਨ।
ਨੇੜੇ ਗੌਰਮਿੰਟ ਗਰਲਸ ਸਕੂਲ, ਇਸਲਾਮਪੁਰ ਰੋਡ, ਮਹਿਤਪੁਰ
ਵੱਲੋਂ: ਬਲਜਿੰਦਰ ਕੌਰ (ਬਬਲੀ ਭਾਟੀਆ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
ਸ. ਜਗਜੀਤ ਸਿੰਘ
(ਹੈੱਡ ਟੀਚਰ)
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਆਦਰਮਾਨ ਬਲਾਕ ਨਕੋਦਰ-1

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
ਐੱਚ.ਪੀ.ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ
ਵੱਲੋਂ: ਹਰਪ੍ਰੀਤ ਸਿੰਘ ਪ੍ਰਿੰਸੀਪਲ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
G.S. FINANCE CO. (REGD.)
M. 98720-88525, 90416-73103
Ranjit Singh Nanra
ਡੇਲੀ ਬੇਸ, ਵੀਕਲੀ ਅਤੇ ਮਹੀਨੇਵਾਰ ਲੋਨ ਅਸਾਨ ਕਿਸ਼ਤਾਂ ਤੇ ਕੀਤਾ ਜਾਂਦਾ ਹੈ।
ਪਤਾ: ਪੁਰਾਣਾ ਬਜ਼ਾਰ, ਨੇੜੇ ਗੁਰੂ ਨਾਨਕ ਟੈਂਟ ਹਾਊਸ, ਮਹਿਤਪੁਰ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
ਹਿਮਾਲਯ ਪ੍ਰਕਾਸ਼
(Block Extension Educator)
ਪ੍ਰਾਇਮਰੀ ਹੈਲਥ ਸੈਂਟਰ ਮਹਿਤਪੁਰ (ਜਲੰਧਰ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ**
ਸ. ਲਖਵਿੰਦਰ ਸਿੰਘ ਸਮਰਾ
(ਹੈੱਡ ਟੀਚਰ)
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਖਹਿਰਾ ਮੁਸ਼ਤਰਕਾ, ਬਲਾਕ ਨਕੋਦਰ -1

**ਅਧਿਆਪਕ ਦਿਵਸ ਦੀਆਂ ਵਧਾਈਆਂ**
M Rock DJ & SOUND
M. 84375-34003, 94630-60813
Laddi Marok (Org.)
Mehatpur, Distt. Jalandhar

ਸ. ਜਗਜੀਤ ਸਿੰਘ, ਹੈੱਡ ਟੀਚਰ ਸ.ਪ੍ਰਾ.ਸ. ਰਸੂਲਪੁਰ। | ਸ. ਦਿਲਬਾਗ ਸਿੰਘ, ਹੈੱਡ ਟੀਚਰ ਸ.ਪ੍ਰਾ.ਸ. ਮਹਿਸਮਪੁਰ। | ਸ. ਕਾਬੁਲ ਸਿੰਘ, ਲੈਕਚਰਾਰ ਸ.ਸੀ.ਸੈ.ਸ. ਕੋਟਲਾ, ਮਹਿਤਪੁਰ।
ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ

HAPPY TEACHER'S DAY
**ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ**
HAPPY TEACHER'S DAY

**ਧੰਨਵਾਦ**

ਮੈਂ ਆਪ ਸਭ ਸੱਜਣਾਂ ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਅਧਿਆਪਕ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ ਵਿੱਚ ਸਹਿਯੋਗ ਦਿੱਤਾ ਹੈ ਤੇ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਹੀ ਆਪ ਸਭ ਜੀ ਦਾ ਸਹਿਯੋਗ ਮਿਲਦਾ ਰਹੇਗਾ।

ਹਰਭਜਨ ਸਿੰਘ (ਰਾਜਾ)
M.98558-55501

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
ਕੁਦਰਤੀ ਉਤਪਾਦਾਂ ਨਾਲ ਆਪਣੀ ਸਿਹਤ ਬਿਹਤਰ ਬਣਾਓ।
Amar DXN Sevice Centre
(DXN Authorised Stockists)
M. 96538-09711, E-mail: amarmahey1975@gmail.com
ਪਤਾ: ਮਹਿਤਪੁਰ ਰੋਡ, ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਮੁਹੱਲਾ ਰਵਿਦਾਸਪੁਰਾ, ਨਕੋਦਰ-144040 (ਜਲੰਧਰ)

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ**
ਲੱਖ-ਲੱਖ ਵਧਾਈਆਂ
ਸ. ਸੁਖਵਿੰਦਰ ਸਿੰਘ ਸੰਧੂ
(ਹੈੱਡ ਟੀਚਰ)
ਸਰਕਾਰੀ ਪ੍ਰਾਇਮਰੀ ਸਕੂਲ, ਵੇਰੀਆਂ ਬਲਾਕ ਨਕੋਦਰ -2 (ਜਲੰਧਰ)

ਸ. ਸੁਖਵਿੰਦਰ ਸਿੰਘ ਬਾਜਵਾ ਸਰਦਾਰਨੀ ਬਲਵਿੰਦਰ ਕੌਰ ਬਾਜਵਾ ਅਤੇ ਸਮੂਹ ਬਾਜਵਾ ਪਰਿਵਾਰ ਵੱਲੋਂ
ਅਧਿਆਪਕ ਦਿਵਸ ਦੀਆਂ ਲੱਖ-ਲੱਖ ਵਧਾਈਆਂ

**ਅਧਿਆਪਕ ਦਿਵਸ ਦੀਆਂ ਆਪ ਸਭ ਨੂੰ ਵਧਾਈਆਂ**
ਸ. ਮਨਜੀਤ ਸਿੰਘ ਮਾਨ
ਸੂਬਾ ਪ੍ਰਧਾਨ
ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ
ਮੋਬ: 98728-88955




ਸੀ ਪੀ ਆਈ ਸੰਮੇਲਨ...
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਸਾਰਾ ਆਪਾ ਢਾਹ ਕੇ ਮੁੜ
ਤੋਂ ਘੜਿਆ ਜਾਵੇ
ਥੋੜ੍ਹਾ ਲਿਖਿਆ ਜਾਵੇ
ਬਹੁਤਾ ਪੜ੍ਹਿਆ ਜਾਵੇ।
-ਤਲਵਿੰਦਰ ਸ਼ੇਰਗਿੱਲ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 5 ਅਕਤੂਬਰ 2025 | www.nawanzamana.in | ਕੀਮਤ 5.00 ਰੁਪਏ


ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ,
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆ।
ਅਸਾਂ ਤੋੜ ਦੇਣੀ,
ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆ।
-ਸੰਤ ਰਾਮ ਉਦਾਸੀ

ਉੱਠ ਰਿਹਾ ਕੋਧਰਾ
ਜਾਗ ਰਿਹਾ ਕੋਧਰਾ
ਚਾਰੇ ਪਾਸੇ ਗੂੰਜਦਾ ਹੈ
ਕੋਧਰੇ ਦਾ ਮਹਾਂਗੀਤ
ਚਾਰੇ ਪਾਸੇ ਸੁਣਦਾ ਹੈ
ਕੋਧਰੇ ਦਾ ਮਹਾਂਗੀਤ...
-ਸੰਤੋਖ ਸਿੰਘ ਧੀਰ

## ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ ਸਾਥੀ ਉਦਾਸ ਮੌਸਮ ਲਈ
ਅਸੀਂ ਲੜਾਂਗੇ ਸਾਥੀ, ਗ਼ੁਲਾਮ ਸੱਧਰਾਂ ਲਈ
ਅਸੀਂ ਲੜਾਂਗੇ ਸਾਥੀ, ਜ਼ਿੰਦਗੀ ਦੇ ਟੁਕੜੇ

ਹਥੌੜਾ ਹੁਣ ਵੀ ਚਲਦਾ ਹੈ, ਉਦਾਸ ਅਹਿਰਨ 'ਤੇ
ਸਿਆੜ ਹੁਣ ਵੀ ਵਗਦੇ ਨੇਂ, ਚੀਕਣੀ ਧਰਤੀ 'ਤੇ
ਇਹ ਕੰਮ ਸਾਡਾ ਨਹੀਂ ਬਣਦਾ ਸਵਾਲ ਨੱਚਦਾ
ਸਵਾਲ ਦੇ ਮੌਰਾਂ 'ਤੇ ਚੜ੍ਹ ਕੇ
ਅਸੀਂ ਲੜਾਂਗੇ ਸਾਥੀ
ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ
ਹੱਥਾਂ 'ਤੇ ਪਏ ਰੱਟਣਾਂ ਦੀ ਕਸਮ ਖਾ ਕੇ
ਅਸੀਂ ਲੜਾਂਗੇ ਸਾਥੀ...
- ਪਾਸ਼




# ਭਾਰਤੀ ਕਮਿਊਨਿਸਟ ਪਾਰਟੀ ਦਾ ਮਹਾਂ-ਸੰਮੇਲਨ ਪੰਜਾਬ 'ਚ ਪਾਰਟੀ ਦੇ ਵਿਸਥਾਰ ਲਈ ਨਵੇਂ ਰਾਹ ਖੋਲ੍ਹੇਗਾ

ਗਿਆਨ ਸੈਦਪੁਰੀ

ਭਾਰਤੀ ਕਮਿਊਨਿਸਟ ਪਾਰਟੀ ਦਾ 25ਵਾਂ ਮਹਾਂ ਸੰਮੇਲਨ, ਜਿਸ ਨੂੰ ਪਾਰਟੀ ਕਾਂਗਰਸ ਵੀ ਕਿਹਾ ਜਾਂਦਾ ਹੈ, 21 ਸਤੰਬਰ ਤੋਂ 25 ਸਤੰਬਰ ਤੱਕ ਕਿਸਾਨ ਭਵਨ ਚੰਡੀਗੜ੍ਹ ਵਿੱਚ ਹੋਇਆ। ਇਸ ਮਹਾਂ ਸੰਮੇਲਨ ਦਾ ਆਗਾਜ਼ ਸਬਜ਼ੀ ਮੰਡੀ ਮੋਹਾਲੀ ਵਿੱਚ ਇੱਕ ਵਿਸ਼ਾਲ ਰੈਲੀ ਕਰਨ ਨਾਲ ਹੋਇਆ। ਇਸ ਤੋਂ ਪਹਿਲਾਂ ਪੰਜਾਬ ਵਿੱਚ ਤਿੰਨ ਮਹਾਂ ਸੰਮੇਲਨ ਹੋ ਚੁੱਕੇ ਸਨ। ਪਹਿਲਾ 1958 'ਚ ਅੰਮ੍ਰਿਤਸਰ, ਦੂਸਰਾ 1978 ਵਿੱਚ ਬਠਿੰਡਾ ਅਤੇ ਤੀਜਾ 2005 ਵਿੱਚ ਚੰਡੀਗੜ੍ਹ ਵਿੱਚ। ਇਸ ਵਾਰ ਚੰਡੀਗੜ੍ਹ ਵਿੱਚ ਹੋਏ ਮਹਾਂ ਸੰਮੇਲਨ ਦੀ ਪਹਿਲਿਆਂ ਨਾਲੋਂ ਮਹੱਤਤਾ ਵਧੇਰੇ ਹੈ। ਇਹ ਪਾਰਟੀ ਕਾਂਗਰਸ ਉਸ ਸਾਲ ਵਿੱਚ ਹੋਈ, ਜਿਹੜਾ ਸੀ ਪੀ ਆਈ ਦਾ ਸ਼ਤਾਬਦੀ ਵਰ੍ਹਾ ਹੈ। ਇਸੇ ਮਹੱਤਵ ਨੇ ਇਸ ਮਹਾਨ ਸੰਮੇਲਨ ਨੂੰ ਵਧੇਰੇ ਸੰਜੀਦਾ, ਉਤਸ਼ਾਹੀ ਤੇ ਸੁਦ੍ਰਿੜ੍ਹ ਫੈਸਲੇ ਲੈਣ ਵਾਲਾ ਬਣਾ ਦਿੱਤਾ। ਭਾਰਤੀ ਕਮਿਊਨਿਸਟ ਪਾਰਟੀ ਲਈ ਇਹ ਗੱਲ ਹੋਰ ਵੀ ਖੁਸ਼ੀ ਦਾ ਬਾਇਸ ਬਣੀ ਕੇ ਬਹੁਤ ਸਾਰੇ ਉੱਚੇ ਮੁਰਾਤਬੇ ਵਾਲੇ ਪੱਤਰਕਾਰ, ਵਿਦਵਾਨ, ਨਾਟਕਕਾਰ, ਕਵੀ, ਆਲੋਚਕ ਆਦਿ ਵੀ ਇਸ ਮਹਾਂ ਸੰਮੇਲਨ ਦਾ ਹਿੱਸਾ ਬਣੇ।

ਕਹਿੰਦੇ ਹਨ, 'ਆਗਾਜ਼ ਅੱਛਾ ਹੋ ਤੋ ਅੰਜਾਮ ਵੀ ਅੱਛਾ ਹੋਗਾ'। 21 ਸਤੰਬਰ ਦੀ ਰੈਲੀ ਦਾ ਇਕੱਠ, ਨਾਹਰਿਆਂ ਦੀ ਗੂੰਜ ਅਤੇ ਆਗੂਆਂ ਦਾ ਸੁਨੇਹਾ ਦੱਸਦਾ ਸੀ ਕਿ ਆਉਣ ਵਾਲੇ ਪੰਜ ਦਿਨਾਂ ਦੌਰਾਨ ਹੋਣ ਵਾਲਾ ਚਿੰਤਨ ਮੰਥਨ ਸਾਰਥਿਕ ਸਿੱਟੇ ਕੱਢੇਗਾ। ਇਸ ਰੈਲੀ ਦਾ ਉਹ ਮੰਜ਼ਰ ਚਿਰਾਂ ਤੱਕ ਜ਼ਿਹਨ ਮੱਲੀ ਰੱਖੇਗਾ, ਜਦੋਂ ਜੋਸ਼ ਨਾਲ ਭਰੇ ਦਰਜਨਾਂ ਨੌਜਵਾਨ ਹੱਥਾਂ 'ਚ ਮਸ਼ਾਲਾਂ ਫੜੀ ਪੰਡਾਲ ਵਿੱਚ ਦਾਖਲ ਹੋਏ। ਇਹ ਨੌਜਵਾਨ ਹੁਸੈਨੀਵਾਲਾ, ਜਲ੍ਹਿਆਂਵਾਲਾ ਬਾਗ ਅਤੇ ਪਿੰਡ ਭਕਨਾ ਤੋਂ ਆਏ ਸਨ । ਇਹਨਾਂ ਨੌਜਵਾਨਾਂ ਦੇ ਮੁਹਰੈਲ ਨੇ ਇੱਕ ਛੋਟਾ ਬੱਚਾ ਮੋਢਿਆਂ 'ਤੇ ਚੁੱਕਿਆ ਹੋਇਆ ਸੀ, ਜਿਸ ਦੇ ਹੱਥ ਵਿੱਚ ਲਾਲ ਝੰਡਾ ਲਹਿਰਾਅ ਰਿਹਾ ਸੀ, ਜੋ ਭਵਿੱਖੀ ਸੰਘਰਸ਼ ਦਾ ਸੁਨੇਹਾ ਸੀ।

ਅਗਲਾ ਦਿਨ ਯਾਨੀ 22 ਸਤੰਬਰ ਜਿੱਥੇ ਮਹਾਂ ਸੰਮੇਲਨ ਦੀਆਂ ਉਦਘਾਟਨੀ ਰਸਮਾਂ ਦਾ ਸੀ, ਉੱਥੇ ਦੂਸਰੀਆਂ ਖੱਬੀਆਂ ਪਾਰਟੀਆਂ ਦੀ ਸ਼ਮੂਲੀਅਤ ਨਾਲ ਆਪਸੀ ਕਰਿੰਗੜੀਆਂ ਨਾਲ ਸਾਂਝਾਂ ਪਕੇਰੀਆਂ ਕਰਨ ਦੇ ਅਹਿਦ ਦਾ ਵੀ। ਇਸ ਦਿਨ ਲਾਲ ਝੰਡਾ ਪਾਰਟੀ ਦੇ ਵੈਟਰਨ ਆਗੂ ਕਾਮਰੇਡ ਭੁਪਿੰਦਰ ਸਾਂਬਰ ਨੇ ਲਹਿਰਾਇਆ ਤੇ ਕੌਮੀ ਝੰਡਾ ਲਹਿਰਾਉਣ ਦਾ ਗੁਣਾ ਪ੍ਰੋਫੈਸਰ ਜਗਮੋਹਣ ਸਿੰਘ 'ਤੇ ਪਿਆ। ਬਨੇਗਾ ਕਾਮਿਆਂ ਵੱਲੋਂ ਸਜਾਇਆ ਕਿਸਾਨ ਭਵਨ ਦਾ ਵਿਹੜਾ ਅਲੌਕਿਕ ਨਜ਼ਾਰਾ ਪੇਸ਼ ਕਰ ਰਿਹਾ ਸੀ। ਇਸ ਦਿਨ ਪ੍ਰੋਫੈਸਰ ਜਗਮੋਹਣ ਸਿੰਘ ਨੂੰ ਸ਼ਹੀਦ- ਏ- ਆਜ਼ਮ ਭਗਤ ਸਿੰਘ ਦਾ ਭਾਣਜਾ ਹੋਣ ਦਾ ਹੋਰ ਵੀ ਮਾਣ ਮਹਿਸੂਸ ਹੋਇਆ ਹੋਵੇਗਾ । ਭਾਰਤ ਦੇ ਹੋਰ ਸੂਬਿਆਂ ਦੇ ਡੈਲੀਗੇਟਾਂ ਅੰਦਰ ਪ੍ਰੋਫੈਸਰ ਸਾਹਿਬ ਨਾਲ ਤਸਵੀਰ ਖਿਚਵਾਉਣ ਦੀ ਖਿੱਚ ਨੇ ਇੱਕ ਵੱਖਰਾ ਫੋਟੋ ਸੈਸ਼ਨ ਸਿਰਜ ਦਿੱਤਾ। ਮਹਾਰਾਸ਼ਟਰ ਦੇ ਇੱਕ ਡੈਲੀਗੇਟ ਕਾਮਰੇਡ ਰਾਮ ਬਹਿਤੀ ਨੇ ਪ੍ਰੋਫੈਸਰ ਜਗਮੋਹਨ ਸਿੰਘ ਨਾਲ ਭਗਤ ਸਿੰਘ ਬਾਰੇ ਗੱਲਾਂ ਕਰਨ ਲਈ ਦੋ ਮਿੰਟ ਵੱਖਰੇ ਤੌਰ 'ਤੇ ਬੈਠਣ ਦੀ ਇੱਛਾ ਪ੍ਰਗਟਾਈ।

ਇਸ ਦਿਨ ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਕਾਮਰੇਡ ਐੱਮ ਏ ਬੇਬੀ, ਸੀ ਪੀ ਆਈ ਐੱਮ ਐੱਲ (ਲਿਬਰੇਸ਼ਨ) ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ, ਆਲ ਇੰਡੀਆ ਫਾਰਵਰਡ ਬਲਾਕ ਦੇ ਜਨਰਲ ਸਕੱਤਰ ਦੇਵ ਜੀ ਰਾਜਨ ਅਤੇ ਆਰ ਐਮ ਪੀ ਅਈ ਦੇ ਜਨਰਲ ਸਕੱਤਰ ਮਨੋਜ ਭੱਟਾਚਾਰੀਆਂ ਨੇ ਸੀ ਪੀ ਆਈ ਨਾਲ ਪੱਕੀਆਂ ਸਾਂਝਾਂ ਪਾਉਣ ਦਾ ਵਿਸ਼ਵਾਸ ਦਿਵਾਇਆ। ਮਹਾਂ ਸੰਮੇਲਨ ਦਾ ਇਹ ਦਿਨ ਫਲਸਤੀਨ ਤੇ ਕਿਊਬਾ ਦੇ ਲੋਕਾਂ ਨਾਲ ਯਕਯਹਿਤੀ ਪ੍ਰਗਟ ਕਰਨ ਦਾ ਵੀ ਸੀ। ਫਲਸਤੀਨ ਦੇ ਰਾਜਦੂਤ ਅਬੂ ਸ਼ਾਹ ਵੇਸ਼ ਤੇ ਕਿਊਬਾ ਦੇ ਰਾਜਦੂਤ ਜਾਨ ਕਾਰਲੋਸ ਇੱਕੋ ਵੇਲੇ, ਇੱਥੇ ਸਥਾਪਤ ਕੀਤੇ ਕਾਮਰੇਡ ਅਤੁਲ ਕੁਮਾਰ ਅਨਜਾਨ ਹਾਲ ਵਿੱਚ ਦਾਖਲ ਹੋਏ।

ਜਦੋਂ ਫਲਸਤੀਨ ਦੇ ਆਗੂ ਅਬੂ ਸ਼ਾਹ ਵੇਸ਼ ਸੰਬੋਧਨ ਕਰ ਰਹੇ ਸਨ ਤਾਂ ਫਲਸਤੀਨੀ ਕਵੀ ਮਹਿਮੂਦ ਦਰਵੇਸ਼ ਦਾ ਲਿਖਿਆ ਕੋਲਾਜ਼ 'ਸਾਡੇ ਕੋਲ ਆਪਣੀ ਪਛਾਣ ਦੱਸਣ ਲਈ ਕੋਈ ਚੀਜ਼ ਨਹੀਂ ਸਿਵਾਏ ਕੰਧ 'ਤੇ ਲੱਗੇ ਸਾਡੇ ਲਹੂ ਦੇ ਛਿੱਟਿਆਂ ਤੋਂ.......' ਨੇ ਧਿਆਨ ਖਿੱਚ ਲਿਆ। ਤੇ ਜਦੋਂ ਸੀ ਪੀ ਆਈ ਦੇ ਰਾਜ ਸਭਾ ਮੈਂਬਰ ਕਾਮਰੇਡ ਪੀ ਸੰਤੋਸ਼ ਨੇ ਫਲਸਤੀਨ ਤੇ ਕਿਊਬਾ ਨਾਲ ਯਕਯਹਿਤੀ ਦਾ ਮਤਾ ਪੇਸ਼ ਕੀਤਾ ਤਾਂ ਅਮੋਲਕ ਸਿੰਘ ਦੀ ਕਵਿਤਾ, 'ਨਿੱਕੜਾ ਫਲਸਤੀਨ' ਕੰਨਾਂ 'ਚ ਗੂੰਜਣ ਲੱਗੀ, 'ਸਲਾਮ ਹੈ ! ਫਲਸਤੀਨਓ ਪਿਆਰਿਆ! ਜੁਗ ਜੁਗ ਜੀਵੇ ਅੱਖੀਆਂ ਦੇ ਤਾਰਿਆ, ਵੈਸੇ ਤੇਰਾ ਨਾਮ ਤਾਂ ਕ੍ਰਾਂਤੀ ਗੀਤ ਹੈ, ਰੂਸ ਵੀਅਤਨਾਮ ਕਦੇ ਚੀਨ ਆਖਦੇ, ਅੱਜ ਕੱਲ੍ਹ ਤੈਨੂੰ ਫਲਸਤੀਨ ਆਖਦੇ.....।'

ਇਹ ਦਿਨ ਹੀ ਪਹਿਲਾਂ ਪੇਸ਼ ਕੀਤੇ ਗਏ ਮਤਿਆਂ 'ਤੇ ਬਹਿਸ ਦਾ ਦਿਨ ਸੀ। ਪਾਰਟੀ ਦੇ ਕੌਮੀ ਸਕੱਤਰ ਕਾਮਰੇਡ ਅਮਰਜੀਤ ਕੌਰ, ਸਾਬਕਾ ਮੈਂਬਰ ਪਾਰਲੀਮੈਂਟ ਕਾਮਰੇਡ ਨਗੇਂਦਰ ਨਾਥ ਓਝਾ, ਸੀ ਪੀ ਆਈ ਦੀ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਹਰਦੇਵ ਸਿੰਘ ਅਰਸ਼ੀ, ਕਾਮਰੇਡ ਮੁਹੰਮਦ ਸਲੀਮ, ਕਾਮਰੇਡ ਪਰਾਂਤੀ ਅਧਿਕਾਰੀ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਅਤੇ ਕਾਮਰੇਡ ਦਿਨੇਸ਼ ਦੇ ਅਧਾਰਤ ਪ੍ਰਧਾਨਗੀ ਮੰਡਲ ਦੀ ਮੌਜੂਦਗੀ ਵਿੱਚ ਰਿਪੋਰਟਾਂ 'ਤੇ ਨਿੱਠ ਕੇ ਬਹਿਸ ਹੋਈ। ਬਹਿਸ ਦੌਰਾਨ ਵੱਖ-ਵੱਖ ਮਸਲਿਆਂ ਦੀ ਚਰਚਾ ਦੇ ਨਾਲ ਨਾਲ ਇੰਡੀਆ ਬਲਾਕ (ਸਿਆਸੀ ਗਠਬੰਧਨ) ਨੂੰ ਮਜ਼ਬੂਤ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ।

ਮਹਾਂ ਸੰਮੇਲਨ ਦੇ ਆਖਰੀ ਦਿਨ ਸ਼ਾਮ ਨੂੰ ਕਾਮਰੇਡ ਡੀ ਰਾਜਾ ਨੂੰ ਮੁੜ ਜਨਰਲ ਸਕੱਤਰ ਚੁਣ ਲਿਆ ਗਿਆ।

ਮਹਾਂ ਸੰਮੇਲਨ ਕਿਉਂਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਹੋਇਆ, ਇਸ ਲਈ ਸੂਬੇ ਲਈ ਇਸ ਦੇ ਵਿਸ਼ੇਸ਼ ਮਾਅਨੇ ਹਨ। ਪਾਰਟੀ ਕਾਂਗਰਸ ਵਿੱਚ ਜਿੱਥੇ ਗੁਰੂਆਂ ਦੀ ਗੱਲ ਹੋਈ, ਇਸ ਦੇ ਸ਼ਾਨਾਮੱਤੇ ਇਤਿਹਾਸ ਦੀ ਗੱਲ ਹੋਈ, ਸ਼ਹੀਦਾਂ ਨੂੰ ਯਾਦ ਕਰਕੇ ਸਜਦਾ ਕੀਤਾ ਗਿਆ, ਇੱਥੋਂ ਦੀ ਸੱਭਿਅਤਾ 'ਤੇ ਮਾਣ ਮਹਿਸੂਸ ਕੀਤਾ, ਪੰਜ ਦਰਿਆਵਾਂ ਦੀ ਗੱਲ ਹੋਈ, ਉੱਥੇ ਵਹਿੰਦੇ ਹੰਝੂਆਂ ਨੂੰ ਰੋਕਣ ਲਈ ਹੀਲੇ-ਵਸੀਲੇ ਵੀ ਤਲਾਸ਼ੇ ਗਏ।




ਮਹਾਂ ਸੰਮੇਲਨ ਦੀ ਸਵਾਗਤੀ ਕਮੇਟੀ ਦੇ ਚੇਅਰਮੈਨ ਡਾ. ਸਵਰਾਜਬੀਰ ਸਿੰਘ ਹੁਰਾਂ ਦਾ ਸਵਾਗਤੀ ਭਾਸ਼ਣ ਦਿਲਾਂ 'ਤੇ ਚਿਰ ਸਥਾਈ ਪ੍ਰਭਾਵ ਛੱਡ ਗਿਆ। ਉਨ੍ਹਾਂ ਨੇ ਇਤਿਹਾਸ ਦੇ ਹਰ ਪੱਖ 'ਤੇ ਪੰਛੀ ਝਾਤ ਪਵਾਉਂਦਿਆਂ ਗੱਲ ਇੱਥੇ ਮੁਕਾਈ ਕਿ 'ਪੰਜ ਦਰਿਆਵਾਂ ਦੀ ਧਰਤੀ ਬਾਬਾ ਫਰੀਦ ਅਤੇ ਗੁਰੂ ਨਾਨਕ ਦੀ ਧਰਤੀ 'ਤੇ ਸਭ ਦਾ ਸਵਾਗਤ ਕਰਦਾ ਹਾਂ......। ਅਸੀਂ ਲੜਾਂਗੇ ਅਤੇ ਲੋਕ ਜਿੱਤਣਗੇ। ਨਿਆਂ ਅਤੇ ਸੱਚ ਦੀਆਂ ਤਾਕਤਾਂ ਜਿੱਤਣਗੀਆਂ ।'

ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਆਗੂਆਂ ਨੇ ਮਹਾਂ ਸੰਮੇਲਨ ਦੀ ਸਫਲਤਾ ਲਈ ਰਾਤ ਦਿਨ ਇੱਕ ਕਰ ਦਿੱਤਾ। ਕਾਮਰੇਡ ਬੰਤ ਸਿੰਘ ਬਰਾੜ, ਕਾਮਰੇਡ ਹਰਦੇਵ ਸਿੰਘ ਅਰਸ਼ੀ, ਕਾਮਰੇਡ ਨਿਰਮਲ ਸਿੰਘ ਧਾਲੀਵਾਲ, ਕਾਮਰੇਡ ਜਗਰੂਪ ਨੇ ਮਿਲੀ ਚੁਣੌਤੀ ਨੂੰ ਚੰਗੇ ਮੌਕੇ ਵਿੱਚ ਬਦਲ ਦਿੱਤਾ। ਪਾਰਟੀ ਦੀਆਂ ਅਵਾਮੀ ਜਥੇਬੰਦੀਆਂ ਦੇ ਆਗੂਆਂ, ਜਿਨ੍ਹਾਂ ਵਿੱਚ ਕਿਸਾਨ ਸਭਾ ਦੇ ਆਗੂ ਬਲਦੇਵ ਸਿੰਘ ਨਿਹਾਲਗੜ੍ਹ ਤੇ ਬਲਕਰਨ ਸਿੰਘ ਬਰਾੜ, ਖੇਤ ਮਜ਼ਦੂਰਾਂ ਦੇ ਆਗੂ ਕਾਮਰੇਡ ਗੁਲਜਾਰ ਸਿੰਘ ਗੋਰੀਆ ਤੇ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਪੰਜਾਬ ਇਸਤਰੀ ਸਭਾ ਦੀ ਕਾਮਰੇਡ ਰਜਿੰਦਰ ਪਾਲ ਕੌਰ ਤੇ ਕਾਮਰੇਡ ਨਰਿੰਦਰ ਸੋਹਲ, ਨਰੇਗਾ ਮਜ਼ਦੂਰਾਂ ਦੇ ਆਗੂ ਕਾਮਰੇਡ ਕਸ਼ਮੀਰ ਸਿੰਘ ਗਦਾਈਆ, ਵਿਦਿਆਰਥੀ ਤੇ ਨੌਜਵਾਨਾਂ ਦੇ ਆਗੂ ਸੁਖਜਿੰਦਰ ਮਹੇਸ਼ਰੀ ਤੇ ਵਿੱਕੀ ਮਹੇਸ਼ਰੀ ਆਦਿ, ਸਕੱਤਰੇਤ ਦੇ ਮੈਂਬਰ ਅਮਰਜੀਤ ਸਿੰਘ ਆਸਲ ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੋਸ਼ਲ ਮੀਡੀਆ ਤੋਂ ਲਵਪ੍ਰੀਤ ਮਾੜੀਮੇਘਾ ਆਦਿ ਨੇ ਆਪੋ-ਆਪਣੀ ਬਣਦੀ ਭੂਮਿਕਾ ਨੂੰ ਸਿਦਕਦਿਲੀ ਤੇ ਸੰਜੀਦਗੀ ਨਾਲ ਨਿਭਾਇਆ।

ਇੱਕ ਹੋਰ ਅਹਿਮ ਗੱਲ। ਡੈਲੀਗੇਟਾਂ ਅੱਗੇ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਵਿੱਚ ਰਾਜਸੀ ਮਤਾ ਮੁੱਖ ਹੁੰਦਾ ਹੈ। ਉਹ ਪੰਜਾਬ ਲਈ ਨਵੇਂ ਅਰਥ ਲੈ ਕੇ ਆਇਆ ਹੈ। ਇਸ ਵਿੱਚ ਵਪਾਰ ਲਈ ਵਾਹਗਾ ਬਾਰਡਰ ਨੂੰ ਖੋਲ੍ਹੇ ਜਾਣ, ਪੰਜਾਬੀ ਭਾਸ਼ਾ ਨੂੰ ਉਸ ਦੀ ਬਣਦੀ ਥਾਂ ਦਿਵਾਉਣ, ਹੜ੍ਹ ਪ੍ਰਭਾਵਿਤ ਲੋਕਾਂ ਨੂੰ ਹਰ ਕਿਸਮ ਦੀ ਰਾਹਤ ਦੇਣ, ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਵਰ੍ਹੇਗੰਢ ਨੂੰ ਸਮਰਪਿਤ ਮਤੇ ਜੋੜੇ ਗਏ। ਇਹ ਗੱਲਾਂ ਪੰਜਾਬ ਦੇ ਪੇਂਡੂ ਖੇਤਰ ਵਿੱਚ ਪਾਰਟੀ ਦੇ ਵਿਸਥਾਰ ਲਈ ਨਵੇਂ ਰਾਹ ਖੋਲ੍ਹਗੀਆਂ ।

*# ਸੰਪਰਕ : 98725-40447*




## ਸਵਰਾਜਬੀਰ ਦਾ ਲੇਖਕ ਨੂੰ ਸੁਨੇਹਾ



ਚੰਦ ਫਤਿਹਪੁਰੀ ਅਤੇ ਪੂਰੀ ਨਵਾਂ ਜ਼ਮਾਨਾ ਟੀਮ ਦਾ ਬਹੁਤ ਵੱਡਾ ਯੋਗਦਾਨ। ਸੰਪਾਦਨ, ਛਪਾਈ, ਪ੍ਰਬੰਧਨ, ਵੰਡ ਅਤੇ ਵੈੱਬ ਟੀ.ਵੀ., ਸੋਸ਼ਲ ਮੀਡੀਆ ਅਤੇ ਹੋਰ ਗਤੀਵਿਧੀਆਂ ਵਿੱਚ ਸ਼ਾਮਲ ਸਾਰੇ ਸਾਥੀਆਂ ਨੂੰ ਮੇਰਾ ਸਲਾਮ।ਲੋਕਾਂ ਦਾ ਸੰਘਰਸ਼ ਜ਼ਿੰਦਾਬਾਦ।

## '...ਜੋ ਸਾਜ਼ ਪੇ ਗੁਜਰੀ'

ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਪਾਰਟੀ ਕਾਂਗਰਸ ਦੀ ਅਪਾਰ ਸਫ਼ਲਤਾ ਬਾਰੇ ਪੰਜਾਬ ਦੇ ਇੱਕ ਸੀਨੀਅਰ ਆਗੂ ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸੀ ਪੀ ਆਈ ਦੀ ਪੰਜਾਬ ਇਕਾਈ ਨੇ ਪੂਰੀ ਸਮਰਪਣ ਭਾਵਨਾ ਨਾਲ ਕੰਮ ਕਰਕੇ ਮਹਾਂ-ਸੰਮੇਲਨ ਨੂੰ ਕਾਮਯਾਬ ਕੀਤਾ ਹੈ। ਉਨ੍ਹਾਂ ਮੋਹਾਲੀ ਦੀ ਵੱਡੀ ਰੈਲੀ ਤੋਂ ਲੈ ਕੇ ਡੈਲੀਗੇਟਾਂ ਨੂੰ 25 ਸਤੰਬਰ ਦੇ ਪਰੋਸੇ ਗਏ ਆਖਰੀ ਖਾਣੇ ਤੱਕ ਆਪਣੀ ਘਾਲਣਾ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਇੱਕ ਮਕਬੂਲ ਸ਼ੇਅਰ ਯਾਦ ਆ ਗਿਆ:

...ਜੋ ਧੁਨ ਤਾਰ ਸੇ ਨਿਕਲੀ, ਵੋਹ ਸਭ ਨੇ ਸੁਨੀ, ਜੋ ਸਾਜ਼ ਪੇ ਗੁਜ਼ਰੀ ਵੋਹ ਕਿਸ ਕੋ ਪਤਾ ਹੈ।'

## ਡੈਲੀਗੇਟਾਂ 'ਚ 0.3 ਫ਼ੀਸਦੀ ਪੜ੍ਹਾਈ ਤੋਂ ਕੋਰੇ ਤੇ 3.2 ਫ਼ੀਸਦੀ 'ਚ ਐੱਮ ਏ ਤੇ ਪੀ ਐੱਚ ਡੀ ਸ਼ਾਮਲ

ਮਹਾਂ-ਸੰਮੇਲਨ ਵਿੱਚ ਡੈਲੀਗੇਟਾਂ ਦੀ ਗਿਣਤੀ 840 ਦੇ ਕਰੀਬ ਰਹੀ। ਕਈਆਂ ਨੇ ਕਰੀਡੈਂਸ਼ੀਅਲ ਫਾਰਮ ਨਹੀਂ ਭਰਿਆ। ਕਰੀਡੈਂਸ਼ੀਅਲ ਰਿਪੋਰਟ ਅਨੁਸਾਰ ਮਰਦਾਂ ਦੀ ਗਿਣਤੀ 88.6 ਫੀਸਦੀ ਅਤੇ ਔਰਤਾਂ ਦੀ ਗਿਣਤੀ 11.4 ਫ਼ੀਸਦੀ ਰਹੀ। ਡੈਲੀਗੇਟਾਂ ਵਿੱਚੋਂ 78 ਫ਼ੀਸਦੀ ਵਿਆਹੇ ਹੋਏ ਅਤੇ 5.2 ਫ਼ੀਸਦੀ ਅਣਵਿਆਹੇ ਸਨ। ਬੋਲੀ ਅਨੁਸਾਰ 53 ਫ਼ੀਸਦੀ ਹਿੰਦੀ, 10 ਫ਼ੀਸਦੀ ਮਲਿਆਲਮ, 12 ਫ਼ੀਸਦੀ ਤਾਮਿਲ, 7 ਫ਼ੀਸਦੀ ਤੈਲਗੂ, 2 ਫ਼ੀਸਦੀ ਮਰਾਠੀ, 2.1 ਫ਼ੀਸਦੀ ਕੰਨੜ, 1.8 ਫੀਸਦੀ ਬੰਗਾਲੀ, 3.6 ਫ਼ੀਸਦੀ ਪੰਜਾਬੀ, 0.5 ਫ਼ੀਸਦੀ ਆਸਾਮੀ, 3.2 ਫ਼ੀਸਦੀ ਉਰਦੂ, 0.5 ਫ਼ੀਸਦੀ ਮਨੀਪੁਰੀ, 66.2 ਫ਼ੀਸਦੀ ਅੰਗਰੇਜ਼ੀ ਅਤੇ 14.7 ਫ਼ੀਸਦੀ ਹੋਰ ਭਾਸ਼ਾਵਾਂ ਵਾਲੇ ਸ਼ਾਮਲ ਸਨ।

ਪੜ੍ਹਾਈ ਦੇ ਮਾਮਲੇ ਵਿੱਚ 0.3 ਫ਼ੀਸਦੀ ਪੜ੍ਹਾਈ ਤੋਂ ਕੋਰੇ, 1.4 ਫ਼ੀਸਦੀ ਪ੍ਰਾਇਮਰੀ, 15.5 ਫ਼ੀਸਦੀ ਦਸਵੀਂ, 7.1 ਫ਼ੀਸਦੀ ਹਾਇਰ ਸੈਕੰਡਰੀ, 2.0 ਫ਼ੀਸਦੀ ਸਪੈਸ਼ਲ ਡਿਪਲੋਮਾ, 37.6 ਫ਼ੀਸਦੀ ਬੀ ਏ, 2.9 ਫ਼ੀਸਦੀ ਇੰਜੀਨੀਅਰ, 1.2 ਫ਼ੀਸਦੀ ਐੱਮ ਬੀ ਬੀ ਐੱਸ, 21.5 ਫੀਸਦੀ ਐੱਮ ਏ/ਐੱਲ ਐੱਲ ਬੀ ਅਤੇ 3.2 ਫ਼ੀਸਦੀ ਪੀ ਐੱਚ ਡੀ ਤੱਕ ਪੜ੍ਹੇ ਹੋਏ ਸਨ।

# ਨਾ ਸੱਤਾਧਾਰੀ ਧਿਰ ਤੋਂ ਲੋਕਾਂ ਨੂੰ ਆਸ ਦਿੱਸੇ ਤੇ ਨਾ ਵਿਰੋਧੀ ਧਿਰ ਆਸ ਦੀ ਝਲਕ ਵਿਖਾਵੇ ਤਾਂ ਲੋਕ ਕੀ ਕਰਨ !

ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਪਿਛਲੇ ਦਿਨਾਂ ਵਿੱਚ ਭਾਰਤ ਵਿੱਚ ਬੈਠੇ ਆਗੂਆਂ ਅਤੇ ਬਾਹਰ ਗਏ ਭਾਰਤੀ ਆਗੂਆਂ ਦੇ ਭਾਸ਼ਣ ਅਸੀਂ ਬੜੇ ਗਹੁ ਨਾਲ ਪੜ੍ਹੇ ਅਤੇ ਵਿਚਾਰੇ ਹਨ। ਉਨ੍ਹਾਂ ਵਿੱਚੋਂ ਹਰ ਕੋਈ ਮਾਸੂਮ ਬਣਿਆ ਨਜ਼ਰ ਆਉਂਦਾ ਹੈ। ਏਦਾਂ ਲੱਗਦਾ ਹੈ ਕਿ ਭਾਰਤ ਤੇ ਭਾਰਤੀ ਲੋਕਾਂ ਦੀ ਤਰੱਕੀ ਦਾ ਜਿੰਨਾ ਫਿਕਰ ਇਸ ਆਗੂ ਦੇ ਦਿਲ ਵਿੱਚ ਹੈ, ਹੋਰ ਕਿਸੇ ਦੇ ਹੋ ਹੀ ਨਹੀਂ ਸਕਦਾ ਅਤੇ ਜੇ ਇਸ ਦੇ ਹੱਥ ਕਮਾਨ ਆ ਜਾਵੇ ਜਾਂ ਜੇ ਇਸ ਵੇਲੇ ਸੱਤਾਧਾਰੀ ਹੈ ਤਾਂ ਇਸ ਦੇ ਹੱਥ ਵਿੱਚ ਕਮਾਨ ਰਹੀ ਤਾਂ ਭਾਰਤ ਦੁਨੀਆ ਦਾ ਨੰਬਰ ਇੱਕ ਕੁਝ ਹੀ ਦਿਨਾਂ ਵਿੱਚ ਬਣਾਇਆ ਹੋਵੇਗਾ। ਐਵੇਂ ਕਹਿਣ ਦੀ ਗੱਲ ਹੈ। ਉਰਦੂ ਦਾ ਮੁਹਾਵਰਾ ਇਹ ਹੈ ਕਿ 'ਯੇ ਬਾਜ਼ੂ ਮੇਰੇ ਆਜ਼ਮਾਏ ਹੂਏ ਹੈਂ'। ਇਨ੍ਹਾਂ ਸਬਜ਼-ਬਾਗ ਵਿਖਾਉਣ ਵਾਲੇ ਸਾਰੇ ਆਗੂਆਂ ਦਾ ਤਜਰਬਾ ਭਾਰਤ ਦੇ ਲੋਕਾਂ ਨੂੰ ਚੰਗੀ ਤਰ੍ਹਾਂ ਹੋ ਚੁੱਕਾ ਹੈ ਅਤੇ ਮਨਾਂ ਵਿੱਚ ਇਹ ਗੰਢ ਬੱਝੀ ਹੋਈ ਹੈ ਕਿ ਜੀਹਦੇ ਵੀ ਹੱਥ ਵਿੱਚ ਇੱਕ ਵਾਰੀ ਭਾਰਤ ਦੀ ਵਾਗ ਆ ਗਈ, ਜਿੱਦਾਂ ਬੀਤੇ ਸਮੇਂ ਵਿੱਚ ਕਿਸੇ ਨੇ ਭਲੀ ਨਹੀਂ ਗੁਜ਼ਾਰੀ, ਅੱਗੋਂ ਵੀ ਕਿਸੇ ਨੇ ਨਹੀਂ ਗੁਜ਼ਾਰਨੀ।

ਇੱਕ ਧਿਰ ਸਿਆਸਤ ਦੇ ਮੁਹਰੈਲ ਉਹ ਹਨ, ਜਿਹੜੇ ਰਾਜ ਕਰਦੇ ਹਨ ਤੇ ਦਾਅਵਾ ਕਰਦੇ ਹਨ ਕਿ ਉਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਵਾਲੇ ਹਨ ਤੇ ਸਭ ਤੋਂ ਵੱਡੇ ਲੋਕਤੰਤਰ ਦੀ ਅਗਵਾਈ ਯੋਗਤਾ ਨਾਲ ਕਰ ਰਹੇ ਹਨ। ਅਗਵਾਈ ਤਾਂ ਉਹ ਕਰ ਰਹੇ ਹਨ, ਪਰ ਯੋਗਤਾ ਬਾਰੇ ਉੱਠਦੇ ਸਵਾਲਾਂ ਦਾ ਜਵਾਬ ਨਾ ਕਦੀ ਕਿਸੇ ਨੇ ਦਿੱਤਾ ਹੈ ਤੇ ਨਾ ਦੇਸ਼ ਦੇ ਕਿਸੇ ਨਾਗਰਿਕ ਦੀ ਏਦਾਂ ਦੀ ਹਿੰਮਤ ਹੋ ਸਕਦੀ ਹੈ ਕਿ ਉਨ੍ਹਾਂ ਨੂੰ ਜਵਾਬ ਦੇਣ ਲਈ ਕਟਹਿਰੇ ਵਿੱਚ ਖੜਾ ਕਰ ਸਕੇ। ਦੇਸ਼ ਦੀ ਪਾਰਲੀਮੈਂਟ ਵਿੱਚ ਰਸਮ-ਪੂਰਤੀ ਵਰਗੇ ਸੈਸ਼ਨਾਂ ਦੌਰਾਨ ਮਾੜੀ-ਮੋਟੀ ਗੱਲ ਚੱਲ ਪੈਂਦੀ ਹੈ ਤਾਂ ਜਿਸ ਕਿਸੇ ਮੈਂਬਰ ਵੱਲੋਂ ਕਦੇ ਸਵਾਲ ਚੁੱਕਿਆ ਜਾਂਦਾ ਹੈ, ਉਹ ਹਾਊਸ ਦੀ ਬਹੁ-ਗਿਣਤੀ ਵਾਲਿਆਂ ਦੇ ਨਿਸ਼ਾਨੇ ਉੱਤੇ ਆ ਜਾਂਦਾ ਹੈ। ਫਿਰ ਹਾਊਸ ਵਿੱਚ ਹੀ ਨਹੀਂ, ਜਨਤਕ ਜੀਵਨ ਵਿੱਚ ਵੀ ਉਸ ਨੂੰ ਜ਼ਲੀਲ ਕਰਨ ਦੀ ਖੇਡ ਸ਼ੁਰੂ ਹੋ ਜਾਂਦੀ ਹੈ ਅਤੇ ਅੰਤ ਵਿੱਚ ਉਹ ਸ਼ਸ਼ੀ ਥਰੂਰ ਜਾਂ ਪੀ. ਚਿਦੰਬਰਮ ਵਾਲੀ ਸੜਕ ਉੱਤੇ ਪੈਣ ਵਾਸਤੇ ਰਾਹ ਲੱਭਣ ਲੱਗਦਾ ਹੈ। ਸ਼ਸ਼ੀ ਥਰੂਰ ਨੂੰ ਲੋਕ ਭਾਜਪਾ ਨਾਲ ਆਢਾ ਲੈਣ ਵਾਲਾ ਦਲੀਲ ਦਾ ਧਨੀ ਆਗੂ ਮੰਨਦੇ ਹੁੰਦੇ ਸਨ, ਜਦੋਂ ਉਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੱਠ ਕਰੋੜ ਦੀ ਗਰਲ ਫਰੈਂਡ ਵਾਲਾ ਆਗੂ ਕਹਿ ਦਿੱਤਾ ਤਾਂ ਰਾਜ ਕਰਦੀ ਪਾਰਟੀ ਦੇ ਮੁਹਿੰਮਬਾਜ਼ਾਂ ਨੂੰ ਸੰਦੇਸ਼ ਚਲਾ ਗਿਆ ਤੇ ਉਸ ਦੇ ਬਾਅਦ ਚੱਲੀ ਸਰਗਰਮੀ ਨੇ ਉਸ ਨੂੰ ਲੀਹ ਤੋਂ ਲਾਹ ਦਿੱਤਾ। ਪਹਿਲਾਂ ਉਸ ਨੇ ਕਾਂਗਰਸ ਪਾਰਟੀ ਦੇ ਨੁਕਸ ਗਿਣਾਉਣ ਦਾ ਕੰਮ ਆਰੰਭ ਕੀਤਾ, ਫਿਰ ਕਾਂਗਰਸ ਮੁਕਾਬਲੇ ਭਾਜਪਾ ਰਾਜ ਦੀਆਂ ਪ੍ਰਾਪਤੀਆਂ ਗਿਣਾਉਣ ਲੱਗ ਪਿਆ ਤੇ ਅੰਤ ਉਹ ਪੂਰੀ ਤਰ੍ਹਾਂ ਭਾਜਪਾਈ ਰੰਗ ਵਿੱਚ ਰੰਗਿਆ ਦਿੱਸਣ ਲੱਗ ਪਿਆ। ਇਸ ਪਿੱਛੋਂ ਭਾਜਪਾ ਉਸ ਦੇ ਖਿਲਾਫ ਬੋਲਣ ਦਾ ਫਰੰਟ ਸਮੇਟ ਕੇ ਵਿਹਲੀ ਹੋ ਗਈ ਅਤੇ ਕਾਂਗਰਸ ਵਾਲਿਆਂ ਨਾਲ ਉਸ ਦਾ ਨਿੱਤ ਦਾ ਆਢਾ ਲੱਗਣ ਲੱਗ ਪਿਆ ਹੈ।

ਪਿਛਲੇ ਹਫਤੇ ਸਾਬਕਾ ਕੇਂਦਰੀ ਮੰਤਰੀ ਪੀ ਚਿਦੰਬਰਮ ਨੇ ਅਚਾਨਕ ਕਾਂਗਰਸ ਪਾਰਟੀ ਦੇ ਨੁਕਸ ਗਿਣਨ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਏਥੋਂ ਤੱਕ ਕਹਿ ਦਿੱਤਾ ਕਿ ਮੁੰਬਈ ਵਿੱਚ ਹੋਏ ਅੱਜ ਤੱਕ ਦੇ ਸਭ ਤੋਂ ਵੱਡੇ ਅੱਤਵਾਦੀ ਹਮਲੇ ਵੇਲੇ ਉਹ ਪਾਕਿਸਤਾਨ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ, ਪਰ ਕਾਂਗਰਸ ਸਰਕਾਰ ਨੇ ਇਹ ਕੰਮ ਕਰਨ ਨਹੀਂ ਸੀ ਦਿੱਤਾ। ਉਹ ਇਹ ਗੱਲ ਕਹੀ ਜਾਂਦਾ ਹੈ ਕਿ ਓਦੋਂ ਦਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਅਮਰੀਕਾ ਤੋਂ ਡਰਦਾ ਸੀ ਤੇ ਭਾਰਤ ਦੇ ਲੋਕਾਂ ਵਿੱਚ ਪਤਾ ਨਹੀਂ ਕਿੰਨੇ ਇਸ ਦੀ ਹਕੀਕਤ ਜਾਣਦੇ ਹਨ ਕਿ ਚਿਦੰਬਰਮ ਦੀ ਸਬਕ ਸਿਖਾਉਣ ਜੋਗੀ ਓਦੋਂ ਔਕਾਤ ਹੀ ਨਹੀਂ ਸੀ। ਗਵਾਂਢੀ ਦੇਸ਼ ਨਾਲ ਟੱਕਰ ਹੀ ਲੈਣੀ ਹੋਵੇ ਤਾਂ ਪਹਿਲਾ ਕੰਮ ਪ੍ਰਧਾਨ ਮੰਤਰੀ ਦਾ ਹੈ, ਜਿਸ ਨੇ ਫੈਸਲਾ ਲੈਣਾ ਹੁੰਦਾ ਹੈ, ਦੂਸਰਾ ਜ਼ਿੰਮਾ ਰੱਖਿਆ ਮੰਤਰੀ ਦਾ ਹੁੰਦਾ ਹੈ, ਜਿਸ ਦੀ ਕਮਾਂਡ ਹੇਠੋਂ ਫੌਜ ਦੇ ਤਿੰਨੇ ਅੰਗ ਇਸ ਜੰਗ ਵਿੱਚ ਝੋਕੇ ਜਾਂਦੇ ਹਨ ਤੇ ਤੀਸਰਾ ਜ਼ਿੰਮਾ ਵਿਦੇਸ਼ ਮੰਤਰੀ ਦਾ ਹੁੰਦਾ ਹੈ, ਜਿਸ ਨੇ ਭਾਰਤ ਦੀ ਕਾਰਵਾਈ ਨੂੰ ਦੁਨੀਆ ਸਾਹਮਣੇ ਜਾਇਜ਼ ਠਹਿਰਾਉਣਾ ਅਤੇ ਯੂ ਐੱਨ ਓ ਵਿੱਚ ਉੱਠਦੇ ਸਵਾਲਾਂ ਦਾ ਜਵਾਬ ਦੇਣਾ ਹੁੰਦਾ ਹੈ। ਉਸ ਵਕਤ ਚਿਦੰਬਰਮ ਕੋਲ ਨਾ ਪ੍ਰਧਾਨ ਮੰਤਰੀ ਦਾ ਅਹੁਦਾ ਸੀ, ਨਾ ਰੱਖਿਆ ਮੰਤਰੀ ਜਾਂ ਵਿਦੇਸ਼ ਮੰਤਰੀ ਦਾ, ਉਹ ਭਾਰਤ ਦਾ ਗ੍ਰਹਿ ਮੰਤਰੀ ਸੀ, ਜਿਸ ਕੋਲ ਇਸ ਦੇਸ਼ ਦੀ ਅੰਦਰੂਨੀ ਸੁਰੱਖਿਆ ਤੇ ਅਮਨ-ਕਾਨੂੰਨ ਦੀ ਜ਼ਿੰਮੇਵਾਰੀ ਹੁੰਦੀ ਹੈ। ਉਸ ਦੇ ਕਹਿਣ ਉੱਤੇ ਪੁਲਸ ਨੇ ਪਾਕਿਸਤਾਨ ਵਿੱਚ ਹਮਲਾ ਕਰਨ ਨਹੀਂ ਸੀ ਚਲੀ ਜਾਣਾ ਤੇ ਜਿਸ ਫੌਜ ਨੇ ਜੰਗ ਲੜਨੀ ਸੀ, ਉਸ ਦਾ ਮੰਤਰੀ ਏ ਕੇ ਅੰਟੋਨੀ ਹੁੰਦਾ ਸੀ, ਫਿਰ ਚਿਦੰਬਰਮ ਨੇ ਪਾਕਿਸਤਾਨ ਨੂੰ ਸਬਕ ਕਾਹਦੇ ਨਾਲ ਸਿਖਾਉਣਾ ਸੀ! ਜੇ ਉਹ ਏਡਾ ਕੰਮ ਕੋਈ ਕਰ ਨਹੀਂ ਸਕਦਾ ਸੀ ਤਾਂ ਫੋਕੀ ਫੜ੍ਹ ਮਾਰਨ ਲਈ ਉਸ ਨੇ ਇਹ ਗੱਲ ਕਿਉਂ ਕਹੀ ? ਇਹ ਵੀ ਵੱਡਾ ਸਵਾਲ ਹੈ।

ਅਸਲ ਵਿੱਚ ਚਿਦੰਬਰਮ ਜਦੋਂ ਭਾਰਤ ਦਾ ਖਜ਼ਾਨਾ ਮੰਤਰੀ ਹੁੰਦਾ ਸੀ, ਉਸ ਦੀ ਪਤਨੀ ਕਾਰਪੋਰੇਟ ਘਰਾਣਿਆਂ ਦੇ ਇਨਕਮ ਟੈਕਸ ਦੇ ਕੇਸਾਂ ਵਿੱਚ ਵਕੀਲ ਵਜੋਂ ਪੇਸ਼ ਹੋਇਆ ਕਰਦੀ ਸੀ। ਸਾਰੀਆਂ ਗੱਲਾਂ ਬਾਰੇ ਭਾਜਪਾ ਆਗੂ ਜਾਣਦੇ ਸਨ ਅਤੇ ਜਦੋਂ ਉਨ੍ਹਾਂ ਦੀ ਸਰਕਾਰ ਬਣ ਗਈ ਤਾਂ ਉੱਤਰ-ਪੂਰਬੀ ਰਾਜਾਂ ਵਿੱਚ ਜਿਹੜਾ ਸ਼ਾਰਦਾ ਚਿੱਟ ਫੰਡ ਘੁਟਾਲਾ ਅਚਾਨਕ ਸਾਹਮਣੇ ਆਇਆ ਸੀ, ਉਸ ਵਿੱਚ ਚਿਦੰਬਰਮ ਦੀ ਪਤਨੀ ਦਾ ਨਾਂਅ ਆਉਂਦਾ ਸੀ। ਜਿਹੜੇ ਸਿਆਸੀ ਆਗੂ ਇਸ ਘੁਟਾਲੇ ਵਿੱਚ ਫਸ ਗਏ ਸਨ, ਉਨ੍ਹਾਂ ਵਿੱਚੋਂ ਬਹੁਤੇ ਫਿਰ ਭਾਜਪਾ ਆਗੂਆਂ ਦੇ ਚਰਨੀਂ ਜਾ ਲੱਗੇ ਅਤੇ ਭਾਜਪਾ ਵਾਲਿਆਂ ਨਾਲੋਂ ਵੱਧ ਕੱਟੜ ਹਿੰਦੂਤਵ ਦੇ ਪ੍ਰਚਾਰਕ ਬਣ ਜਾਣ ਕਾਰਨ ਉਨ੍ਹਾਂ ਦੇ ਕੇਸ ਠੱਪ ਗਏ ਅਤੇ ਨਾਲ ਚਿਦੰਬਰਮ ਦੀ ਪਤਨੀ ਦਾ ਕੇਸ ਵੀ ਸਰਗਰਮ ਜਾਂਚ ਤੋਂ ਲਾਂਭੇ ਕਰ ਦਿੱਤਾ ਗਿਆ। ਜਦੋਂ ਚਿਦੰਬਰਮ ਨੇ ਕੁਝ ਹੋਰ ਕੇਸਾਂ ਵਿੱਚ ਭਾਜਪਾ ਲੀਡਰਾਂ ਤੇ ਸਰਕਾਰ ਦੇ ਖਿਲਾਫ ਕੰਮ ਜਾਰੀ ਰੱਖਿਆ ਤਾਂ ਉਸ ਦੇ ਆਪਣੇ ਕੇਸਾਂ ਦੀਆਂ ਫਾਈਲਾਂ ਵੀ ਅਗਲਿਆਂ ਨੇ ਕੱਢਵਾ ਲਈਆਂ, ਜਿਸ ਪਿੱਛੋਂ ਇੱਕ ਦਿਨ ਅਚਾਨਕ ਉਹ ਗਾਇਬ ਹੋ ਗਿਆ, ਪਰ ਮਸਾਂ ਕੁਝ ਘੰਟੇ ਹੋਏ ਸਨ ਕਿ ਜਾਂਚ ਏਜੰਸੀਆਂ ਨੇ ਗਵਾਂਢ ਦੇ ਘਰ ਦੀ ਛੱਤ ਤੋਂ ਅੰਦਰ ਜਾ ਕੇ ਉਸ ਨੂੰ ਘਰ ਵਿੱਚ ਲੁਕੇ ਹੋਏ ਨੂੰ ਫੜ ਲਿਆਂਦਾ। ਚਾਰ ਕੁ ਦਿਨ ਆਪਣੇ ਨਾਲ ਧੱਕੇਸ਼ਾਹੀ ਹੋਣ ਦੀ ਦੁਹਾਈ ਪਾਉਣ ਪਿੱਛੋਂ ਉਹ ਚੁੱਪ ਕਰ ਗਿਆ ਅਤੇ ਫਿਰ ਇਸ ਹਫਤੇ ਅਚਾਨਕ ਬੋਲ ਪਿਆ ਅਤੇ ਇਸ ਵਾਰੀ ਉਹ ਰਾਜ ਕਰਦੀ ਧਿਰ ਦੇ ਖਿਲਾਫ ਨਹੀਂ, ਆਪਣੀ ਹੀ ਪਾਰਟੀ ਦੇ ਖਿਲਾਫ ਬੋਲਣ ਲੱਗ ਪਿਆ। ਹੈ ਨਾ ਹੈਰਾਨੀ ਦੀ ਗੱਲ!

ਇਸ ਚੱਕਰ ਦੌਰਾਨ ਜਦੋਂ ਕਾਂਗਰਸ ਦੇ ਬਹੁਤਾ ਬੋਲਣ ਵਾਲੇ ਲੀਡਰਾਂ ਵਿੱਚੋਂ ਇੱਕ-ਇੱਕ ਕਰ ਕੇ ਭਾਜਪਾ ਦੇ ਪੱਖ ਵਿੱਚ ਬੋਲਣ ਦੀ ਕਹਾਣੀ ਅੱਗੇ ਵਧਦੀ ਜਾਂਦੀ ਹੈ, ਕੁਝ ਲੋਕਾਂ ਨੇ ਕਹਿਣਾ ਆਰੰਭ ਕਰ ਦਿੱਤਾ ਹੈ ਕਿ ਕੋਈ ਕਿਤੇ ਵੀ ਚਲਾ ਜਾਵੇ, ਘੱਟੋ-ਘੱਟ ਰਾਹੁਲ ਗਾਂਧੀ ਤਾਂ ਦੇਸ਼ ਦੇ ਲੋਕਾਂ ਲਈ ਲੜਦਾ ਪਿਆ ਹੈ। ਇਹ ਵੀ ਭੁਲੇਖਾ ਹੈ। ਉਹ ਦੇਸ਼ ਦੇ ਲੋਕਾਂ ਵਾਸਤੇ ਨਹੀਂ, ਇਸ ਗੱਲ ਲਈ ਲੜ ਰਿਹਾ ਹੈ ਕਿ ਕਿਸੇ ਤਰ੍ਹਾਂ ਇੱਕ ਵਾਰੀ ਵੱਡੀ ਕੁਰਸੀ ਤੱਕ ਜਾ ਪਹੁੰਚੇ ਤੇ ਉਸ ਦੀ ਮਾਂ ਦੀ ਚਿਰੋਕਣੀ ਸੱਧਰ ਪੂਰੀ ਹੋ ਜਾਵੇ। ਅੱਜਕੱਲ੍ਹ ਰਾਹੁਲ ਗਾਂਧੀ ਨੂੰ ਦੇਸ਼ ਦੇ ਲੋਕ ਬਹੁਤ ਦੁਖੀ ਨਜ਼ਰ ਆਉਂਦੇ ਹਨ, ਪਰ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਦੇ ਵਕਤ ਜਦੋਂ ਪ੍ਰਧਾਨ ਮੰਤਰੀ ਦੇ ਕੋਲ ਫਾਈਲਾਂ ਫੋਲਣ ਤੋਂ ਵੱਧ ਅਧਿਕਾਰ ਹੀ ਕੋਈ ਨਹੀਂ ਸੀ ਜਾਪਦਾ, ਸਾਰੀ ਤਾਕਤ ਰਾਹੁਲ ਗਾਂਧੀ ਤੇ ਉਸ ਦੀ ਮਾਤਾ ਸੋਨੀਆ ਗਾਂਧੀ ਦੇ ਹੱਥ ਹੁੰਦੀ ਸੀ, ਓਦੋਂ ਉਸ ਨੂੰ ਲੋਕਾਂ ਦੇ ਦੁੱਖਾਂ ਦਾ ਕਦੀ ਖਿਆਲ ਹੀ ਨਹੀਂ ਆਇਆ। ਇੱਕ ਤੋਂ ਇੱਕ ਵੱਡੇ ਚੋਰ ਉਸ ਦੀ ਪਾਰਟੀ ਵਿੱਚ ਮੋਹਰਲੀ ਕਤਾਰ ਦੇ ਆਗੂ ਬਣੇ ਹੁੰਦੇ ਸਨ ਅਤੇ ਸ਼ਰੀਫ ਅਕਸ ਵਾਲੇ ਪ੍ਰਧਾਨ ਮੰਤਰੀ ਨੂੰ ਢਾਲ ਬਣਾ ਕੇ ਹਰ ਤਰ੍ਹਾਂ ਦਾ ਭ੍ਰਿਸ਼ਟਾਚਾਰ ਖੁੱਲ੍ਹੇਆਮ ਹੋਈ ਜਾਂਦਾ ਸੀ। ਟੂ-ਜੀ ਟੈਲੀਕਾਮ ਸਕੈਂਡਲ ਕਾਂਗਰਸ ਦੀ ਹਕੂਮਤ ਦੇ ਓਸੇ ਰਾਜ ਦੌਰਾਨ ਵਾਪਰਿਆ ਸੀ, ਜਿਸ ਦਾ ਜ਼ਿੰਮਾ ਉਹ ਭਾਈਵਾਲ ਪਾਰਟੀ ਦੇ ਆਗੂਆਂ ਉੱਤੇ ਸੁੱਟ ਕੇ ਬਚ ਸਕਦਾ ਹੈ, ਪਰ ਕਾਮਨਵੈੱਲਥ ਦਾ ਘੁਟਾਲਾ ਤਾਂ ਸਾਰੇ ਦਾ ਸਾਰਾ ਰਾਹੁਲ ਗਾਂਧੀ ਦੀ ਪਾਰਟੀ ਦੀ ਇੱਕ ਮੁੱਖ ਮੰਤਰੀ ਤੇ ਇੱਕ ਕਾਂਗਰਸੀ ਕੇਂਦਰੀ ਮੰਤਰੀ ਦੀ ਖੇਡ ਹੋਣ ਦੀ ਗੱਲ ਸਾਰਾ ਭਾਰਤ ਜਾਣਦਾ ਹੈ। ਫਿਰ ਕੋਲੇ ਦੀਆਂ ਖਾਣਾਂ ਦੀ ਅਲਾਟਮੈਂਟ ਦਾ ਮਹਾਂ-ਸਕੈਂਡਲ ਵੀ ਓਸੇ ਸਰਕਾਰ ਵੇਲੇ ਵਾਪਰਿਆ ਅਤੇ ਰਾਹੁਲ ਗਾਂਧੀ ਨੇ ਰੋਕਣ ਦਾ ਕੋਈ ਯਤਨ ਨਹੀਂ ਸੀ ਕੀਤਾ। ਉਸ ਨੇ ਆਪਣੀ ਹੋਂਦ ਵਿਖਾਈ ਤਾਂ ਸਿਰਫ ਇਸ ਗੱਲ ਵਾਸਤੇ ਵਿਖਾਈ ਕਿ ਉਹ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਕੁਝ ਨਹੀਂ ਸਮਝਦਾ। ਭਰੇ ਸਟੇਡੀਅਮ ਵਿੱਚ ਬੋਲਦੇ ਹੋਏ ਉਸ ਨੇ ਕਹਿ ਦਿੱਤਾ ਕਿ 'ਲੋਕ ਪੁੱਛਦੇ ਹਨ ਕਿ ਰਾਹੁਲ ਜੀ, ਤੁਸੀਂ ਪ੍ਰਧਾਨ ਮੰਤਰੀ ਕਦੋਂ ਬਣੋਗੇ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਦਾ ਕੀ ਹੈ, ਉਹ ਤਾਂ ਮੈਂ ਅੱਜ ਰਾਤ ਤੱਕ ਬਣ ਸਕਦਾ ਹਾਂ।' ਇਹ ਕਹਿਣ ਦਾ ਅਰਥ ਸੀ ਕਿ ਆਹ ਜਿਹੜਾ ਪ੍ਰਧਾਨ ਮੰਤਰੀ ਤੁਹਾਡੇ ਸਾਹਮਣੇ ਬੈਠਾ ਹੈ, ਇਸ ਦਾ ਕੀ ਹੈ, ਇਸ ਨੂੰ ਮੈਂ ਸ਼ਾਮ ਤੋਂ ਪਹਿਲਾਂ ਉਠਾ ਕੇ ਉਸ ਦੀ ਥਾਂ ਆਪ ਕੁਰਸੀ ਉੱਤੇ ਵੀ ਬੈਠ ਸਕਦਾ ਹਾਂ। ਇਹ ਪ੍ਰਧਾਨ ਮੰਤਰੀ ਦੀ ਸਿੱਧੀ ਬੇਇੱਜ਼ਤੀ ਸੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸ਼ਰਾਫਤ ਸੀ ਕਿ ਉਹ ਬਰਦਾਸ਼ਤ ਕਰ ਗਏ, ਰਾਹੁਲ ਗਾਂਧੀ ਨੇ ਤਾਂ ਕੋਈ ਕਸਰ ਨਹੀਂ ਸੀ ਛੱਡੀ।

ਅੱਜ ਉਹ ਕਹਿ ਰਿਹਾ ਹੈ ਕਿ ਉਹ ਦੇਸ਼ ਦੇ ਲੋਕਾਂ ਲਈ ਬਹੁਤ ਫਿਕਰਮੰਦ ਹੈ, ਜਦੋਂ ਉਸ ਦੀ ਪਾਰਟੀ ਦੀ ਕਮਾਨ ਹੇਠ ਹਰ ਮਾੜੇ-ਚੰਗੇ ਬੰਦੇ ਨੂੰ ਮਨ-ਆਈਆਂ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ ਸੀ, ਉਨ੍ਹਾਂ ਸਾਰਿਆਂ ਦੀ ਪਹੁੰਚ ਧੁਰ ਉੱਤੇ ਤੱਕ ਦੱਸੀ ਜਾਂਦੀ ਸੀ ਤੇ ਇਸ ਦੇ ਗਲੀ-ਗਲੀ ਚਰਚੇ ਸਨ, ਓਦੋਂ ਰਾਹੁਲ ਨੇ ਕੁਝ ਨਹੀਂ ਸੀ ਕੀਤਾ। ਕਾਂਗਰਸ ਜਾਂ ਰਾਹੁਲ ਗਾਂਧੀ ਨੇ ਉਸ ਵੇਲੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵਾਲੀ ਧਰਮ-ਨਿਰਪੱਖਤਾ ਨੂੰ ਸੰਭਾਲ ਕੇ ਅੱਗੇ ਵਧਾਇਆ ਹੁੰਦਾ, ਅਸੂਲਾਂ ਤੇ ਮਰਿਆਦਾ ਦਾ ਖਿਆਲ ਰੱਖਿਆ ਹੁੰਦਾ, ਇੰਦਰਾ ਗਾਂਧੀ ਵਰਗੇ ਸਿਰੜ ਦਾ ਰੰਗ ਵਿਖਾਇਆ ਹੁੰਦਾ ਤਾਂ ਭਾਜਪਾ ਅੱਗੇ ਆ ਹੀ ਨਹੀਂ ਸੀ ਸਕਦੀ। ਭਾਜਪਾ ਅੱਗੇ ਆਈ ਹੈ ਤਾਂ ਕਾਂਗਰਸੀ ਲੀਡਰਾਂ ਦੀਆਂ ਗਲਤੀਆਂ ਅਤੇ ਚੁਸਤੀਆਂ ਕਾਰਨ ਆਈ ਹੈ ਅਤੇ ਜਿਨ੍ਹਾਂ ਦੇ ਕਾਰਨ ਆਈ ਹੈ, ਉਹ ਸ਼ਸ਼ੀ ਥਰੂਰ ਹੋਵੇ ਜਾਂ ਚਿਦੰਬਰਮ ਵਰਗਾ ਕੋਈ ਹੋਰ, ਅੱਜ ਉਹ ਮਾਸੂਮ ਬਣਦੇ ਨਜ਼ਰ ਆਉਂਦੇ ਹਨ। ਇਨ੍ਹਾਂ ਵਰਗੇ ਹੋਰ ਬਹੁਤ ਸਾਰੇ ਲੀਡਰ ਕਾਂਗਰਸ ਦੀ ਹਾਈ ਕਮਾਨ ਵਿੱਚ ਅੱਜ ਤੱਕ ਬੈਠੇ ਹੋਏ ਤੇ ਉੱਪਰ ਤੋਂ ਹੇਠਾਂ ਤੱਕ ਫੈਲੇ ਹੋਏ ਹਨ, ਪਰ ਪਾਰਟੀ ਦੀ ਹਿੰਮਤ ਨਹੀਂ ਕਿ ਕਿਸੇ ਇੱਕ ਦੇ ਪਰ ਵੀ ਕੁਤਰ ਸਕੇ। ਚੁਸਤੀਆਂ ਕਰਨ ਵਾਲੇ ਲੀਡਰ ਵੀ ਕਾਂਗਰਸ ਲੀਡਰਸ਼ਿਪ ਦੀ ਇਹ ਕਮਜ਼ੋਰੀ ਜਾਣਦੇ ਹਨ।

ਇਹੋ ਕਾਰਨ ਹੈ ਕਿ ਅੱਜ ਰਾਜ ਕਰਦੀ ਧਿਰ ਹੋਵੇ ਜਾਂ ਉਸ ਨੂੰ ਲਾਹ ਕੇ ਦੇਸ਼ ਦੀ ਸੇਵਾ ਦੀ ਗੱਲ ਕਹਿੰਦੇ ਰਾਹੁਲ ਗਾਂਧੀ ਅਤੇ ਕਾਂਗਰਸ ਦੇ ਹੋਰ ਛੋਟੇ-ਵੱਡੇ ਆਗੂ ਹੋਣ, ਇਨ੍ਹਾਂ ਵਿੱਚੋਂ ਕਿਸੇ ਵਿੱਚੋਂ ਵੀ ਦੇਸ਼ ਦੇ ਲੋਕਾਂ ਦੇ ਅਸਲੀ ਦਰਦ ਦੀ ਝਲਕ ਨਹੀਂ ਮਿਲਦੀ। ਇਹ ਸਿਰਫ ਚੋਗਾ ਖਿਲਾਰਨ ਵਾਲੇ ਹਨ, ਤਾਂ ਕਿ ਅਗਲੀਆਂ ਚੋਣਾਂ ਲਈ ਵੋਟਰਾਂ ਨੂੰ ਆਪਣੇ ਚੁਬਾਰੇ ਉੱਤੇ ਆਉਣ ਲਈ ਪ੍ਰੇਰਿਆ ਜਾ ਸਕੇ। ਉਹ ਇਹ ਗੱਲ ਨਹੀਂ ਜਾਣਦੇ ਕਿ ਰਾਜ ਕਰਦੀ ਧਿਰ ਉਨ੍ਹਾਂ ਤੋਂ ਤੇਜ਼ ਹੈ। ਕਰੀਬ ਪੌਣੀ ਸਦੀ ਰਾਜ ਕਰ ਚੁੱਕੀ ਕਾਂਗਰਸ ਪਾਰਟੀ ਨੂੰ ਜਿਨ੍ਹਾਂ ਦੇਸ਼ ਦੇ ਚੌਥਾ ਹਿੱਸਾ ਰਾਜਾਂ ਵਿੱਚ ਰਾਜ ਕਰਨ ਜੋਗੀ ਵੀ ਨਹੀਂ ਛੱਡਿਆ, ਉਹ ਏਨੇ ਕਮਜ਼ੋਰ ਨਹੀਂ ਕਿ ਰਾਹੁਲ ਗਾਂਧੀ ਦੇ ਚਾਰ ਨਾਅਰਿਆਂ ਨਾਲ ਉਨ੍ਹਾਂ ਦੀ ਸੱਤਾ ਕੰਬਣ ਲੱਗ ਜਾਵੇ। ਦੇਸ਼ ਦੇ ਲੋਕਾਂ ਨੂੰ ਜਦੋਂ ਰਾਜ ਕਰਦੀ ਧਿਰ ਵੀ ਆਸ ਬੰਨ੍ਹਾਉਣ ਵਾਲੀ ਨਹੀਂ ਦਿੱਸਦੀ ਤੇ ਉਸ ਦੀ ਥਾਂ ਲੈਣ ਲਈ ਯਤਨ ਕਰਦੀ ਕਾਂਗਰਸ ਵੀ ਕੋਈ ਆਸ ਦੀ ਝਲਕ ਨਹੀਂ ਵਿਖਾਉਣ ਜੋਗੀ ਤਾਂ ਉਹ ਵਿਚਾਰੇ ਮਾਸੀ ਕਿਸ ਦੀ ਮਾਂ ਨੂੰ ਆਖਣਗੇ!

# ਮੁਕੇਰੀਆਂ, ਜਿੱਥੇ ਕਦੇ ਕਹਾਰਾਂ ਦਾ ਵਾਰਾ-ਪੈਰ੍ਹਾ ਰਿਹੈ

ਪਿੰਡ ਵਸਿਆ-47

**ਵਿਜੇ ਬੰਬੇਲੀ**

ਕਹਾਰ, ਜਿਹਨਾਂ ਨੂੰ ਚੜ੍ਹਦੇ ਪੰਜਾਬ ਵਿੱਚ ਝੀਵਰ ਜਾਂ ਝੀਰ ਕਿਹਾ ਜਾਂਦਾ ਹੈ, ਜਿਹੜੇ ਕਦੇ ਨਿਰੋਲ ਲਾਗੀ ਦਾ ਕਿਸਬ ਹੰਢਾਉਂਦੇ ਰਹੇ ਹਨ, ਜਿਹਨਾਂ ਨੂੰ ਕਈ ਅਖੌਤੀ ਉੱਚ ਜਾਤੀਏ ਜਾਂ ਦੌਲਤ-ਜ਼ਮੀਨ ਦੇ ਡੰਗੇ ਹੋਏ ਮਾੜੇ-ਧੀੜੇ ਜਾਂ ਮੰਗ ਖਾਣੀ ਜਾਤ ਕਹਿ ਦਿੰਦੇ ਸੀ, ਪੰਜਾਬ ਦੀ ਇੱਕ ਮਾਣ-ਮੱਤੀ ਕਾਮਾ ਧਿਰ ਹੈ। ਬੀਤੇ ਸਮਿਆਂ ਵਿੱਚ ਸਾਰੇ ਗਏ-ਗੁਜ਼ਰੇ ਜਾਂ ਗੁਰਬਤ ਮਾਰੇ ਸਨ, ਅਜਿਹਾ ਵੀ ਨਹੀਂ ਸੀ ਜਾਂ ਕਦੇ ਵੀ ਅਜਿਹਾ ਨਹੀਂ ਹੁੰਦਾ। ਇਸ ਧਿਰ ਦਾ ਪਰਗਣਾ ਮੁਕੇਰੀਆਂ ਖਿੱਤਾ ਹੁਸ਼ਿਆਰਪੁਰ ਵਿੱਚ ਕਦੇ ਵਾਰਾ-ਪੈਰ੍ਹਾ ਰਿਹਾ ਹੈ। ਮੁਕੇਰੀਆਂ 'ਚ ਅਤੇ ਮੁਕੇਰੀਆਂ ਸਦਰ ਵਿੱਚ ਹੀ ਨਹੀਂ ਪੰਜਾਬ ਵਿੱਚ ਕਈ ਥਾਵੀਂ ਇਹਨਾਂ ਦੀ ਤੂਤੀ ਬੋਲਦੀ ਸੀ/ਹੈ।

ਮੁਕੇਰੀਆਂ 'ਚ ਕਸ਼ਯੱਪ ਕਸ਼ੱਤਰੀ ਕਹਾਉਂਦੇ, ਜਿਹੜੇ ਨਾਮਵਰ ਪਰਵਾਰ ਰਹਿੰਦੇ ਸਨ, ਉਹਨਾਂ ਵਿੱਚੋਂ ਇੱਕ ਮੰਡਲਾਈ ਗੋਤਰ ਝੀਵਰ (ਝੀਰ) ਕੁਨਬੇ ਦਾ ਸ਼ਾਹੀ ਪਰਵਾਰ ਵੀ ਸੀ। ਸ੍ਰੀ ਬੁੱਧਾ ਦਿੱਤਾ ਅਤੇ ਉਸਦੇ ਪੁੱਤ ਰਾਲਦੂ ਰਾਮ ਦੇ ਕਰੀਬ ਦੋ-ਢਾਈ ਸਦੀਆਂ ਪਹਿਲਾਂ ਉਥੋਂ ਦੇ ਇੱਕ ਸਿੱਖ ਘਰਾਣੇ ਪਹਿਲਾਂ ਜੈ ਸਿੰਘ ਘਨੱਈਆ (ਕਨੇਈਆ) ਮਗਰੋਂ ਉਸ ਦੇ ਫਰਜੰਦ ਗੁਰਬਖਸ਼ ਸਿੰਘ ਘਨੱਈਆ ਨਾਲ ਗੂੜ੍ਹੇ ਹਮ-ਮਸ਼ਵਰਾਨ ਸੰਬੰਧ ਸਨ। ਕਦੇ ਉਹਨਾਂ ਦੇ ਵਾਲਦ ਸਿਸਲ-ਪਰਵਾਰਾਂ ਦੇ ਰਸੋਈਏ ਸਨ, ਜਿਹੜੇ ਮਗਰੋਂ ਇਹਨਾਂ ਸਮੇਂ ਗੂੜ੍ਹੇ-ਘਰੇਲੂ ਬਣ ਗਏ। ਬੁੱਧਾ ਦੀ ਮੌਤ 1827 ਵਿੱਚ ਹੋਈ ਤੇ ਰਾਲਦੂ ਦੀ 1848 ਵਿੱਚ। ਘਨੱਈਆ ਮਿਸਲ ਦਾ ਮੁਕੇਰੀਆਂ ਪਰਗਨੇ ਵਿੱਚ ਲੰਮਾ ਸਮਾਂ ਦਬਦਬਾ ਰਿਹਾ, ਉਦੋਂ ਤੱਕ ਜਦੋਂ ਤੱਕ ਮਹਾਰਾਜਾ ਰਣਜੀਤ ਸਿੰਘ ਨੇ ਗੁਰਬਖਸ਼ ਸਿੰਘ ਦੀ ਬੇਵਾ ਸਦਾ ਕੌਰ, ਜਿਹੜੀ ਮਹਾਰਾਜਾ ਦੀ ਪਹਿਲ-ਪਲੱਕੜੀ ਪਤਨੀ ਮਹਿਤਾਬ ਕੌਰ ਦੀ ਮਾਂ ਸੀ, ਦਾ ਰਾਜ ਨਾ ਹੜੱਪ ਲਿਆ।

ਇਸ ਝੀਰ ਪਰਵਾਰ ਨੂੰ ਘਨੱਈਆ, ਖਾਸ ਕਰਕੇ ਸਦਾ ਕੌਰ ਨਾਲ ਵਿਸ਼ਵਾਸਪਾਤਰੀ ਅਪਣੱਤ ਕਾਰਨ ਨਾ ਸਿਰਫ ਮੁਕੇਰੀਆਂ ਖਿੱਤੇ ਵਿੱਚ ਭੋਇੰ ਦੇ ਵੱਡੇ ਟੁਕੜੇ, ਸਗੋਂ ਅੰਮ੍ਰਿਤਸਰ ਵਿੱਚ ਵੀ ਇੱਕ ਆਲੀਸ਼ਾਨ ਹਵੇਲੀ ਮਿਲੀ ਸੀ। ਇਹੀ ਨਹੀਂ ਕਿ ਗੁਰਬਖਸ਼ ਸਿੰਘ ਦੀ ਮੌਤ ਉਪਰੰਤ ਇਸ ਟੱਬਰ ਨੂੰ ਮੁਕੇਰੀਆਂ ਦਾ ਮੁੱਖ ਕਾਰਦਾਰ ਨਿਯੁਕਤ ਕੀਤਾ ਗਿਆ ਸੀ, ਬਲਕਿ ਜਦੋਂ ਮਹਿਤਾਬ ਕੌਰ ਦੀ ਕੁੱਖੋਂ ਰਾਜਕੁਮਾਰ ਸ਼ੇਰ ਸਿੰਘ ਦਾ ਜਨਮ ਹੋਇਆਂ ਤਾਂ ਉਸ ਦੀ ਬਹੁਪਰਤੀ ਪ੍ਰਵਰਿਸ਼ ਲਈ ਇਸੇ ਕੁਨਬੇ ਦੀਆਂ ਸੇਵਾਵਾਂ ਲਈਆਂ ਗਈਆਂ ਸਨ। ਰਾਲਦੂ ਦੇ ਪੰਜ ਪੁੱਤਰ ਸਨ: ਬੁੜ ਸਿੰਘ-ਬੁੱਧ ਸਿੰਘ-ਸੁੱਧ ਸਿੰਘ-ਨਧਾਨ ਸਿੰਘ ਤੇ ਮੀਹਾ ਸਿੰਘ। ਬੁੱਧ ਸਿੰਘ ਦਾ ਸਿੱਖ ਰਾਜ ਦੀ ਬੁਰਛਾਗਰਦੀ ਵਕਤ 1843 'ਚ ਕਤਲ ਹੋ ਗਿਆ। ਮਗਰੋਂ ਬੁੱਧ ਸਿੰਘ, ਜਿਹੜਾ ਰਾਜਾ ਸ਼ੇਰ ਸਿੰਘ ਦਾ ਬਹੁਤ ਵਿਸ਼ਵਾਸਪਾਤਰੀ ਸੀ, ਨੂੰ ਗੋਰਿਆਂ ਤੋਂ ਸਰਦਾਰ ਬਹਾਦੁਰ ਦਾ ਖਿਤਾਬ ਮਿਲਿਆ ਅਤੇ ਦੂਸਰੇ ਭਰਾਵਾਂ ਨੂੰ ਪੇਸ਼ਾਵਰ ਵੱਲ ਜਗੀਰ ਤੇ ਆਲੀਸ਼ਾਨ ਘਰ। ਇੱਕ ਮੌਖਿਕ ਕਨਸੋਅ ਮੁਤਾਬਕ ਮਾਝੇ ਦੀ ਧੀ ਦੇਸ਼ ਭਗਤ ਵੀਰਾਂਗਣਾ ਕਾਮਰੇਡ ਰਘਬੀਰ ਕੌਰ, ਜਿਹੜੇ ਚਾਲੀਵਿਆਂ ਵਿੱਚ ਦੇਸ਼ ਭਗਤਕ ਫਰੰਟ ਦੀ ਟਿਕਟ 'ਤੇ ਐੱਮ ਐੱਲ ਏ ਚੁਣੇ ਗਏ ਸਨ, ਵੀ ਦੁਆਬੇ ਦੇ ਇਸੇ ਪਰਵਾਰ ਦੀ ਅਗਲੀ-ਅਗਲੇਰੀ ਪੀੜ੍ਹੀ ਦੇ ਲਾਹੌਰ-ਪਿਸ਼ਾਵਰ ਵੱਲ ਵੱਸਦੇ ਇੱਕ ਟੱਬਰ 'ਚ ਵਿਆਹੇ-ਵਰ੍ਹੇ ਗਏ ਸਨ।

ਇੱਕ ਪਿੰਡ ਵਜੋਂ ਮੁਕੇਰੀਆਂ ਕਦ ਵਸਿਆ, ਕਿੰਨ ਵਸਾਇਆ ਇਸ ਬਾਰੇ ਅੱਡ-ਅੱਡ ਮੌਖਿਕ ਅਤੇ ਸੀਮਿਤ ਲਿਖ਼ਤ ਰਾਵਾਂ ਹਨ, ਪਰ ਮੈਨੂੰ ਚਿੰਤਕ ਬੂਟੇ ਸ਼ਾਹ, ਕਰਤਾ 'ਪੰਜਾਬ ਦੀ ਜੋਗਰਾਫਯਾਈ ਤਵਾਰੀਖ' (ਲਿਖਤ 1848 ਦੇ ਆਸ-ਪਾਸ) ਨੇ ਜ਼ਿਆਦਾ ਟੁੰਬਿਆ। ਲਓ! ਸੁਣੋ, ਇੰਨ-ਬਿੰਨ ਉਸ ਦੇ ਹਰਫਾਂ ਵਿੱਚ, 'ਮੁਕੇਰੀਆਂ ਇਕ ਕੱਚਾ ਸ਼ਹਿਰ ਹੈ, ਪਰ ਕਿਧਰੇ ਕਿਧਰੇ ਪੱਕਾ ਭੀ ਹੈ; ਅਰ ਉਤੇ ਦੀ ਬਾਰਸੀ ਸੇਖਾਂ ਦੀ, ਅਰਥਾਤ ਅਵਾਣਾਂ ਦੀ ਹੈ, ਜੋ ਕੌਮ ਦੀ ਮੂਹੀ ਅਮਾਮ ਮੁਹੰਮਦ ਹਨਫੀਏ ਨਾਲ, ਜੋ ਮੁਰਤਜਾ ਅਲੀ ਦੇ ਪੁੱਤਾਂ ਵਿਚੋਂ ਇਕ ਸੀ, ਜਾ ਮਿਲਦੀ ਹੈ। ਅਤੇ ਇਸ ਕੌਮ ਦਾ ਨਾਉਂ ਆਵਾਨ ਇਸ ਤਰਾਂ ਪੈ ਗਿਆ ਕਿ ਜਾਂ ਸੁਲਤਾਨ ਮਮੂਦ ਗਜਨਬੀ ਨੇ ਕਾਫਰਾਂ ਨਾਲ ਲੜਨੇ ਲਈ, ਹਿੰਦੁਸਥਾਨ ਪੁਰ ਝੜਾਈ ਕੀਤੀ, ਤਾਂ ਉਹ ਇਸ ਕੌਮ ਦੇ ਬੁਜਰੁਕਾਂ ਨੂੰ ਜਾਹਰੀ ਬਾਤਨੀ ਕੁੰਮਕ ਲਈ ਆਪਣੇ ਸੰਗ ਲਿਆਇਆ ਅਤੇ ਉਨ੍ਹਾਂ ਦੇ ਰਹਿਣ ਲਈ ਇਕ ਵੱਡਾ ਸਾਰਾ ਤੰਬੂ, ਜਿਹ ਦਾ ਨਾਉਂ ਐਵਾਨ ਸਾ, ਉਨ੍ਹਾਂ ਨੂੰ ਦਿੱਤਾ। ਜਾਂ ਓਹ ਲੋਕ ਕਈ ਬਰਸਾਂ ਸੁਲਤਾਨ ਦੇ ਨਾਲ ਸਫਰ ਕਰਦੇ ਫਿਰੇ ਅਤੇ ਉਸੀ ਤੰਬੂ ਵਿਚ ਰਹਿੰਦੇ ਰਹੇ, ਤਾਂ ਹੋਰ ਲੋਕ, ਪਤੇ ਅਰ ਪਛਾਣ ਦੀ ਖਾਤਰ, ਉਨ੍ਹਾਂ ਨੂੰ ਉਸੀ ਤੰਬੂ ਦੇ ਨਾਉਂ ਪੁਰ ਬੁਲਾਉਣ ਲੱਗ ਪਏ; ਤਦ ਤੇ ਲੈਕੇ ਇਹ ਨਉਂ, ਅਰਥਾਤ ਆਵਾਨ, ਇਸ ਕੌਮ ਉੂਪੁਰ ਹੁਣ ਤੀਕੁਰ ਲਗਦਾ ਚਲਾ ਆਇਆ; ਪਰ ਹੁਣ ਪੰਜਾਬੀ ਲੋਕ ਇਸ ਕੌਮ ਨੂੰ ਆਵਾਣ ਕਰਕੇ ਆਖਦੇ ਹਨ। ਅਤੇ ਇਸ ਕੌਮ ਦੇ ਖੇੜੇ ਅਰ ਪਿੰਡ ਪੰਜਾਬ ਦੇ ਮੁਲਖ ਵਿਚ, ਜਿਹਲਮ ਦਰਿਆਉ ਦੇ ਉਰਾਰ ਪਾਰ ਸੈਂਕੜੇ, ਬਲਕ ਹਜਾਰਾਂ ਹਨ। ਸੋ ਬਿਸਤ ਜਲੰਧਰ ਦੇ ਦੁਆਬੇ ਵਿਚ ਬੀ, ਬਿਆਹ ਨਦੀ ਦੇ ਕੰਢੇ ਮੁਕੇਰੀਆਂ ਦੇ ਨੇੜੇ-ਤੇੜੇ ਇਸ ਕੌਮ ਦੇ ਬਹੁਤ ਖੇੜੇ ਹਨ ਅਤੇ ਤਿੰਨਾਂ ਦਾ ਬਿਆਨ ਇਥੇ ਕੀਤਾ ਜਾਵੇਗਾ। ਕਸਬੇ ਜਲੰਧਰ ਅਰ ਲੁਦੇਹਾਣੇ ਦੇ ਲਾਂਭ ਛਾਂਭ ਬੀ ਇਸ ਕੌਮ ਦੇ ਬਹੁਤ ਖੇੜੇ ਹਨ।

ਕਿੱਸਾ ਕੋਤਾ, ਇਹ ਮੁਕੇਰੀਆਂ ਪਹਿਲਾਂ ਵਿਚ ਇਕ ਛੋਟਾ ਜਿਹਾ ਪਿੰਡ ਸਾ ਅਤੇ ਪਹਾੜ ਦੀ ਨੇੜ ਕਰਕੇ ਇਸ ਜਿਲੇ ਦੀ ਧਰਤੀ ਪਥਰੈਲੀ ਹੈ; ਅਤੇ ਲੋਕ ਧਾੜਵੀ ਅਤੇ ਕਠਣਮਨ ਹਨ। ਅਤੇ ਬਿਆਹ ਨਦੀ ਉਥੋਂ ਉੱਤਰ ਦੇ ਰੁਕ ਤਿੰਨਾਂ ਯਾ ਚਉਹੁੰ ਕੋਹਾਂ ਦੇ ਸੱਨ ਉਪੁਰ ਚਲਦੀ ਹੈ ਅਤੇ ਸਤਲੁਜ ਪੰਜਾਹਾਂ ਕੋਹਾਂ ਪੁਰ। ਅਦੀਨਾ ਬੇਗ ਖਾਂ ਦੇ ਵੇਲੇ ਇਥੇ ਦੇ ਜ਼ਿਮੀਦਾਰਾਂ ਤੇ ਜੋ ਅਛੇ ਅਛੇ ਸਰਕਾਰੀ ਕੰਮ ਬਨਿ ਆਏ, ਉਸ ਦੇ ਬਦਲੇ ਓਹ ਲੋਕ ਵਡੇ ਮਰਾਤਬੇ ਨੂੰ ਪੁਹੰਚ ਗਏ ਅਤੇ ਝੰਡੇ, ਨੌਬਤ, ਅਰ ਫੌਜਵਾਲੇ ਹੋ ਗਏ, ਇਸ ਕਰਕੇ ਹਰ ਤਰ੍ਹਾਂ ਦੇ ਲੋਕ ਉਥੇ ਕਠੇ ਆਣ ਹੋਏ; ਅਰ ਸਹਿਰ ਬਸ ਪਿਆ। ਅਤੇ ਸਿੱਖਾਂ ਦੀ ਪਹਿਲ ਵਿਚ ਜਾਂ ਰਾਜਗਰਦੀ ਪਈ ਤਾਂ ਉਸ ਜਿਲ੍ਹੇ ਦੀ ਹਾਕਮੀ ਬੀ ਉਨ੍ਹਾਂ ਲੋਕਾਂ ਦੇ ਹੱਥ ਲੱਗ ਗਈ ਅਤੇ ਓਹ ਲੋਕ (ਆਵਾਣਾਂ ਸਮੇਤ), ਉਨ੍ਹਾਂ ਸਿੱਖਾਂ ਨਾਲ, ਜੋ ਘਨੱਯੇ ਕਹਾਓਂਦੇ ਸਨ, ਕਈ ਬਾਰ ਲੜੇ; ਓੜਕ, ਜਮਾਨੇ ਦੀ ਗਰਦਸ਼ ਦੇ ਸਬਬ ਲਚਾਰ ਹੋ ਕੇ, ਕਈ ਉਨਾਂ ਥੀਂ ਕੈਦ ਵਿਚ ਮਰ ਗਏ ਅਤੇ ਕਈ ਮਾਰੇ ਗਏ, ਅਰ ਇਹ ਮੁਲਖ ਤਿਨਾਂ ਦੇ ਹੱਥੋਂ ਜਾਂਦਾ ਲੱਗਾ। ਤਦ ਸਰਦਾਰ ਜੈ ਸਿੰਘ ਨੇ ਮੁਕੇਰੀਆਂ ਲੈ ਲਈਆਂ ਅਤੇ ਸਹਿਰੋਂ ਬਾਹਰ ਪੱਛਮ ਦੇ ਰੁਕ ਅੱਧ ਕੋਹ ਪੁਰ ਇਕ ਛੋਟੀ ਜਿਹੀ ਗੜ੍ਹੀ, ਜੋ ਅਵਾਣਾਂ ਦੀ ਬਣਾਈ ਹੋਈ ਸੀ, ਜੈ ਸਿੰਘ ਨੇ ਉਹ ਨੂੰ ਫੇਰ ਤੇ ਬਹੁਤ ਪੱਕੀ ਅਰ ਮਜਬੂਤ ਕਰਕੇ ਬਣਾਇਆ ਅਤੇ ਉਹ ਦੀ ਸਫੀਲ ਛੇ ਗਜ ਤੇ ਬੀ ਚੌੜੀ ਬਣਾ ਕੇ ਉਹ ਦਾ ਅਟੱਲਗੜ੍ਹ ਨਾਉਂ ਧਰਿਆ। ਅਤੇ ਉਹ ਦੀ ਨੋਹੂੰ ਸਦਾ ਕੌਰ ਨੇ ਉਸ ਕਿਲ੍ਹੇ ਵਿਚ ਬਹੁਤ ਸੁੰਦਰ ਅੰਬਾਰਤਾਂ ਬਣਾਈਆਂ ਅਤੇ ਉਸ ਕਿਲ੍ਹੇ ਉਤੇ ਬਹੁਤ ਪੈਸਾ ਲਾਇਆ। ਹੁਣ ਉਹ ਬੀ ਬੈਰਾਨ ਹੁੰਦਾ ਜਾਂਦਾ ਹੈ। ਅਤੇ ਸਨ 1236 ਬਾਰਾਂ ਸੈ ਛੱਤੀ ਹਿਜਰੀ (1819 ਈ:) ਵਿਚ ਜਾਂ ਮਹਾਰਾਜੇ ਰਣਜੀਤ ਸਿੰਘੁ ਨੇ ਰਾਣੀ ਸਦਾ ਕੌਰ ਤੇ ਮੁਲਖ ਖੁਹ ਲਿਆ ਅਤੇ ਉਹ ਨੂੰ ਕੈਦ ਵਿਚ ਪਾ ਦਿੱਤਾ, ਤਾਂ ਰਾਣੀ ਦਾ ਸਾਰਾ ਤਲਕਾ ਮੁਕੇਰੀਆਂ ਸਣੇ, ਉਹ ਦੇ ਦੋਹਤੇ ਸੇਰ ਸਿੰਘ ਨੂੰ ਬਖਸ ਦਿੱਤਾ।

*ਸੰਪਰਕ 94634-39075*

# ਮੈਂ ਦਰਦ ਕਹਾਣੀ ਰਾਤਾਂ ਦੀ, ਮੈਨੂੰ ਕੋਈ ਸਵੇਰਾ ਕੀ ਜਾਣੇ

ਸ਼ੀਸ਼ੇ ਦੇ ਵੱਲ ਦੇਖ ਨਾ ਰੋਵੇਂ-35

**ਸੁਰਜੀਤ ਸੁਮਨ**

ਇੱਕ ਵੀਡੀਓ ਕਲਿੱਪ ਵੇਖ ਰਿਹਾਂ। ਦਰਬਾਰ-ਏ-ਮੁਗਲ ਸ਼ਹਿਨਸ਼ਾਹ ਅਕਬਰ, ਸ਼ਾਸਤਰੀ ਸੰਗੀਤ ਦੇ ਕਈ ਰਾਗਾਂ ਦੇ ਰਚੇਤਾ ਮਹਾਨ ਸੰਗੀਤਕਾਰ ਮੀਆਂ ਤਾਨਸੈਨ ਨੂੰ ਜ਼ਿੱਦ ਕਰਦਿਆਂ ਦੀਪਕ ਰਾਗ ਸੁਣਾਉਣ ਲਈ ਹੁਕਮ ਦਿੰਦੇ ਹਨ। ਬਾਦਸ਼ਾਹਾਂ ਦੇ ਵੀ ਵਹਿਣ ਹੁੰਦੈ ਨੇ। ਜਿਹੜੇ ਲੋਕ ਇਨ੍ਹਾਂ ਦੇ ਵਹਿਣ ਵਿੱਚ ਵਹਿ ਗਏ, ਵਹਿ ਗਏ। ਬਚ ਗਏ, ਬਚ ਗਏ। ਹਾਕਮਾਂ ਦੇ ਮੂੰਹੋਂ ਨਿਕਲ਼ਿਆ ਸ਼ਬਦ-ਸ਼ਬਦ, ਪਰਜਾ ਲਈ ਹੁਕਮ ਹੁੰਦੈ। ਮੰਨਣਾ ਪੈਂਦੈ। ਅੱਜ ਵੀ ਇਨ੍ਹਾਂ ਦੀ ਅਦੂਲੀ ਲੋਕਤੰਤਰਿਕ ਬਾਦਸ਼ਾਹਤ ਦੀ ਤੇ ਹਾਕਮਾਨਾ ਹੈਂਕੜ ਦੀ ਤੌਹੀਨ ਸਮਝੀ ਜਾਂਦੀ ਹੈ। ਕਹਿੰਦੇ ਨੇ ਜਦੋਂ ਤਾਨਸੈਨ, ਮੇਘ ਮਲਹਾਰ ਗਾਉਂਦੇ ਤਾਂ ਬੱਦਲ ਘਿਰ ਆਉਂਦੇ ਸਨ। ਘਨਘੋਰ ਘਟਾਵਾਂ ਛਾ ਜਾਂਦੀਆਂ। ਸਰੋਤਿਆਂ ਨੂੰ ਛਮ ਛਮ ਵਰਖਾ ਹੁੰਦੀ ਮਹਿਸੂਸ ਹੋਣ ਲਗਦੀ। ਰਾਗ ਦੀਪਕ ਗਾਉਂਦੇ ਤਾਂ ਬੁਝੇ ਹੋਏ ਦੀਵੇ ਬਲ਼ ਪੈਂਦੇ। ਚੁਫੇਰਾ ਚਾਨਣ ਨਾਲ਼ ਭਰਿਆ ਜਾਪਣ ਲਗਦਾ। ਮੌਸਮ ਵਿੱਚ ਗਰਮਾਹਟ ਆ ਜਾਂਦੀ। ਚੁਫੇਰਾ ਅਗਨਮਈ ਹੋ ਜਾਂਦਾ। ਉਦੋਂ, ਇਨ੍ਹਾਂ ਰਾਗਾਂ ਦੀਆਂ ਰਮਜ਼ਾਂ, ਡੂੰਘੇ ਅਰਥਾਂ ਨੂੰ ਸਮਝਣਾ ਹਾਰੀ-ਸਾਰੀ ਦੇ ਵਸ ਦੀ ਗੱਲ ਤਾਂ ਨਹੀਂ ਹੋ ਸਕਦੀ ਸੀ। ਵਾਹ ! ਇਹ ਸੈਨਤਾਂ, ਇਹ ਰਮਜ਼ਾਂ ਪਰਖਣ ਵਾਲ਼ੇ ਜਾਣਨ, ਸਮਝਣ। ਤਤਕਾਲੀ ਸਮਿਆਂ ਵਿੱਚ ਸਰਹਿੰਦ ਨਹਿਰ ਦੇ ਕੰਢੇ ਵਸਦੇ ਰਾਮਪੁਰ ਦੇ ਜੰਮਪਲ ਸੁਰਜੀਤ ਰਾਮਪੁਰੀ, ਰਾਤਾਂ ਦੀ ਦਰਦ ਕਹਾਣੀ ਲਿਖਦਿਆਂ ਜਦੋਂ ਆਪਣੇ ਗੀਤ ਦਾ ਅੰਤਰਾ, 'ਮੈਂ ਦੀਪਕ ਰਾਗ ਦੀ ਲੈਅ ਕੋਈ, ਕੀ ਸਮਝੇ ਰਾਗ ਮਲ੍ਹਾਰਾਂ ਦਾ' ਛੋਹਦੇਂ ਹਨ, ਤਾਂ ਪਾਠਕ ਨੂੰ, ਸਰੋਤੇ ਨੂੰ ਇਸ ਦੇ ਅਰਥਾਂ ਦੀ ਗਹਿਰਾਈ ਵਿੱਚ ਉਤਰਨ ਲਈ ਮੀਆਂ ਤਾਨਸੈਨ ਦੇ ਗੁਰੂ ਸੁਆਮੀ ਹਰੀ ਦਾਸ ਕੋਲ਼ ਜਾਣਾ ਪੈਂਦਾ ਹੈ, ਜੋ ਕਿਸੇ ਬਾਦਸ਼ਾਹ ਦੇ ਆਨੰਦ ਲਈ ਨਹੀਂ, ਬਲਕਿ ਕੁਦਰਤ ਨਾਲ਼ ਇਕਮਿਕਤਾ ਹਿੱਤ ਗਾਉਂਦੇ ਸਨ। ਮੰਤਰ-ਮੁਗਧ ਹੋ ਕੇ। ਕੁਦਰਤ ਨਾਲ਼ ਅਭੇਦ ਹੋ ਕੇ, ਇਕਾਗਰ ਚਿੱਤ ਹੋ ਕੇ। ਨਿਰਾ ਅਨੰਦ ਹੀ ਅਨੰਦ। ਫਿਰ ਉਸ ਦੇ ਗਾਇਨ ਨੂੰ ਨਾ ਕਿਸੇ ਦੀਪਕ ਰਾਗ ਦੀ ਤਪਸ਼ ਛੂਹ ਸਕਦੀ ਸੀ ਤੇ ਨਾ ਮੇਘ ਮਲਹਾਰ ਨਾਲ਼ ਆਏ ਹੜ੍ਹਾਂ ਦੀ ਕੋਈ ਛੱਲ। ਉਹ ਇਸ ਅਵਸਥਾ ਤੋਂ ਉਪਰ ਉੱਠ ਜਾਂਦੇ ਸਨ। ਪਰ ਮੀਆਂ ਤਾਨਸੈਨ ਠਹਿਰਿਆ ਇੱਕ ਰਾਜ ਗਾਇਕ। ਉਸ ਨੂੰ ਆਪਣੀਆਂ ਮਰਿਆਦਾਵਾਂ ਤੇ ਸੀਮਾਵਾਂ ਦਾ ਪੂਰਨ ਗਿਆਨ ਸੀ। ਉਸ ਦੇ ਇਸ ਗਿਆਨ ਨੂੰ ਬੀਰਬਲ ਵੀ ਜਾਣਦੇ ਸਨ, ਪਛਾਣਦੇ ਸਨ। ਇਹੋ ਵਜ੍ਹਾ ਸੀ, ਦੀਪਕ ਰਾਗ ਛੋਹਣ 'ਤੇ ਓਹਦੀ ਨਿਰੰਤਰਤਾ ਨੂੰ ਕਾਇਮ ਰੱਖਦਿਆਂ ਮੀਆਂ ਤਾਨਸੈਨ ਨੂੰ ਆਪਣਾ ਸਮੁੱਚਾ ਜਿਸਮ ਤਪਦਾ ਮਹਿਸੂਸ ਹੋਣ ਲੱਗਦਾ ਹੈ। ਇਸੇ ਲਈ ਉਨ੍ਹਾਂ ਦੀ ਧੀ ਐਨ ਓਸੇ ਵੇਲ਼ੇ ਮੇਘ ਮਲਹਾਰ ਛੇੜ ਲੈਂਦੀ ਹੈ। ਉਂਝ ਪੁਰਾਣੇ ਬਾਦਸ਼ਾਹ ਜਾਂ ਅੱਜ ਦੇ ਹਾਕਮ ਇੰਝ ਦੀਆਂ ਖੇਡਾਂ ਖੇਡਦੇ ਰਹਿੰਦੇ ਹਨ ਆਪਣੀ ਕੈਬਨਿਟ ਵਿੱਚਲੇ ਰਤਨਾਂ ਨਾਲ਼। ਰਾਗ ਮਲਹਾਰ ਦੀਆਂ ਇਨ੍ਹਾਂ ਬੇਰਹਿਮ ਛੱਲਾਂ ਨੂੰ ਚਿਤਵਦਿਆਂ ਮੇਰੇ ਮਨ ਮੰਦਰ 'ਚ ਬਾਈ ਦਲੇਰ ਸਿੰਘ ਦੇ ਸਖਤ ਬੋਲਾਂ ਦਾ ਹਥੌੜਾ, ਆਪਣਾ ਟੱਲ ਘੜਕਾਉਣ ਲਗਦਾ ਹੈ। ਉਹ ਗੜ੍ਹਕ ਕੇ ਬੋਲ ਰਿਹੈ, 'ਛੋਟੇ ਭਾਈ ਸਿਆਸੀ ਲੋਕਾਂ ਦਾ ਕੀ ਭਰੋਸਾ ਕਿਹੜੇ ਵੇਲ਼ੇ ਕਿਹੜਾ ਰਾਗ ਛੋਹ ਲੈਣ ? ਇਨ੍ਹਾਂ ਦੇ ਛੇੜੇ ਮੇਘ ਮਲਹਾਰ ਨੇ ਅੱਜ ਅੱਧਾ ਪੰਜਾਬ ਡੋਬ ਛੱਡਿਆ। ਇਹ ਸੁਆਦ ਲੈਂਦੇ ਨੇ ਭਰਾ। ਤੇਰੇ ਕਹਿਣ ਵਾਂਗ ਇਨ੍ਹਾਂ ਦਾ ਕੋਈ ਭਰੋਸਾ ਨਹੀਂ, ਕਿਹੜੇ ਵੇਲ਼ੇ ਦੀਪਕ ਛੇੜ ਲੈਣ ਤੇ ਚੁਫੇਰੇ ਅੱਗ ਦੇ ਭਾਂਬੜ ਮੱਚ ਉੱਠਣ ਤੇ ਕਿਹੜੇ ਵੇਲ਼ੇ ਮਲਹਾਰ ਗੁਆ ਕੇ ਹੜ੍ਹਾਂ ਨਾਲ਼ ਧਰਤੀ ਨੂੰ ਜਲ-ਥਲ ਕਰ ਦੇਣ। ਪੰਜਾਬ ਦੇ ਦਰਿਆਵਾਂ ਦਾ ਪਾਣੀ ਜਿੱਥੋਂ ਜਿੱਥੋਂ ਵੀ ਵਹਿੰਦੈ, ਉਹ ਸਾਰੀ ਜ਼ਮੀਨ ਇਨ੍ਹਾਂ ਹਾਕਮਾਂ ਦੀਆਂ ਮਲਕੀਅਤੀ ਜ਼ਮੀਨਾਂ ਹਨ। ਇਸੇ ਲਈ ਇਹ ਦਰਿਆਵਾਂ ਦੇ ਵਹਿਣ ਦੂਜੇ ਪਾਸੇ ਮੋੜਨ ਦੀ ਸਮਰੱਥਾ ਰੱਖਦੇ ਹਨ। ਪਹਾੜ ਵੀ ਇਨ੍ਹਾਂ ਦੀ ਨਿੱਜੀ ਜਾਗੀਰ ਨੇ। ਇਸੇ ਲਈ ਉੱਤਰੀ ਭਾਰਤ 'ਤੇ ਕਰੋਪ ਹੋਇਆ ਮੇਘ ਮਲਹਾਰ ਹਿਮਾਚਲ ਦੇ ਪਹਾੜਾਂ ਤੇ ਪੰਜਾਬ ਦੇ ਅੱਧ ਤੋਂ ਜ਼ਿਆਦਾ ਮੈਦਾਨੀ ਇਲਾਕੇ ਨੂੰ ਪਾਣੀ ਪਾਣੀ ਕਰ ਗਿਆ। ਜਦੋਂ ਮੈਂ ਪੀੜਤ ਕਿਸਾਨਾਂ ਦੇ ਖੇਤਾਂ ਵਿੱਚ ਬਣੇ ਘਰਾਂ ਜਾਂ ਮੋਟਰਾਂ ਦੇ ਕਮਰਿਆਂ ਦੀਆਂ ਤਸਵੀਰਾਂ ਦੇਖਦਾ ਹਾਂ, ਤਾਂ ਮੇਰੀਆਂ ਅੱਖਾਂ ਸਾਹਮਣਿਉਂ ਇੱਕ ਇੱਕ ਕਰਕੇ ਸੰਘੋਲ਼, ਰੋਪੜ੍ਹ, ਸਨੇਤ ਤੇ ਰਾਹੋਂ ਦੇ ਥੇਹ ਗੁਜ਼ਰ ਜਾਂਦੇ ਹਨ। ਮੈਂ ਸੋਚਣ ਲਗਦਾ ਹਾਂ। ਤੂੰ ਇਤਿਹਾਸ ਦੀਆਂ ਨੀਹਾਂ ਫਰੋਲ ਕੇ ਵੇਖੀਂ, ਉਹ ਕੂਕ ਕੂਕ ਕੇ ਕਹਿੰਦੀਆਂ ਨੇ ਕਿ ਕਿਸੇ ਵੇਲ਼ੇ ਸਤਲੁਜ ਤੇ ਘੱਗਰ ਇਕੱਠੇ ਵਹਿੰਦੇ ਸਨ। ਇਸੇ ਤਰ੍ਹਾਂ ਕਿਸੇ ਵੇਲ਼ੇ ਸਤਲੁਜ ਤੇ ਬਿਆਸ। ਇਹ ਸਭਿਆਤਾਵਾਂ ਐਵੇਂ ਤਾਂ ਨਸ਼ਟ ਨਹੀਂ ਹੋਈਆਂ ਹੋਣੀਆਂ। ਇਨ੍ਹਾਂ ਥੇਹਾਂ ਦੀ ਖੁਦਾਈ ਉਪਰੰਤ ਇੱਥੋਂ ਹੜੱਪਾ, ਮਹਿੰਜੋਦੜੋ ਸਭਿਅਤਾ ਵੇਲ਼ੇ ਦੇ ਘਰ ਮਿਲ਼ੇ ਦੱਸੇ ਗਏ ਹਨ। ਮੈਂ ਇੱਕ ਬਜ਼ੁਰਗ ਕਿਸਾਨ ਨੂੰ ਆਪਣੇ ਖੇਤ ਵਿੱਚ ਮਸੋਸਿਆ ਜਿਹਾ ਖੜ੍ਹਾ ਦੇਖਦਾ ਹਾਂ। ਉਸ ਦੇ ਖੇਤ ਵਿੱਚ ਲੱਗੀ ਮੋਟਰ ਦੇ ਕਮਰੇ ਦੀ ਛੱਤ, ਰੇਤ ਨਾਲ਼ ਭਰੇ ਖੇਤ ਤੋਂ ਦੋ ਕੁ ਫੁੱਟ ਉੱਚੀ ਦਿਖਾਈ ਦਿੰਦੀ ਹੈ। ਮੇਰਾ ਵੀ ਰੋਣ ਨਿਕਲ਼ ਜਾਂਦਾ ਹੈ। ਖੁਦਾਈ ਵੇਲ਼ੇ ਇਸ ਮੋਟਰ ਦੇ ਕਮਰੇ ਵਿੱਚ ਪਈਆਂ ਵਸਤਾਂ ਖੁਰਪੇ, ਦਾਤੀਆਂ, ਕਹੀਆਂ ਆਦਿ ਮਿਲ਼ਣਗੀਆਂ। ਕਈ ਅਜਿਹੇ ਕਿਸਾਨ ਵੀ ਤਾਂ ਹੋਣਗੇ, ਜਿਨ੍ਹਾਂ ਦਾ ਕੋਈ ਜੀਅ ਹੀ ਨਾ ਬਚਿਆ ਹੋਵੇ। ਉਨ੍ਹਾਂ ਦੇ ਘਰਾਂ ਦੀ ਖੁਦਾਈ ਵੇਲ਼ੇ ਕਿਹੋ ਜਿਹਾ ਮੰਜ਼ਰ ਹੋਵੇਗਾ, ਸੋਚ ਕੇ ਮਨ ਵਿਆਕੁਲ ਹੋ ਉੱਠਦਾ ਹੈ। ਹੋਰ ਸੁਣ ਕਹਿੰਦੇ ਅਮਿਤ ਸ਼ਾਹ ਨੇ ਭਗਵੰਤ ਮਾਨ ਨੂੰ ਪੰਜਾਬ ਦੀ ਮਦਦ ਲਈ ਹੁੰਗਾਰਾ ਭਰਿਆ ਹੈ। ਉਂ ਇਸ ਵੇਲ਼ੇ ਕੇਂਦਰ ਨੂੰ ਪੰਜਾਬ ਦੇ ਹੜ੍ਹ ਮਾਰੇ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ। ਦੋਹਾਂ ਧਿਰਾਂ ਨੂੰ ਸਿਆਸਤ ਤੋਂ ਗੁਰੇਜ਼ ਕਰਨਾ ਚਾਹੀਦੈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਬਾਂਹ ਫੜਨ ਵਾਲ਼ੇ ਨੂੰ ਉਂਝ ਈ ਪੰਜਾਬੀ ਤਾਰ ਦਿੰਦੇ ਨੇ। ਨਹੀਂ ਫਿਰ ਤਪੇ-ਤਪਾਏ ਧਰਤੀ 'ਚ ਵੀ 'ਤਾਰ ਦਿੰਦੇ ਨੇ। ਤਖ਼ਤ ਦਾ ਕਿਹੜੇ ਵੇਲ਼ੇ ਤਖਤਾ ਬਣਾ ਦੇਣ, ਇਨ੍ਹਾਂ ਦਾ ਕੋਈ ਪਤਾ ਨਈਂ। ਸਤਾਈ ਨੇੜੇ ਈ ਆ ਭਰਾਵਾ। ਹੋਰ ਸੁਣ ! ਕਹਿੰਦੇ ਪੰਜਾਬ ਦੇ ਵੱਡੇ ਸਨਅਤੀ ਘਰਾਣਿਆਂ ਨੂੰ ਸਰਕਾਰ ਨੇ ਛੇ ਸੌ ਕਰੋੜ ਦੇ ਬਿਜਲੀ ਟੈਕਸ ਤੋਂ ਛੋਟ ਦੇ ਤੀ। ਬਈ ਜੀਹਨੂੰ ਜੋ ਮਰਜ਼ੀ ਦੇਵੇ ਸਰਕਾਰ, ਇਹ ਓਹਦਾ ਅਧਿਕਾਰ ਐ ਪਰ ਅੰਨਦਾਤੇ ਬਾਰੇ ਵੀ ਕੁਝ ਸੋਚੇ।' ਬਾਈ ਦਲੇਰ ਦੇ ਬੋਲਾਂ ਦਾ ਹਥੌੜਾ ਵੱਜਣਾ ਬੰਦ ਹੋਇਆ ਤਾਂ ਪਿਆਰਾ ਸਿੰਘ ਆ ਧਮਕਿਆ। ਆਉਂਦਿਆਂ ਈ ਉਸ ਨੇ ਚਾਹ ਪੀਣ ਦੀ ਇੱਛਾ ਜ਼ਾਹਿਰ ਕਰਦਿਆਂ ਆਪਣਾ ਕਿੱਸਾ ਛੋਹ ਲਿਆ, 'ਓਏ ਭਰਾ ਮੇਰਿਆ ਜਿਹਾ ਰਾਜਾ ਤਹੀ ਪਰਜਾ। ਤੈਨੂੰ ਪਤਾ ਈ ਆ ਨੂੰਹ ਤਾਂ ਸਾਡੀ ਚੰਗੀ ਆ ਪਰ ਮੁੰਡਾ ਪੂਰਾ ਕਨਸਲ। ਜਦੋਂ ਦੇਖੋ ਦਾਰੂ ਨਾਲ਼ ਟੁੰਨ। ਦੋ ਚਾਰ ਲਗੌੜ ਨਾਲ਼ ਰੱਖਦੈ। ਡੱਬ 'ਚ ਪਿਸਟਲ। ਮੈਂ ਸਹੁਰੇ ਨੂੰ ਕਿਸਾਨ ਦਾ ਪੁੱਤ ਸਮਝੀ ਗਿਆ, ਉਹ ਕੰਜਰ ਪਹਿਲਾਂ ਡੀਲਰ ਨਿਕਲ਼ਿਆ ਤੇ ਹੁਣ ਲੀਡਰ। ਅੱਧੀ ਰਾਤ ਤੋਂ ਪਹਿਲਾਂ ਘਰ ਨਈਂ ਵੜਦਾ। ਕਦੇ ਕਦੇ ਤਾਂ ਤੜਕੇ ਨੂੰ ਈ ਆਉਂਦੈ। ਅਸੀਂ ਤਾਂ ਦੋਵੇਂ ਜੀਅ ਸਾਰੀ ਰਾਤ ਨੀਂ ਸੁੱਤੇ। ਸਾਰੀ ਰਾਤ ਆਹ ਨੂੰਹ ਵੱਲੋਂ ਸੱਸ ਦੀ ਮਾਰ-ਕੁੱਟ ਆਲ਼ੀ ਵੀਡੀਓ ਬਾਰੇ ਈ ਸੋਚੀ ਗਏ। ਉਂ ਸਾਡੀ ਨੂੰਹ ਤਾਂ ਬਹੁਤ ਸਾਊ ਧੀਅ ਆ। ਸਾਡਾ ਬਹੁਤ ਖਿਆਲ ਰੱਖਦੀ ਆ। ਨਿਆਣੇ ਵਸਾਹ ਨੀਂ ਖਾਂਦੇ। ਨਸ਼ੇ ਬਰਬਾਦ ਕਰ ਦਿੰਦੇ ਨੇ ਬੰਦੇ ਨੂੰ। ਕਹਿੰਦੇ ਉਹ ਜਨਾਨੀ ਵੀ ਦਾਰੂ ਪੀ ਕੇ ਮਾਰਦੀ-ਕੁੱਟਦੀ ਸੀਗੀ। ਤਗ ਟੁੱਟ ਗਿਆ ਬਈ ਸਾਰੀ ਦੁਨੀਆਂ ਦਾ। ਤੂੰ ਉਹ ਖਬਰ ਪੜ੍ਹੀ ਮਲੇਰਕੋਟਲੇ ਅੱਲ੍ਹ ਦੀ। ਕਹਿੰਦੇ ਬੰਦੇ ਦੀ ਲਾਸ਼ ਮਹੀਨਾ ਭਰ ਕਬਰਿਸਤਾਨ 'ਚ ਦਰੱਖਤ ਨਾਲ਼ ਲਟਕਦੀ ਰਹੀ। ਉਹ ਗਾਇਕ ਮੁੰਡਾ ਜ਼ੁਬਿਨ ਗਰਗ, ਜੀਹਦੀ ਪਿਛਲੇ ਮਹੀਨੇ ਸਿੰਗਾਪੁਰ 'ਚ ਮੌਤ ਹੋ ਗਈ ਸੀ, ਉਹਦਾ ਮੈਨੇਜਰ ਤੇ ਇੱਕ ਹੋਰ ਬੰਦਾ ਫੜਿਆ ਅੱਜ। ਕੀ ਪਤਾ ਲਗਦੈ ਤੁਹਾਡੇ ਇਰਦ-ਗਿਰਦ ਰਹਿਣ ਵਾਲ਼ੇ ਲੋਕ ਈ ਤੁਹਾਡੇ ਦੁਸ਼ਮਣ ਹੋ ਨਿਬੜਦੇ ਨੇ। ਹੋਰ ਤਾਂ ਹੋ ਯਾਰ ਆਹ ਆਪਣਾ ਮੁੰਡਾ ਰਾਜਵੀਰ ਜਵੰਦਾ ਕਿੰਨਾ ਸੋਹਣਾ ਗਾਉਂਦੈ। ਤੇਰੀ ਬੇਟੀ ਦੇ ਵਿਆਹ ਦੀ ਵੀਡੀਓ 'ਚ ਇਹਦੇ ਗੀਤ 'ਬਾਬੁਲ ਤੇਰੀ ਪੱਗ ਵੇ ਸੁੱਚੀ' ਨੇ ਸਾਰੇ ਧਾਹੀਂ ਰੁਆਏ ਸੀਗੇ। ਚਾਹ ਦਾ ਕੱਪ ਪਿਆਰਾ ਸਿੰਘ ਨੂੰ ਫੜਾਉਂਦਿਆਂ ਮੈਂ ਉਸ ਨੂੰ ਅਰਦਾਸ ਕਰਨ ਲਈ ਕਹਿੰਦਾ ਹੈ। ਮੇਰੇ ਮਨ ਦੀ ਸਕਰੀਨ 'ਤੇ ਸੁਰਜੀਤ ਰਾਮਪੁਰੀ ਦੇ ਗੀਤ ਦਾ ਅਗਲਾ ਅੰਤਰਾ ਡਿਸਪਲੇਅ ਹੋਣ ਲਗਦਾ ਹੈ, 'ਪੱਤਝੜ ਦੀ ਹਿੱਸਦੀ ਪੀੜਾ ਹਾਂ/ ਇਹਨੂੰ ਮਸਤ-ਬਹਾਰਾਂ ਕੀ ਸਮਝਣ/ ਮੈਂ ਪਿਆਸ ਕਿਸੇ ਵਿਰਾਨੇ ਦੀ/ ਇਹਨੂੰ ਸਾਉਣ-ਫੁਹਾਰਾਂ ਕੀ ਸਮਝਣ/ ਮੇਰਾ ਘਰ ਮਾਰੂ ਤੂਫਾਨਾਂ 'ਤੇ/ ਕੰਢੇ ਦਾ ਬਸੇਰਾ ਕੀ ਜਾਣੇ/ ਜੋ ਰਾਤ ਪਏ ਸੌਂ ਜਾਂਦਾ ਏ/ ਉਹ ਪੰਧ ਲੰਮੇਰਾ ਕੀ ਜਾਣੇ/ ਮੈਂ ਦਰਦ ਕਹਾਣੀ ਰਾਤਾਂ ਦੀ..।'

*ਸੰਪਰਕ : 98144 30874*

# ਕਮਿਊਨਿਸਟ ਕਾਨਫਰੰਸ ਨੇ ਕਮਿਊਨਿਸਟ ਧਿਰਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਤਰ ਹੋਣ ਦਾ ਸੱਦਾ ਦਿੱਤਾ

**ਪ੍ਰਿਥੀਪਾਲ ਸਿੰਘ ਮਾੜੀਮੇਘਾ**

ਸੀ ਪੀ ਆਈ ਦੀ ਕੌਮੀ ਕਾਨਫਰੰਸ ਚੰਡੀਗੜ੍ਹ ਕਮਿਊਨਿਸਟ ਧਿਰਾਂ ਵਿੱਚ ਉਤਸ਼ਾਹ ਪੈਦਾ ਕਰ ਗਈ ਹੈ। ਕਾਨਫਰੰਸ ਦੇ ਪਹਿਲੇ ਦਿਨ 21 ਸਤੰਬਰ ਨੂੰ ਮੁਹਾਲੀ ਸਬਜ਼ੀ ਮੰਡੀ ਵਿਖੇ ਹੋਈ ਰੈਲੀ ਦੀ ਗਿਣਤੀ ਪਾਰਟੀ ਆਗੂਆਂ ਦੀਆਂ ਆਸਾਂ ਤੋਂ ਡਬਲ ਹੋ ਗਈ। ਅਸਲ ਵਿੱਚ ਮੰਡੀ ਦੀ ਜਗ੍ਹਾ ਛੋਟੀ ਪੈ ਗਈ ਸੀ। ਰੈਲੀ ਵਿੱਚ ਵੱਡੀ ਪੱਧਰ 'ਤੇ ਏਟਕ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਸੀ। ਬੁੱਧੀਜੀਵੀ, ਕਿਸਾਨ ਅਤੇ ਔਰਤਾਂ ਦੀ ਗਿਣਤੀ ਵੀ ਸਲਾਹੁਣਯੋਗ ਸੀ। ਰੈਲੀ ਵਿੱਚ ਠਾਠਾਂ ਮਾਰਦੇ ਇਕੱਠ ਨੂੰ ਵੇਖ ਕੇ ਬੁੱਧੀਜੀਵੀਆਂ ਦੀ ਇੱਕ ਹੀ ਸੁਰ ਸੀ ਕਿ ਇਸ ਇਕੱਠ ਨੂੰ ਹੁਣ ਪਾਰਟੀ ਆਗੂ ਸਾਂਭਣ ਵਾਲੇ ਪਾਸੇ ਖਾਸ ਧਿਆਨ ਦੇਣ। ਕਾਡਰ ਨੂੰ ਪੰਜਾਬ ਦਾ ਇਤਿਹਾਸ ਅਤੇ ਮਾਰਕਸਵਾਦੀ ਸਿੱਖਿਆ ਨਾਲ ਲੈਸ ਕਰਨ।

ਰੈਲੀ ਦਾ ਦੇਸ਼ ਦੇ ਆਵਾਮ ਨੂੰ ਸੁਨੇਹਾ ਸੀ ਕਿ ਲਾਲ ਝੰਡਿਆਂ ਵਾਲਿਆਂ ਤੋਂ ਬਿਨਾਂ ਦੇਸ਼ ਦੀ ਜਨਤਾ ਨੂੰ ਖੁਸ਼ਹਾਲੀ ਪ੍ਰਦਾਨ ਨਹੀਂ ਹੋ ਸਕਦੀ। ਰੈਲੀ 'ਤੇ ਬੜੇ ਜ਼ੋਰ ਨਾਲ ਵਿਚਾਰ ਆਇਆ ਕਿ ਸਾਰੀਆਂ ਖੱਬੀਆਂ ਧਿਰਾਂ ਦੀ ਏਕਤਾ ਕਾਇਮ ਕਰਨ ਵਾਸਤੇ ਸੀ ਪੀ ਆਈ ਦੀ ਮਜ਼ਬੂਤੀ ਦੀ ਵੱਡੀ ਲੋੜ ਹੈ। ਪਾਰਟੀ ਦੇ ਕੌਮੀ ਜਨਰਲ ਸਕੱਤਰ ਡੀ. ਰਾਜਾ ਨੇ ਭਗਤ ਸਿੰਘ ਦੇ ਵਿਚਾਰਾਂ ਦਾ ਦੇਸ਼ ਬਣਾਉਣ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਹਿੰਦੁਸਤਾਨ ਨੂੰ ਭਗਤ ਸਿੰਘ ਨੇ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਦਿੱਤਾ, ਜੋ ਪੂਰੇ ਭਾਰਤ ਵਿੱਚ ਕਿਰਤੀਆਂ ਕਿਸਾਨਾਂ ਵਿੱਚ ਗੂੰਜਦਾ ਹੈ। ਉਨ੍ਹਾ ਕਿਹਾ ਕਿ ਪੰਜਾਬ ਦੀ ਧਰਤੀ ਨੂੰ ਮੈਂ ਸਲੂਟ ਕਰਦਾ ਹਾਂ, ਜਿਸ ਨੇ ਮਹਾਨ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ ਵਰਗੇ ਯੋਧਿਆਂ ਨੂੰ ਜਨਮ ਦਿੱਤਾ ਹੈ। ਪੰਜਾਬ ਗਦਰੀ ਬਾਬਿਆਂ ਤੇ ਭਗਤ-ਸਰਾਭਿਆਂ ਦੀ ਧਰਤੀ ਹੈ।

ਰੈਲੀ ਦੀ ਸਟੇਜ ਤੋਂ ਐਲਾਨ ਹੋਇਆ ਕਿ ਸੀ ਪੀ ਆਈ ਸੁਚੇਤ ਰੂਪ ਵਿੱਚ ਭਾਜਪਾ, ਆਰ ਐੱਸ ਐੱਸ ਅਤੇ ਉਸ ਦੀ ਫਾਸ਼ੀਵਾਦ ਸੋਚ ਦਾ ਮੁਕਾਬਲਾ ਕਰਦੀ ਰਹੇਗੀ। ਹਿੰਦੁਸਤਾਨ ਦਾ ਇਤਿਹਾਸ ਸੰਘਰਸ਼ਾਂ ਦਾ ਇਤਿਹਾਸ ਹੈ, ਇਸ ਲਈ ਆਰ ਐੱਸ ਐੱਸ ਦੀਆਂ ਨੀਤੀਆਂ ਲਾਗੂ ਨਹੀਂ ਹੋਣ ਦਿਆਂਗੇ। ਸ਼ਹੀਦਾਂ ਦੀ ਧਰਤੀ ਹੁਸੈਨੀਵਾਲਾ ਅਤੇ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸਿਜਦਾ ਕਰਕੇ ਵਰਦੀਧਾਰੀ ਨੌਜਵਾਨਾਂ ਦੇ ਕਾਫ਼ਲੇ ਜਦੋਂ ਰੈਲੀ ਦੀ ਸਟੇਜ 'ਤੇ ਜਗਦੀਆਂ ਮਸ਼ਾਲਾਂ ਲੈ ਕੇ ਪਹੁੰਚੇ ਤਾਂ ਰੈਲੀ ਵਿੱਚ ਜੁੜੇ ਲੋਕਾਂ ਨੇ ਖੜ੍ਹੇ ਹੋ ਕੇ ਇਨਕਲਾਬੀ ਸਲਾਮੀ ਦਿੱਤੀ।

ਮਹਾਂ-ਸੰਮੇਲਨ ਦੇ ਦੂਜੇ ਦਿਨ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਣ ਸਿੰਘ ਨੇ ਕੌਮੀ ਝੰਡਾ ਅਤੇ ਪਾਰਟੀ ਦਾ ਝੰਡਾ ਬਜ਼ੁਰਗ ਕਮਿਊਨਿਸਟ ਆਗੂ ਭੁਪਿੰਦਰ ਸਾਂਬਰ ਨੇ ਚੜ੍ਹਾਇਆ। ਇਸ ਮੌਕੇ ਕਮਾਂਡਰ ਬਲਕਾਰ ਸਿੰਘ ਦੁਧਾਲਾ ਦੀ ਕਮਾਂਡ ਹੇਠ ਲਾਲ ਵਰਦੀਧਾਰੀ ਨੌਜਵਾਨਾਂ ਦੀ ਟੁਕੜੀ ਨੇ ਸਲਾਮੀ ਦਿੱਤੀ।

ਡੈਲੀਗੇਟ ਕਾਨਫਰੰਸ ਦੇ ਪਹਿਲੇ ਦਿਨ ਰਿਸੈਪਸ਼ਨ ਕਮੇਟੀ ਦੇ ਚੇਅਰਮੈਨ ਡਾਕਟਰ ਸਵਰਾਜਬੀਰ ਨੇ ਸਵਾਗਤੀ ਭਾਸ਼ਣ ਵਿੱਚ ਗੁਰੂ ਨਾਨਕ ਜੀ, ਬੁੱਲ੍ਹੇ ਸ਼ਾਹ, ਬਾਬਾ ਸ਼ੇਖ ਫਰੀਦ, ਦਮੋਦਰ ਅਤੇ ਦੁੱਲਾ ਭੱਟੀ ਦੀ ਧਰਤੀ 'ਤੇ ਦੇਸ਼ ਭਰ 'ਚੋਂ ਆਏ ਡੈਲੀਗੇਟਾਂ ਦਾ ਪੁਰਜ਼ੋਰ ਸਵਾਗਤ ਕੀਤਾ।ਪਗੜੀ ਸੰਭਾਲ ਜੱਟਾ ਲਹਿਰ ਅਤੇ ਦਿੱਲੀ ਦੇ ਬਾਰਡਰ 'ਤੇ ਕਿਸਾਨਾਂ ਦੇ ਸੰਘਰਸ਼ ਅਤੇ ਜਿੱਤ ਦਾ ਜ਼ਿਕਰ ਕੀਤਾ। ਪੰਜਾਬ ਦੀ ਧਰਤੀ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ, ਗਦਰੀ ਗੁਲਾਬ ਬੀਬੀ ਗੁਲਾਬ ਕੌਰ, ਰਹਿਮਤ ਅਲੀ ਵਜੀਦਕੇ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਊਧਮ ਸਿੰਘ ਦੀ ਦੱਸਿਆ।

ਕਾਨਫਰੰਸ ਵਿੱਚ ਸੀ ਪੀ ਆਈ ਐੱਮ ਦੇ ਕੌਮੀ ਜਨਰਲ ਸਕੱਤਰ ਐੱਮ ਏ ਬੇਬੀ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ, ਆਲ ਇੰਡੀਆ ਫਾਰਵਰਡ ਬਲਾਕ ਦੇ ਦੇਵ ਰਾਜਨ ਅਤੇ ਰੈਵੂਲਿਊਸ਼ਨਰੀ ਸੋਸ਼ਲਿਸਟ ਪਾਰਟੀ ਦੇ ਜਨਰਲ ਸਕੱਤਰ ਮਨੋਜ ਭੱਟਾਚਾਰੀਆ ਨੇ ਸਫਲ ਕਾਨਫਰੰਸ ਦੀਆਂ ਮੁਬਾਰਕਾਂ ਦਿੱਤੀਆਂ। ਭਵਿੱਖ ਵਿੱਚ ਕਮਿਊਨਿਸਟ ਏਕਤਾ ਅਤੇ ਭਾਜਪਾ ਤੇ ਆਰ ਐੱਸ ਐੱਸ ਦੀ ਫਾਸ਼ੀਵਾਦੀ ਨੀਤੀ ਨੂੰ ਭਾਂਜ ਦੇਣ ਦਾ ਐਲਾਨ ਕੀਤਾ। ਸੀ ਪੀ ਆਈ ਦੀ ਸ਼ਲਾਘਾ ਕੀਤੀ ਕਿ ਉਹ ਕਮਿਊਨਿਸਟ ਧਿਰਾਂ ਦੀ ਇਮਾਨਦਾਰੀ ਨਾਲ ਏਕਤਾ ਕਰਾਉਣਾ ਚਾਹੁੰਦੀ ਹੈ। ਆਸਟ੍ਰੇਲੀਆ ਦੀ ਕਮਿਊਨਿਸਟ ਪਾਰਟੀ, ਕਮਿਊਨਿਸਟ ਪਾਰਟੀ



ਆਫ ਬੰਗਲਾਦੇਸ਼, ਬਰਤਾਨੀਆ ਦੀ ਕਮਿਊਨਿਸਟ ਪਾਰਟੀ, ਬ੍ਰਾਜ਼ੀਲ, ਚੀਨ, ਕਿਊਬਾ, ਸਾਈਪ੍ਰਸ, ਕੈਟਾਲੋਨੀਆਂ, ਫਰਾਂਸ, ਜਰਮਨੀ, ਗਰੀਸ, ਈਰਾਨ, ਆਇਰਲੈਂਡ, ਕੀਨੀਆ, ਕੋਰੀਆ ਅਤੇ ਲਾਊਸ ਦੀਆਂ ਕਮਿਊਨਿਸਟ ਪਾਰਟੀਆਂ ਨੇ ਭਰਾਤਰੀ ਸੰਦੇਸ਼ ਭੇਜੇ। ਕਮਿਊਨਿਸਟ ਲਹਿਰ ਨਾਲ ਸਾਂਝ ਪਾਲਦਿਆਂ ਹੋਇਆਂ ਫਲਸਤੀਨ ਦੇ ਅੰਬੈਸਡਰ ਅਬੂ ਸ਼ਾਹਵੇਸ਼ ਅਤੇ ਕਿਊਬਾ ਦੇ ਅੰਬੈਸਡਰ ਜਾਨ ਕਾਰਲੋਸ ਜਦੋਂ ਡੈਲੀਗੇਟ ਹਾਲ ਵਿੱਚ ਪਹੁੰਚੇ ਤਾਂ ਹਾਲ 'ਫਲਸਤੀਨ ਆਜ਼ਾਦ ਕਰੋ' ਦੇ ਨਾਅਰਿਆਂ ਨਾਲ ਗੂੰਜ ਉਠਿਆ। ਬਨੇਗਾ ਦੀਆਂ ਵਰਦੀਆਂ ਪਾਈਆਂ ਮੁੰਡੇ ਤੇ ਕੁੜੀਆਂ ਨੇ ਅੰਬੈਸਡਰਾਂ ਦਾ ਇਨਕਲਾਬੀ ਢੰਗ ਨਾਲ ਸਵਾਗਤ ਕੀਤਾ। ਫਲਸਤੀਨ ਦੀ ਆਜ਼ਾਦੀ ਲਈ ਮਤਾ ਵੀ ਪਾਸ ਕੀਤਾ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਦੇ ਸੰਬੰਧ ਵਿੱਚ ਸ਼ਰਧਾਂਜਲੀ ਮਤਾ ਪਾਸ ਕੀਤਾ ਅਤੇ ਗੁਰੂ ਜੀ ਦੀ ਕੁਰਬਾਨੀ ਨੂੰ ਲਾਸਾਨੀ ਦੱਸਿਆ। ਮਤੇ ਵਿੱਚ ਕਿਹਾ ਗਿਆ ਕਿ ਮਹਾਨ ਗੁਰੂ ਜੀ ਨੇ ਸਾਰੀ ਮਨੁੱਖਤਾ ਨੂੰ ਅਨਿਆਂ ਤੇ ਤਾਨਾਸ਼ਾਹੀ ਵਿਰੁੱਧ ਲੜਨਾ ਸਿਖਾਇਆ ਹੈ। ਚੰਡੀਗੜ੍ਹ ਪੰਜਾਬ ਨੂੰ ਦੇਣ ਵਾਸਤੇ ਮਤੇ ਵਿੱਚ ਕਿਹਾ ਗਿਆ ਕਿ ਪੰਜਾਬ ਦੇ 22 ਪਿੰਡਾਂ ਨੂੰ ਉਜਾੜ ਕੇ ਚੰਡੀਗੜ੍ਹ ਵਸਾਇਆ ਗਿਆ ਸੀ, ਇਸ ਲਈ ਚੰਡੀਗੜ੍ਹ ਪੰਜਾਬ ਦਾ ਹੈ।ਚੰਡੀਗੜ੍ਹ ਦੀ ਮੁੱਖ ਬੋਲੀ ਪੰਜਾਬੀ ਹੈ। ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਨੂੰ ਪਹਿਲਾ ਦਰਜਾ ਦਿੱਤਾ ਜਾਵੇ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ ਅਤੇ ਇਹ ਪੰਜਾਬ ਨੂੰ ਦਿੱਤਾ ਜਾਵੇ। ਕਾਨਫਰੰਸ ਵਿੱਚ ਨਰੇਗਾ ਕੰਮ ਨੂੰ ਪਾਰਦਰਸ਼ੀ ਢੰਗ ਨਾਲ ਚਲਾਉਣ ਲਈ ਮਤਾ ਪਾਸ ਕੀਤਾ ਗਿਆ।

ਡੈਲੀਗੇਟ ਕਾਨਫਰੰਸ ਵਿੱਚ ਨਾਅਰਿਆਂ ਦੀ ਗੂੰਜ ਵਿੱਚ ਮਤਾ ਪਾਸ ਕੀਤਾ ਗਿਆ ਕਿ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਪਾਰਲੀਮੈਂਟ ਵਿੱਚ ਪਾਸ ਕਰਕੇ ਹਰੇਕ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਦੇਸ਼ ਭਰ ਤੇ ਖਾਸ ਕਰਕੇ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਲੋਕਾਂ ਨੂੰ ਢੁਕਵਾਂ ਤੇ ਫੌਰੀ ਤੌਰ 'ਤੇ ਮੁਆਵਜ਼ਾ ਦਿੱਤਾ ਦੇਣ ਦਾ ਮਤਾ ਵੀ ਪਾਸ ਕੀਤਾ ਗਿਆ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ ਦੇਸ਼ ਭਰ ਵਿੱਚ ਜਿਹੜੇ ਵੀ ਕੈਦੀ ਕੈਦ ਪੂਰੀ ਕਰ ਚੁੱਕੇ ਹਨ, ਬੰਦੀ ਸਿੰਘਾਂ ਸਮੇਤ ਉਨ੍ਹਾਂ ਨੂੰ ਫੌਰੀ ਤੌਰ 'ਤੇ ਰਿਹਾਅ ਕੀਤਾ ਜਾਵੇ। ਇਸੇ ਤਰ੍ਹਾਂ ਹਿੰਦੁਸਤਾਨ ਤੇ ਪਾਕਿਸਤਾਨ ਦਾ ਬਾਰਡਰ ਵਪਾਰ ਲਈ ਖੋਲਿਆ ਜਾਵੇ।

ਕਾਨਫਰੰਸ ਵਿੱਚ ਰੋਜ਼ ਸ਼ਾਮ ਨੂੰ ਨਾਮਵਰ ਕਲਾਕਾਰਾਂ ਅਤੇ ਨਾਟਕਕਾਰਾਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ, ਜਿਸ ਦੀ ਅਗਵਾਈ ਕਰਤਾ ਕਾਨਫਰੰਸ ਦੀ ਰਿਸੈਪਸ਼ਨ ਕਮੇਟੀ ਦੇ ਚੇਅਰਮੈਨ ਡਾਕਟਰ ਸਵਰਾਜਬੀਰ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਪ੍ਰਧਾਨ ਸੁਖਦੇਵ ਸਿੰਘ ਸਿਰਸਾ ਸਨ। ਇੱਕ ਦਿਨ ਸੱਭਿਆਚਾਰਕ ਸ਼ਾਮ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਯਾਦ ਵਿੱਚ ਮਨਾਈ ਗਈ।ਮਸ਼ਹੂਰ ਕਲਾਕਾਰਾਂ ਵਿੱਚ ਡੌਲੀ ਗੁਲੇਰੀਆ ਤੇ ਸੁਨੈਨੀ ਗੁਲੇਰੀਆ, ਇਕਬਾਲ ਕੌਰ ਉਦਾਸੀ, ਨਾਟਕਕਾਰ ਕੇਵਲ ਧਾਲੀਵਾਲ, ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਦੇਸ ਰਾਜ ਲਚਕਾਨੀ, ਇਪਟਾ ਮੋਗਾ ਅਤੇ ਭੰਗੜੇ ਅਤੇ ਗਿੱਧੇ ਦੀਆਂ ਟੀਮਾਂ ਸਨ।

**—ਜਨਰਲ ਸਕੱਤਰ,**
**ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ,**
**ਫੋਨ-98760-78731**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਪਹਾੜੀ ਜੀਵਨ ਨੂੰ ਲੱਗ ਚੁੱਕੇ ਖੋਰੇ ਦਾ ਰੁਪਾਂਤਰਣ




ਫੋਕਸ



**ਚਰਚਾ ਇਕ ਪੁਸਤਕ ਦੀ**

**ਡਾ. ਸੁਰਜੀਤ ਬਰਾੜ**

### ਖੋਰਾ

(ਨਾਵਲ)
**ਧਰਮਪਾਲ ਸਾਹਿਲ**
**ਸਫੇ-216, ਮੁੱਲ-350 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਧਰਮਪਾਲ ਸਾਹਿਲ ਵਿਦਿਅਕ ਖੇਤਰ ਵਿੱਚ ਲੰਮਾ ਸਮਾਂ ਕਾਰਜਰਤ ਰਿਹਾ ਹੈ। ਉਸ ਨੇ ਵਿਦਿਅਕ ਖੇਤਰ ਵਿੱਚ ਵਿਚਰਦਿਆਂ ਅਤੇ ਕਾਰਜ ਕਰਦਿਆਂ ਕਾਫ਼ੀ ਨਾਂਅ ਖੱਟਿਆ ਹੈ। ਉਹ ਤਨਦੇਹੀ, ਈਮਾਨਦਾਰੀ, ਸੁਹਿਰਦਤਾ, ਗੰਭੀਰਤਾ ਅਤੇ ਪ੍ਰਤੀਬੱਧਤਾ ਨਾਲ ਅਧਿਆਪਕੀ ਕਾਰਜ ਕਰਕੇ ਆਪਣਾ ਮਾਨਵੀ ਫ਼ਰਜ਼ ਨਿਭਾਉਂਦਾ ਰਿਹਾ ਹੈ। (ਇਸੇ ਕਰਕੇ ਉਹ "ਕ੍ਰੀਏਟਿਵ ਟੀਚਰ" ਵਜੋਂ ਰਾਸ਼ਟਰਪਤੀ ਡਾ. ਕਲਾਮ ਵੱਲੋਂ ਸਨਮਾਨਤ ਹੋ ਚੁੱਕਿਆ ਹੈ।) ਮੇਰੀ ਧਾਰਨਾ ਹੈ ਕਿ ਵਿਦਿਅਕ ਖੇਤਰ ਅਜਿਹੀਆਂ ਸ਼ਖ਼ਸੀਅਤਾਂ ਕਰਕੇ ਹੀ ਸਮਰਿੱਧ ਅਤੇ ਅਮੀਰ ਰਿਹਾ ਹੈ। ਸਰਕਾਰਾਂ ਨੇ ਇਸ ਖੇਤਰ ਦਾ ਭੱਠਾ ਗੁੱਲ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਸਾਹਿਲ ਵਰਗੇ ਅਧਿਆਪਕਾਂ ਦੀ ਬਦੌਲਤ ਹੀ ਸਾਡਾ ਵਿਦਿਅਕ ਢਾਂਚਾ ਜੀਵਤ ਹੈ। ਜਿੱਥੇ ਵਿਦਿਅਕ ਖੇਤਰ ਵਿੱਚ ਸਾਹਿਲ ਦੀ ਦੇਣ ਅਣਗੌਲੀ ਨਹੀਂ ਕੀਤੀ ਜਾ ਸਕਦੀ, ਉਸ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ, ਉੱਥੇ ਸਾਹਿਲ ਨੇ ਸਾਹਿਤਕ ਖੇਤਰ ਨੂੰ ਵੀ ਸਮਰਿੱਧ ਅਤੇ ਅਮੀਰ ਕੀਤਾ ਹੈ। ਸਾਹਿਤ ਖੇਤਰ ਵਿੱਚ ਵੀ ਉਹ ਪੂਰੀ ਤਨਦੇਹੀ, ਸੁਹਿਰਦਤਾ, ਈਮਾਨਦਾਰੀ ਅਤੇ ਪ੍ਰਤੀਬੱਧਤਾ ਨਾਲ ਕੰਮ ਕਰ ਰਿਹਾ ਹੈ। ਉਹ ਸਾਹਿਤਕ ਕਾਰਜ ਕਰਕੇ ਕੁੱਝ ਖੱਟ-ਕਮਾ ਨਹੀਂ ਰਿਹਾ ਅਤੇ ਨਾ ਹੀ ਉਹ ਆਪਣੀ ਹਉਮੈ ਦੀ ਨਵਿਰਤੀ ਕਰ ਰਿਹਾ ਹੈ। ਸਾਹਿਤ ਸਿਰਜਣਾ ਕਰਕੇ ਉਹ ਆਪਣੀ ਸਮਾਜਿਕ ਜ਼ਿੰਮੇਦਾਰੀ ਨਿਭਾਅ ਰਿਹਾ ਹੈ। ਸਾਹਿਤ ਦੀ ਰਚਨਾ ਕਰਨੀ ਲੇਖਕ ਦਾ ਸ਼ੌਕ ਨਹੀਂ ਹੁੰਦਾ, ਇਹ ਲੇਖਕ ਦੀ ਲੋੜ ਹੋਣੀ ਚਾਹੀਦੀ ਹੈ। ਲੋਕਾਂ ਨੂੰ ਚੇਤਨਾ ਦੇਣ ਲਈ, ਉਨ੍ਹਾਂ ਦਾ ਅੱਗਾ ਸੁਆਰਨ ਲਈ ਲੇਖਕ ਨੂੰ ਆਪਣਾ ਬਹੁਤ ਕੁਝ ਗੁਆਉਣਾ ਪੈਂਦਾ ਹੈ। ਲੇਖਕ ਦੀ ਕਲਮ ਜਦੋਂ ਹਥਿਆਰ ਬਣ ਜਾਂਦੀ ਹੈ ਤਾਂ ਸੱਤਾ ਨੂੰ ਕੰਬਣੀ ਛਿੜਦੀ ਹੈ। ਲੇਖਕ ਵਿੱਚ ਸੱਤਾ ਨੂੰ ਹਿਲਾਉਣ ਅਤੇ ਪਲਟਾਉਣ ਦੀ ਸ਼ਕਤੀ ਹੁੰਦੀ ਹੈ।

ਧਰਮਪਾਲ ਸਾਹਿਲ ਨਾਵਲਕਾਰ ਹੀ ਨਹੀਂ, ਉਹ ਕਹਾਣੀਕਾਰ ਵੀ ਹੈ। ਉਸ ਨੇ ਸਾਹਿਤ ਦੀਆਂ ਹੋਰ ਵਿਧਾਵਾਂ ਵਿੱਚ ਵੀ ਸਾਹਿਤ ਰਚਿਆ ਹੈ। ਉਹ ਇੱਕ ਚੰਗਾ ਅਨੁਵਾਦਕ ਅਤੇ ਅਲੋਚਕ ਵੀ ਹੈ। ਅਨੁਵਾਦ ਅਤੇ ਅਲੋਚਨਾ ਦੇ ਖੇਤਰ ਵਿੱਚ ਵੀ ਸਾਹਿਲ ਨੇ ਗੌਲਣਯੋਗ ਕੰਮ ਕੀਤਾ ਹੈ, ਪਰ ਸਾਹਿਲ ਦਾ ਨਾਵਲ ਖੇਤਰ ਵਿੱਚ ਕੰਮ ਬਹੁਤ ਮਹੱਤਵਪੂਰਨ ਹੈ। ਉਸ ਨੇ ਨਾਵਲਕਾਰੀ ਵਿੱਚ ਹੁਣ ਤੱਕ ਸੱਤ ਨਾਵਲਾਂ ਦਾ ਯੋਗਦਾਨ ਦਿੱਤਾ ਹੈ। ਉਸ ਦੇ ਨਾਵਲਾਂ ਦੀ ਮਹਿਮਾ ਗਿਣਾਤਮਕ ਪੱਖੋਂ ਹੀ ਨਹੀਂ, ਗੁਣਾਤਮਕ ਪੱਖੋਂ ਵੀ ਵਧੇਰੇ ਮਾਰਮਿਕ, ਜਾਨਦਾਰ ਅਤੇ ਜ਼ਿਕਰਯੋਗ ਹੈ। ਧੀਆਂ ਮਰਜਾਣੀਆਂ, ਪਥਰਾਟ, ਖਿੜਣ ਤੋਂ ਪਹਿਲਾਂ, ਕੁਆਰਝਾਤ, ਮਣ੍ਹੇ ਅਤੇ ਕਸਕ ਮਗਰੋਂ ਸਾਹਿਲ ਦਾ ਨਵਾਂ ਨਾਵਲ "ਖੋਰਾ" ਪ੍ਰਕਾਸ਼ਿਤ ਹੋ ਕੇ ਸਾਡੇ ਹੱਥਾਂ ਤੀਕ ਪਹੁੰਚਿਆ ਹੈ। ਵਾਸਤਵ ਵਿੱਚ ਨਾਵਲਕਾਰ ਸਾਹਿਲ ਨੇ ਪੰਜਾਬੀ ਨਾਵਲਕਾਰੀ ਨੂੰ ਆਪਣੇ ਨਾਵਲਾਂ ਰਾਹੀਂ ਇੱਕ ਨਵਾਂ ਮੋੜ ਦਿੱਤਾ ਹੈ। ਉਸ ਨੇ ਸਾਡੇ ਪੰਜਾਬ ਦੇ ਇੱਕ ਵਿਸ਼ੇਸ਼ ਖੇਤਰ (ਕੰਢੀ ਪਹਾੜੀ ਖੇਤਰ) ਨੂੰ ਆਪਣੇ ਨਾਵਲਾਂ ਵਿੱਚ ਸਪੇਸ ਦਿੱਤੀ ਹੈ। ਸਾਹਿਲ ਦੇ ਨਾਵਲਾਂ ਤੋਂ ਪਹਿਲਾਂ ਅਜਿਹਾ ਕੋਈ ਹੋਰ ਨਾਵਲ ਮੇਰੀ ਦ੍ਰਿਸ਼ਟੀ ਵਿੱਚ ਨਹੀਂ ਆਇਆ, ਹੋ ਸਕਦਾ ਹੈ ਅਜਿਹੇ ਨਾਵਲ ਤੱਕ ਮੇਰੀ ਪਹੁੰਚ ਹੀ ਨਾ ਹੋਵੇ। ਸਾਹਿਲ ਹੀ ਇੱਕ ਅਜਿਹਾ ਮਾਣਮੱਤਾ ਨਾਵਲਕਾਰ ਹੈ, ਜਿਸ ਨੇ ਕੰਢੀ ਪਹਾੜੀ ਖੇਤਰ ਦੀਆਂ ਮੁਸ਼ਕਲਾਂ, ਸਮੱਸਿਆਵਾਂ, ਵਿਭਿੰਨਤਾਵਾਂ, ਵਿਸੰਗਤੀਆਂ, ਮਸਲਿਆਂ, ਸੰਕਟਾਂ, ਉਲਝਣਾਂ, ਦਵੰਦਾਂ, ਤਨਾਵਾਂ ਅਤੇ ਟਕਰਾਵਾਂ ਨੂੰ ਆਪਣੇ ਨਾਵਲਾਂ ਵਿੱਚ ਦਰਜ ਕੀਤਾ ਹੈ। ਉਸ ਨੇ ਕੰਢੀ ਪਹਾੜੀ ਖੇਤਰ ਦੀਆਂ ਭੂਗੋਲਿਕ, ਰਾਜਨੀਤਕ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਸਥਿਤੀਆਂ ਨੂੰ ਵੀ ਪ੍ਰਗਤੀਸ਼ੀਲ ਨਜ਼ਰੀਏ ਤੋਂ ਆਪਣੇ ਨਾਵਲਾਂ ਵਿੱਚ ਨਗਿੰਦਿਆ ਹੈ। ਸਾਹਿਲ ਨੇ ਇਸ ਅਣਗੌਲੇ ਖੇਤਰ ਨੂੰ ਗੌਲਿਆ ਹੈ ਅਤੇ ਆਪਣੇ ਮਾਨਵੀ ਕਰਤੱਵ ਨੂੰ ਨਿਭਾਇਆ ਹੈ। ਇਸ "ਖੋਰੇ" ਨਾਵਲ ਦਾ ਸਿਹਤਮੰਦ ਅਤੇ ਹਾਂਦਰੂ ਪੱਖ ਇਹ ਹੈ ਕਿ ਸਾਹਿਲ ਨੇ ਪਹਾੜੀ ਖੇਤਰ ਵਿੱਚ ਵਿਚਰਦਿਆਂ-ਰਹਿੰਦਿਆਂ ਜੋ ਗਹਿਰਾ ਅਨੁਭਵ ਹਾਸਲ ਕੀਤਾ ਹੈ। ਜੋ ਸੱਚ ਉਸ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੈ, ਉਸ ਨੂੰ ਨਾਵਲ ਵਿੱਚ ਰੇਖਾਂਕਿਤ ਕੀਤਾ ਹੈ। ਮੇਰੀ ਧਾਰਨਾ ਇਹ ਹੈ ਕਿ ਨਾਵਲਕਾਰ ਪਾਸ ਜੋ ਨਿੱਜੀ ਮਹੀਨ ਅਨੁਭਵ ਅਤੇ ਅਮੀਰ ਤਜਰਬੇ ਹੁੰਦੇ ਹਨ, ਜੋ ਉਸ ਕੋਲ ਸਮਾਜਿਕ ਵਿਗਿਆਨ ਦਾ ਗਿਆਨ ਹੁੰਦਾ ਹੈ, ਵਿਗਿਆਨਾਂ ਬਾਰੇ ਵਿਚਾਰ ਹੁੰਦੇ ਹਨ, ਉਨ੍ਹਾਂ ਨੂੰ ਉਹ ਆਪਣੀ ਦ੍ਰਿਸ਼ਟੀ ਰਾਹੀਂ ਕਿਸੇ ਰਚਨਾ ਵਿੱਚ ਢਾਲਦਾ ਹੈ। ਅਭੀਵਿਅਕਤ ਕਰਦਾ ਹੈ। ਲੇਖਕ ਨੇ ਸਮਾਜ ਤੋਂ ਵਸਤੂ ਯਥਾਰਥ ਲੈਣਾ ਹੁੰਦਾ ਹੈ, ਪਰੰਤੂ ਉਸ ਨੂੰ ਆਪਣੀ ਦ੍ਰਿਸ਼ਟੀ ਰਾਹੀਂ ਤਬਦੀਲ ਕਰਕੇ ਨਵੇਂ ਅਰਥਾਂ ਵਿੱਚ ਸਮਾਜ ਨੂੰ ਮੋੜਨਾ ਹੁੰਦਾ ਹੈ। ਅਜਿਹੀਆਂ ਲਿਖਤਾਂ ਜਿੱਥੇ ਸਮਾਜ ਨੂੰ ਪ੍ਰਭਾਵਤ ਕਰਦੀਆਂ ਹਨ, ਉੱਥੇ ਉਸ ਦੇ ਵਿਕਾਸ ਵਿੱਚ ਅਹਿਮ ਰੋਲ ਵੀ ਅਦਾ ਕਰਦੀਆਂ ਹਨ। "ਖੋਰਾ" ਨਾਵਲ ਦਾ ਰਚਨਹਾਰਾ ਇਵੇਂ ਹੀ ਕਰ ਰਿਹਾ ਹੈ।

ਮਨੁੱਖ ਕਬੀਲਾ ਯੁੱਗ ਤੋਂ ਲੈ ਕੇ ਸਮਕਾਲੀ ਪੂੰਜੀਵਾਦੀ ਪ੍ਰਬੰਧ ਤੱਕ ਸੰਘਰਸ਼ ਕਰਦਾ ਆਇਆ ਹੈ। ਉਸ ਦੇ ਸੰਘਰਸ਼ ਨਾਲ ਹੀ ਸਮਾਜਿਕ, ਆਰਥਿਕ, ਰਾਜਨੀਤਕ, ਸੱਭਿਆਚਾਰਕ ਤਬਦੀਲੀਆਂ ਅਤੇ ਰੁਪਾਂਤਰਣ ਹੋਏ ਹਨ। ਸੰਘਰਸ਼ ਨਾਲ ਹੀ ਮਨੁੱਖ ਨੇ ਇੱਕ ਯੁੱਗ ਤੋਂ ਦੂਜੇ ਯੁੱਗ ਤੱਕ ਵਿਕਾਸ ਕੀਤਾ ਹੈ। ਮਨੁੱਖੀ ਜ਼ਿੰਦਗੀ ਦਾ ਸਮੁੱਚਾ ਇਤਿਹਾਸ ਸੰਘਰਸ਼ਾਂ ਦਾ ਇਤਿਹਾਸ ਹੈ। ਸਮਾਜ ਹਮੇਸ਼ਾ ਗਤੀਸ਼ੀਲ ਰਿਹਾ ਹੈ। ਸਮਾਜ ਕਦੇ ਅਤੀਤੀ ਭੂਤ ਵੱਲ ਨਹੀਂ ਮੁੜਿਆ ਹੈ, ਨਾ ਉਸ ਨੇ ਮੁੜਨਾ ਹੈ। ਸਮਾਜ ਨੇ ਅਗਾਂਹ ਭਵਿੱਖ ਵੱਲ ਹੀ ਜਾਣਾ ਹੈ ਤੇ ਜਾ ਰਿਹਾ ਹੈ ਅਤੇ ਆਪਣੇ ਆਲੇ-ਦਵਾਲੇ ਨੂੰ ਵੀ ਬਦਲ ਰਿਹਾ ਹੈ। ਉਸ ਦੇ ਯਤਨਾਂ ਕਰਕੇ ਪੁਰਾਤਨਤਾ ਖੋਹ ਰਹੀ ਹੈ ਅਤੇ ਨਵੀਨਤਾ ਆ ਰਹੀ ਹੈ। ਵਾਸਤਵ ਵਿੱਚ ਇਹ ਨਵੀਨਤਾਵਾਂ ਯਥਾਰਥ ਹੀ ਹੈ। ਨਵ ਯਥਾਰਥ/ਨਵੀਨਤਾ ਨੂੰ ਕਦੇ ਬੰਨ੍ਹ ਨਹੀਂ ਮਾਰਿਆ ਜਾ ਸਕਦਾ। ਦਰਅਸਲ ਨਿਰੰਤਰ ਪੈਦਾਵਾਰੀ ਸਾਧਨਾਂ 'ਚ ਪਰਿਵਰਤਨਾਂ ਨੇ ਆਉਣਾ ਹੈ, ਜਿਸ ਨਾਲ ਸਮਾਜ ਦੇ ਹਰ ਵਰਤਾਰੇ ਵਿੱਚ ਤਬਦੀਲੀ ਆਉਣੀ ਸੁਭਾਵਕ ਹੀ ਹੈ ਅਤੇ ਜ਼ਰੂਰੀ ਕ੍ਰਮ ਵੀ ਹੈ, ਪਰੰਤੂ ਜਦੋਂ ਸਮਾਜ ਵਿੱਚ ਪਰਿਵਰਤਨ ਅਤੇ ਰੁਪਾਂਤਰਣ ਹੁੰਦੇ ਹਨ ਤਾਂ ਅਸੀਂ ਦੇਖਣਾ ਹੈ ਕਿ ਜੋ ਕੁਝ ਨਵਾਂ ਆ ਰਿਹਾ ਹੈ, ਉਸ ਵਿੱਚ ਹਾਂਦਰੂ-ਸਿਹਤਮੰਦ ਅਤੇ ਉਸਾਰੂ ਕੀ ਹੈ ਅਤੇ ਨਾਂਦਰੂ, ਬਿਮਾਰ ਅਤੇ ਢਾਹੂ ਕੀ ਹੈ, ਇਹ ਸਾਡੀ ਚੇਤਨਾ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਨਵ ਯਥਾਰਥ ਦੀ ਵੰਨਗੀ ਨੂੰ ਅਪਨਾਉਣਾ ਹੈ ਜਾਂ ਉਸ ਨੂੰ ਤਿਲਾਂਜਲੀ ਦੇਣੀ ਹੈ। ਨਾਵਲਕਾਰ ਸਾਹਿਲ ਪ੍ਰਤੱਖ ਜਾਂ ਪਰੋਖ ਰੂਪ 'ਚ ਆ ਰਹੇ ਨਵੀਨਤਮ ਵਿਕਾਸ ਦੇ ਮਾੜੇ, ਨਾਂਦਰੂ, ਬਿਮਾਰ ਤੇ ਢਾਹੂ ਪੱਖਾਂ-ਪਹਿਲੂਆਂ ਵੱਲੋਂ ਕੰਢੀ ਅਤੇ ਪਹਾੜੀ ਖੇਤਰ ਵਿੱਚ ਕੀਤੇ ਗਏ ਵਿਨਾਸ਼ ਦਾ ਉਹ ਧੁਰ ਵਿਰੋਧੀ ਹੈ। ਸਾਹਿਲ ਵਿਕਾਸ ਦਾ ਵਿਰੋਧੀ ਕਦਾਚਿਤ ਨਹੀਂ, ਉਹ ਵਿਕਾਸ ਦਾ ਹਾਮੀ ਹੈ। ਉਹ ਨਵੀਨਤਾ-ਨਵਯਥਾਰਥ ਦਾ ਵੀ ਹਾਮੀ ਹੈ, ਪਰੰਤੂ ਉਹ ਵਿਕਾਸ ਦੇ ਨਾਂਅ 'ਤੇ ਕੀਤੇ ਜਾ ਰਹੇ ਵਿਨਾਸ਼ ਦੇ ਹੱਕ ਵਿੱਚ ਨਹੀਂ ਹੈ। ਉਹ ਕੰਢੀ ਪਹਾੜੀ ਖੇਤਰ ਵਿੱਚ ਵਿਕਾਸ ਦੇ ਨਾਂਅ 'ਤੇ ਕੀਤੇ ਗਏ ਵਿਨਾਸ਼ ਦਾ ਵਿਰੋਧੀ ਹੈ ਅਤੇ ਉਹ ਆਪਣੇ ਇਸ ਵਿਚਾਰਧਾਰਕ ਵਿਰੋਧ ਨੂੰ ਦਰਜ ਕਰਾਉਣ ਲਈ "ਖੋਰਾ" ਨਾਵਲ ਦੀ ਸਿਰਜਣਾ ਕਰਦਾ ਹੈ। ਇਸ ਖੇਤਰ ਵਿੱਚ ਜੋ ਵਿਕਾਸ ਕੀਤਾ ਗਿਆ ਹੈ, ਉਸ ਨੂੰ ਮਨੁੱਖੀ ਦ੍ਰਿਸ਼ਟੀ ਤੋਂ ਨਹੀਂ ਕੀਤਾ ਗਿਆ। ਕੰਢੀ ਦੇ ਪਹਾੜੀ ਖੇਤਰ ਵਿੱਚ ਕੁਦਰਤੀ ਸੋਮਿਆਂ ਦੀ ਤਬਾਹੀ ਕੀਤੀ ਗਈ ਹੈ। ਜਲ, ਜੰਗਲ, ਜ਼ਮੀਨ ਦਾ ਸਰਵਨਾਸ਼ ਹੀ ਨਹੀਂ ਕੀਤਾ ਗਿਆ, ਸਗੋਂ ਜੀਵ-ਜੰਤੂਆਂ, ਜਾਨਵਰਾਂ, ਪਸ਼ੂਆਂ, ਪੰਛੀਆਂ ਅਤੇ ਹੋਰ ਕੀਟ-ਪਤੰਗਿਆਂ ਨੂੰ ਵੀ ਨਸ਼ਟ ਕੀਤਾ ਗਿਆ ਹੈ। ਅਜਿਹੇ ਵਿਕਾਸ ਨੇ ਕੁਦਰਤ ਦਾ ਸੰਤੁਲਨ ਹੀ ਨਹੀਂ ਵਿਗਾੜਿਆ, ਸਗੋਂ ਇਸ ਬੇਤਰਤੀਬੇ, ਕੁਢੱਬੇ, ਅਖੌਤੀ ਵਿਕਾਸ ਨੇ ਪਿੰਡਾਂ ਦਾ ਰੂਪ ਹੀ ਵਿਗਾੜ ਕੇ ਰੱਖ ਦਿੱਤਾ ਹੈ। ਪਹਾੜੀ ਖੇਤਰ ਦੀ ਮੌਲਿਕ ਸੁੰਦਰਤਾ ਨੂੰ ਤਬਾਹ ਕਰਕੇ ਇੱਕ ਗੰਦਗੀ ਦਾ ਢੇਰ ਬਣਾ ਦਿੱਤਾ ਹੈ। ਲੋਕਾਂ ਦੇ ਅਗਾਂਹਵਧੂ ਸੱਭਿਆਚਾਰਕ ਮੁੱਲਾਂ ਪ੍ਰਤੀਮਾਨਾਂ ਦਾ ਮਲੀਆਮੇਟ ਕਰ ਦਿੱਤਾ ਹੈ। ਭਾਵੇਂ ਇਸ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪੈਦਾਵਾਰੀ ਸਾਧਨਾਂ ਦੇ ਬਦਲਣ ਨਾਲ ਮਨੁੱਖੀ ਸੱਭਿਆਚਾਰ ਨੇ ਵੀ ਬਦਲਣਾ ਹੁੰਦਾ ਹੈ। ਨਾਵਲਕਾਰ ਇਸ ਵਰਤਾਰੇ ਦਾ ਵਿਰੋਧ ਨਹੀਂ ਕਰ ਰਿਹਾ, ਪ੍ਰੰਤੂ ਜਦ ਉਹ ਮਨੁੱਖ ਵਿੱਚ ਗਿਰਾਵਟ ਦੇਖਦਾ ਹੈ, ਜਦੋਂ ਉਹ ਮਨੁੱਖ ਨੂੰ ਰਸਾਤਲ ਵੱਲ ਜਾਂਦਿਆਂ ਦੇਖਦਾ ਹੈ ਤਾਂ ਉਸ ਨੂੰ ਦੁੱਖ ਹੁੰਦਾ ਹੈ। ਇਸ ਵਿਕਾਸ ਦੇ ਪਰਿਵਰਤਨਾਂ ਨੇ ਮਨੁੱਖੀ ਰਿਸ਼ਤਿਆਂ ਦਾ ਬੁਰੀ ਤਰ੍ਹਾਂ ਭੰਜਨ ਕੀਤਾ ਹੈ। ਲੋਕਾਂ ਵਿੱਚੋਂ ਮੋਹ, ਪਿਆਰ, ਅਪਣੱਤ, ਸਾਂਝ, ਮਿਲਵਰਤਨ, ਹਮਦਰਦੀ ਅਤੇ ਸਤਿਕਾਰ ਦੀ ਭਾਵਨਾ ਦਾ ਭੋਗ ਪੈ ਚੁੱਕਾ ਹੈ। ਇਹ ਵਰਤਾਰਾ ਦੁਖਦਾਈ ਇਸ ਕਰਕੇ ਹੈ, ਕਿਉਂਕਿ ਮਨੁੱਖ ਨੇ ਸਦੀਆਂ ਖਰਚ ਕਰਕੇ ਪਿਆਰ, ਸਾਂਝ, ਮਿਲਵਰਤਨ, ਲਿਬਰੇਜ਼ ਰਿਸ਼ਤਾ-ਨਾਤਾ ਉਸਾਰਿਆ ਸੀ, ਉਸ ਨੂੰ ਸਮਕਾਲੀ ਪ੍ਰਬੰਧ ਦੀਆਂ ਚਾਲਾਂ ਨੇ ਖ਼ੀਣ ਕਰ ਦਿੱਤਾ ਹੈ। ਤੋੜ-ਭੰਨ ਦਿੱਤਾ ਹੈ। ਇਸ ਤੋਂ ਵੱਡਾ ਕਰੂਰਤਮ ਅਤੇ ਦੁਖਦਾਈ ਵਰਤਾਰਾ ਹੋਰ ਕੀ ਹੋਵੇਗਾ। ਅੱਜ ਮਨੁੱਖ 'ਚੋਂ ਮਨੁੱਖਤਾ ਮਰ ਗਈ ਹੈ। ਸਮਕਾਲੀ ਬੰਦਾ ਲਾਲਚੀ, ਲੋਭੀ, ਕਪਟੀ-ਫਰੇਬੀ ਬਣ ਚੁੱਕਾ ਹੈ। ਮਨੁੱਖ ਅਨੈਤਿਕ ਹੋ ਚੁੱਕਾ ਹੈ। ਉਸ ਦੇ ਆਚਰਣ ਵਿੱਚ ਗਿਰਾਵਟ ਆ ਚੁੱਕੀ ਹੈ। ਸੋ ਸਮਾਜ ਦੇ ਸਿਹਤਮੰਦ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਖੋਰਾ ਲੱਗ ਚੁੱਕਿਆ ਹੈ। ਇਸ ਲਈ "ਖੋਰਾ" ਦਾ ਨਾਵਲਕਾਰ "ਖੋਰਾ" ਨਾਵਲ ਵਿੱਚ ਝੋਰਾ ਕਰ ਰਿਹਾ ਹੈ। ਨੁਕਤਾ ਇਹ ਹੈ ਕਿ ਵਿਕਾਸ ਦਾ ਕੋਈ ਵਿਰੋਧੀ ਨਹੀਂ, ਪਰ ਵਿਕਾਸ ਮਨੁੱਖ ਦੀ ਬਿਹਤਰੀ ਲਈ ਹੋਣਾ ਜ਼ਰੂਰੀ ਹੈ। ਜਿਹੜਾ ਵਿਕਾਸ ਮਨੁੱਖ ਦੀ ਥਾਂ ਪੂੰਜੀਪਤੀਆਂ, ਲੁਟੇਰੇ ਸ਼ੋਸ਼ਕ ਵਰਗ ਦੀ ਅਮੀਰੀ ਦਾ ਬਾਇਸ ਬਣਦਾ ਹੈ, ਉਹ ਵਿਕਾਸ ਮਨੁੱਖ ਵਿਰੋਧੀ ਹੈ। ਸਾਡੇ ਦੇਸ਼ ਵਿੱਚ ਸਮਕਾਲ ਤੱਕ ਜਿੰਨਾ ਵੀ ਵਿਕਾਸ ਹੋਇਆ ਹੈ, ਉਸ ਦਾ ਲਾਭ ਕਾਰਪੋਰੇਟ ਜਗਤ ਨੂੰ ਹੀ ਹੋਇਆ ਹੈ। ਲੋਕਾਂ ਨੂੰ ਉਸ ਦਾ ਕੋਈ ਲਾਭ ਨਹੀਂ ਹੋਇਆ। ਅੱਜਕੱਲ੍ਹ ਵਿਕਾਸ ਦੇ ਨਾਂਅ 'ਤੇ "ਭਾਰਤਮਾਲਾ" ਪ੍ਰੋਜੈਕਟ ਅਧੀਨ ਵੱਡੇ ਪੱਧਰ 'ਤੇ ਸੜਕਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਇਹ ਵਿਕਾਸ ਮੁੱਠੀ ਭਰ ਕਾਰਪੋਰੇਟ ਜਗਤ ਲਈ ਹੋ ਰਿਹਾ ਹੈ। ਆਮ ਜਨਤਾ ਨੂੰ ਇਸ ਦਾ ਮਾਮੂਲੀ ਲਾਭ ਵੀ ਨਹੀਂ ਹੋਵੇਗਾ। "ਭਾਰਤਮਾਲਾ" ਪ੍ਰੋਜੈਕਟ ਕਾਰਨ ਜੋ ਜ਼ਮੀਨ ਅਤੇ ਵਾਤਾਵਰਨ ਦਾ ਨਾਸ਼ ਕੀਤਾ ਜਾ ਰਿਹਾ ਹੈ, ਉਸ ਦੀ ਕਦੇ ਭਰਪਾਈ ਨਹੀਂ ਹੋ ਸਕੇਗੀ। ਅਜਿਹੇ ਵਿਕਾਸ ਦੀ ਵਿਰੋਧਤਾ ਨਾਵਲ "ਖੋਰਾ" ਕਰ ਰਿਹਾ ਹੈ। ਅਜਿਹੇ ਵਿਨਾਸ਼ਕਾਰੀ ਵਿਕਾਸ ਦਾ ਹਰ ਚੇਤਨਸ਼ੀਲ ਬੰਦੇ ਨੂੰ ਵਿਰੋਧ ਕਰਨਾ ਚਾਹੀਦਾ ਹੈ। ਸੋ ਮੇਰੀ ਦ੍ਰਿਸ਼ਟੀ ਵਿੱਚ "ਖੋਰਾ" ਦਾ ਬਿਰਤਾਂਤ ਸਾਡੀਆਂ ਅੱਖਾਂ ਖੋਲ੍ਹਦਾ ਹੈ। ਯਾਨੀ ਸਾਹਿਲ ਨਾਵਲ "ਖੋਰਾ" ਰਾਹੀਂ ਵਿਕਾਸ ਦਾ ਅਸਲੀ ਚਿਹਰਾ ਦਿਖਾਲਣ ਵਿੱਚ ਕਾਮਯਾਬ ਰਿਹਾ ਹੈ।

ਮਾਨਵੀ ਦ੍ਰਿਸ਼ਟੀ ਤੋਂ ਵਿਕਾਸ ਕਰਨਾ ਬਹੁਤ ਜ਼ਰੂਰੀ ਹੈ। ਵਿਕਾਸ ਅਜਿਹੇ ਢੰਗ-ਤਰੀਕੇ ਨਾਲ ਕੀਤਾ ਜਾਵੇ, ਜਿਸ ਦਾ ਮਨੁੱਖ ਨੂੰ ਫਾਇਦਾ ਹੋਵੇ। ਅਜਿਹੇ ਵਿਕਾਸ ਦਾ ਮਨੁੱਖ ਨੂੰ ਕੋਈ ਫ਼ਾਇਦਾ ਨਹੀਂ। ਉਸ ਵਿਕਾਸ ਦਾ ਕੋਈ ਅਰਥ ਨਹੀਂ। ਕੰਢੀ ਦੇ ਲੋਕਾਂ ਦਾ ਜੀਵਨ ਕਠਿਨ ਹੋਣ ਕਰਕੇ ਸਰਲਭਾਵੀ ਸੀ। ਲੋਕ ਬਹੁਤ ਮੁਸ਼ਕਲਾਂ, ਮਸਲਿਆਂ ਅਤੇ ਸਮੱਸਿਆਵਾਂ ਦੇ ਮਾਰੇ ਹੋਏ ਸਨ। ਭਾਵੇਂ ਪਿੰਡ ਹੀ ਇੱਕ ਪੂਰਨ ਇਕਾਈ ਹੁੰਦਾ ਸੀ, ਫਿਰ ਵੀ ਮੁਸ਼ਕਲਾਂ ਤੇ ਸਮੱਸਿਆਵਾਂ ਬਹੁਤ ਸਨ। ਮਨੁੱਖ ਦਾ ਦੂਰ-ਦੁਰੇਡੇ ਦੇ ਪਿੰਡਾਂ ਨਾਲ ਕੋਈ ਵਾਹ-ਵਾਸਤਾ ਨਹੀਂ ਸੀ ਹੁੰਦਾ। ਆਮ ਜਿਹੇ ਰਵਾਇਤੀ ਆਵਾਜਾਈ ਦੇ ਸਾਧਨ ਹੁੰਦੇ ਸਨ। ਇੱਕ ਪਿੰਡ ਤੋਂ ਦੂਸਰੇ ਪਿੰਡ ਜਾਣ ਲਈ ਕਾਫ਼ੀ ਸਮਾਂ ਬਰਬਾਦ ਕਰਨਾ ਪੈਂਦਾ ਸੀ। ਆਰਥਿਕ ਵਿਕਾਸ ਕਾਰਨ ਸੜਕਾਂ ਬਣੀਆਂ। ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜ ਦਿੱਤਾ ਗਿਆ। ਆਧੁਨਿਕ ਆਵਾਜਾਈ ਦੇ ਸਾਧਨ ਆਉਣ ਨਾਲ ਆਉਣਾ-ਜਾਣਾ ਸੌਖਾ ਹੋ ਗਿਆ। ਇੰਜ ਹੀ ਲੋਕਾਂ ਨੂੰ ਬਿਜਲੀ, ਪਾਣੀ, ਸਕੂਲ, ਹਸਪਤਾਲ ਦੀ ਸੁਵਿਧਾ ਮਿਲਣ ਲੱਗ ਪਈ। ਲੋਕ ਨੇੜਲੇ ਸ਼ਹਿਰਾਂ ਨਾਲ ਜੁੜ ਗਏ। ਬਜ਼ਾਰ ਨੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਬਹੁਤ ਸਾਰੇ ਲੋਕ (ਬਿਰਜੂ ਅਤੇ ਉਸ ਦਾ ਪੂਰਾ ਪਰਵਾਰ) ਪੜ੍ਹ-ਲਿਖ ਕੇ ਦੂਰ ਸ਼ਹਿਰਾਂ 'ਚ ਨੌਕਰੀਆਂ ਕਰਨ ਲੱਗ ਪਏ। ਨੌਕਰੀਆਂ ਕਾਰਨ ਅਜਿਹੇ ਲੋਕਾਂ ਦੀ ਰਹਿਤਲ-ਬਹਿਤਲ ਵੀ ਬਦਲ ਚੁੱਕੀ ਹੈ। ਬਹੁਤੇ ਲੋਕ (ਬਿਰਜੂ ਅਤੇ ਉਸ ਦਾ ਪਰਵਾਰ) ਪਿੰਡ ਤੋਂ ਪਰਵਾਸ ਕਰਕੇ ਸ਼ਹਿਰਾਂ ਵਿੱਚ ਵੱਸ ਗਏ ਹਨ। ਪਿੱਛੋਂ ਉਨ੍ਹਾ ਦੇ ਪਿੰਡ ਵਾਲੇ ਘਰ-ਬਾਰ ਜਾਂ ਤਾਂ ਖੰਡਰ ਬਣ ਚੁੱਕੇ ਹਨ ਜਾਂ ਵਿਕ ਚੁੱਕੇ ਹਨ। ਉੱਨੀ-ਇੱਕੀ ਦੇ ਫ਼ਰਕ ਨਾਲ ਉਨ੍ਹਾਂ ਲੋਕਾਂ ਦੀ ਆਰਥਿਕਤਾ ਨੂੰ ਵੀ ਹੁਲਾਰਾ ਮਿਲਿਆ ਹੈ। ਕਈ ਲੋਕਾਂ ਨੂੰ ਕਿਸੇ ਨਾ ਕਿਸੇ ਕੰਮ ਕਰਕੇ ਜਾਂ ਕਿਰਤ ਕਰਕੇ ਵੀ ਸ਼ਹਿਰ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ। ਕਈ ਪਿੰਡਾਂ ਦੀ ਇਸ ਵਿਕਾਸ ਕਾਰਨ ਕਾਇਆ-ਕਲਪ ਵੀ ਹੋਈ ਹੈ, ਪਰ ਕਈ ਪਿੰਡਾਂ ਦਾ ਉਜਾੜਾ ਵੀ ਹੋਇਆ ਹੈ। ਨਾਵਲਕਾਰ ਦੀ ਮਾਨਤਾ ਹੈ ਕਿ ਜਿੱਥੇ ਵਿਕਾਸ ਹੁੰਦਾ ਹੈ, ਉੱਥੇ ਪਰਿਵਰਤਨ ਹੋਣੇ ਲਾਜ਼ਮੀ ਹਨ। ਸੋ ਇਹ ਨਾਵਲ ਵਿਕਾਸ ਦਾ ਵਿਰੋਧ ਨਹੀਂ ਕਰਦਾ, ਸਗੋਂ ਮਾਨਵ ਲਈ ਕੀਤੇ ਵਿਕਾਸ ਨੂੰ ਸਲਾਹੁੰਦਾ ਹੈ। ਨਾਵਲਕਾਰ ਦੀ ਇਹ ਪ੍ਰਬਲ ਇੱਛਾ ਰਹੀ ਹੈ, ਵਿਕਾਸ ਹੋਵੇ ਉਸ ਦਾ, ਆਮ ਮਨੁੱਖ ਨੂੰ ਲਾਭ ਮਿਲੇ। ਪਿੰਡ ਦੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕਤਲ-ਏ-ਖਾਸ ਦਾ ਬਿਰਤਾਂਤ

**ਸਾਹਿਤ ਚਿੰਤਨ**

**ਡਾ. ਤੇਜਿੰਦਰ ਵਿਰਲੀ**


### ਬੇਅੰਤ ਸਿੰਘ ਕਤਲ ਦਾ ਅਸਲ ਸੱਚ

**ਉਜਾਗਰ ਸਿੰਘ**
**ਸਫੇ-215, ਮੁੱਲ-350 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਮੋਹਾਲੀ**

ਉਜਾਗਰ ਸਿੰਘ ਹੁਰਾਂ ਦੁਆਰਾ ਲਿਖੀ ਪੁਸਤਕ 'ਬੇਅੰਤ ਸਿੰਘ ਕਤਲ ਦਾ ਅਸਲ ਕੱਚ ਸੱਚ' ਹਾਲ ਹੀ ਵਿੱਚ ਪ੍ਰਕਾਸ਼ਤ ਹੋਈ ਹੈ। ਜਨਵਰੀ 2025 ਵਿੱਚ ਇਸ ਦਾ ਪਹਿਲਾ ਐਡੀਸ਼ਨ ਆਉਂਦਾ ਹੈ ਤੇ ਮਈ ਵਿੱਚ ਦੂਸਰਾ ਐਡੀਸ਼ਨ ਵੀ ਛਾਪਣਾ ਪੈ ਜਾਂਦਾ ਹੈ। ਯੂਨੀਸਟਾਰ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ ਇਹ ਪੁਸਤਕ ਹੱਥੋਂ-ਹੱਥੀਂ ਪਾਠਕਾਂ ਤੱਕ ਪਹੁੰਚ ਰਹੀ ਹੈ।

ਸਿਆਸੀ ਕਾਤਲਾਂ ਦੀ ਲੜੀ ਵਿੱਚ ਬੇਅੰਤ ਸਿੰਘ ਦਾ ਕਤਲ ਇੱਕ ਵੱਡੀ ਘਟਨਾ ਵਜੋਂ ਦਰਜ ਹੁੰਦਾ ਹੈ। ਬੇਅੰਤ ਸਿੰਘ ਪੰਜਾਬ ਦੇ ਉਸ ਵੇਲੇ ਮੁੱਖ ਮੰਤਰੀ ਬਣੇ, ਜਦੋਂ ਪੰਜਾਬ ਵਿੱਚ ਵੱਡੇ ਪੱਧਰ 'ਤੇ ਕਤਲੋਗਾਰਤ ਹੋ ਰਹੀ ਸੀ। ਜਦੋਂ ਵੱਡੀ ਪੱਧਰ 'ਤੇ ਹਿੰਦੂ ਹਿਜਰਤ ਕਰਕੇ ਗੁਆਂਢੀ ਸੂਬਿਆਂ ਵੱਲ ਜਾ ਰਹੇ ਸਨ। ਜਦੋਂ ਦੇਸ਼ ਭਰ ਵਿੱਚ ਨਿਰਦੋਸ਼ ਸਿੱਖਾਂ ਨੂੰ ਅੱਤਵਾਦੀ ਦੇ ਤੌਰ 'ਤੇ ਪਹਿਚਾਨਿਆ ਜਾ ਰਿਹਾ ਸੀ। ਵੱਡੀਆਂ ਸ਼ਰਮਨਾਕ ਘਟਨਾਵਾਂ ਦੇ ਲੰਮੇ ਦੌਰ ਤੋਂ ਬਾਅਦ ਜਦੋਂ 1992 ਵਿੱਚ ਪੰਜ ਸਾਲਾਂ ਦੇ ਰਾਸ਼ਟਰਪਤੀ ਰਾਜ ਤੋਂ ਬਾਅਦ ਬੇਅੰਤ ਸਿੰਘ ਦੀ ਸਰਕਾਰ ਬਣਦੀ ਹੈ ਤਾਂ ਬੇਅੰਤ ਸਿੰਘ ਉਸ ਸ਼ਾਂਤੀ ਦੇ ਮਸੀਹਾ ਵਜੋਂ ਪ੍ਰਵਾਨ ਚੜ੍ਹੇ ਹਨ। ਹਥਲੀ ਪੁਸਤਕ ਇਸੇ ਬਿਰਤਾਂਤ ਨਾਲ ਜੁੜੀ ਹੋਈ ਹੈ। ਇਹ ਬਿਰਤਾਂਤ ਜਿਹੜਾ 1947 ਤੋਂ ਬਾਅਦ ਪੰਜਾਬੀਆਂ ਦਾ ਵੱਡਾ ਦੁਖਦਾਈ ਬਿਰਤਾਂਤ ਬਣ ਕੇ ਸਾਹਮਣੇ ਆਉਂਦਾ ਹੈ। ਜਿਸ ਵਿੱਚ ਵੱਡੀ ਗਿਣਤੀ 'ਚ ਪੰਜਾਬੀਆਂ ਨੂੰ ਹਿਜਰਤ ਕਰਨੀ ਪਈ। ਵੱਡੀ ਗਿਣਤੀ 'ਚ ਪੰਜਾਬੀਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ।

ਉਜਾਗਰ ਸਿੰਘ ਦੁਆਰਾ ਲਿਖੀ ਇਹ ਪੁਸਤਕ ਬੇਅੰਤ ਸਿੰਘ ਹੁਰਾਂ ਦੀ ਜੀਵਨੀ ਦਾ ਇਕਹਿਰਾ ਬਿਰਤਾਂਤ ਹੀ ਪੇਸ਼ ਕਰਦੀ ਹੈ। ਬੇਅੰਤ ਸਿੰਘ ਹੁਰੀਂ ਇੱਕ ਸੁਧਾਰ ਵਰਕਰ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਤੱਕ ਤੇ ਪ੍ਰਧਾਨ ਤੋਂ ਪੰਜਾਬ ਦੇ ਮੁੱਖ ਮੰਤਰੀ ਤੱਕ ਦਾ ਸਫ਼ਰ ਤੈਅ ਕਰਦੇ ਹਨ। ਮੁੱਖ ਮੰਤਰੀ ਰਹਿੰਦਿਆਂ ਉਹਨਾਂ ਦਾ ਕਤਲ ਇੱਕ ਐਸੀ ਬੁਝਾਰਤ ਬਣ ਜਾਂਦਾ ਹੈ ਕਿ ਅਜੇ ਤੱਕ ਉਸ ਕਤਲ ਦੀਆਂ ਜਦੋਂ ਵੀ ਪਰਤਾਂ ਫਰੋਲੀਆਂ ਜਾਂਦੀਆਂ ਹਨ ਤਾਂ ਬਹੁਤ ਕੁਝ ਅਜਿਹਾ ਸਾਹਮਣੇ ਆਉਂਦਾ ਹੈ, ਜਿਸ ਵਿੱਚ ਉਲਝ ਕੇ ਰਹਿ ਜਾਂਦੀ ਹੈ ਬੇਅੰਤ ਸਿੰਘ ਦੀ ਸ਼ਹਾਦਤ ਦੀ ਅਸਲ ਕਹਾਣੀ। ਪੰਜਾਬ ਤੇ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਦੇ ਹੁੰਦਿਆਂ ਏਡੇ ਵੱਡੇ ਰਾਜਸੀ ਆਗੂ ਦੇ ਕਤਲ ਦੀ ਕਹਾਣੀ ਜੇ ਬੁਝਾਰਤ ਬਣਦੀ ਹੈ ਤਾਂ ਹੋਰ ਵੀ ਸ਼ਰਮਨਾਕ ਗੱਲ ਹੈ।




ਉਜਾਗਰ ਸਿੰਘ ਲੰਮਾ ਸਮਾਂ ਸਰਦਾਰ ਬੇਅੰਤ ਸਿੰਘ ਹੁਰਾਂ ਦੇ ਨਾਲ ਰਹੇ। ਉਹ ਸਰਕਾਰੀ ਮਹਿਕਮੇ ਵਿੱਚ ਮੁਲਾਜ਼ਮ ਸਨ। ਮੁਲਾਜ਼ਮ ਹੋਣ ਦੇ ਨਾਲ-ਨਾਲ ਉਹ ਬੇਅੰਤ ਸਿੰਘ ਹੁਰਾਂ ਦੇ ਵਫਾਦਾਰ ਮਿੱਤਰ ਵਜੋਂ ਆਪਣੇ ਆਪ ਨੂੰ ਪੇਸ਼ ਕਰਦੇ ਹਨ। ਬਹੁਤ ਸਾਰੀਆਂ ਵੱਡੀਆਂ ਰਾਜਸੀ ਘਟਨਾਵਾਂ ਦੇ ਉਹ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਵੀ ਕਰਦੇ ਹਨ। ਇਸ ਕਿਤਾਬ ਦਾ ਬਿਰਤਾਂਤ ਭਾਵੇਂ ਪੰਜਾਬ ਦੁਖਾਂਤ ਨਾਲ ਜੁੜਿਆ ਹੋਇਆ, ਪਰ ਇਹ ਕਿਤਾਬ ਕੇਵਲ ਬੇਅੰਤ ਸਿੰਘ ਦੀ ਮੌਤ ਦੇ ਦੁਖਾਂਤ ਦੁਆਲੇ ਹੀ ਕੇਂਦਰਤ ਹੋ ਕੇ ਰਹਿ ਜਾਂਦੀ ਹੈ। ਬੇਅੰਤ ਸਿੰਘ ਦੀ ਸ਼ਹਾਦਤ ਪੰਜਾਬ ਦੁਖਾਂਤ ਦੀ ਉਪਜ ਹੈ। ਇਸ ਗੱਲ ਨੂੰ ਜੇ ਬਾਰੀਕੀ ਨਾਲ ਸਮਝਣਾ ਹੋਵੇ ਤਾਂ ਮੈਂ ਇਹ ਕਹਿ ਸਕਦਾਂ ਕਿ ਘਟਨਾਵਾਂ ਦੀ ਲੜੀ ਵਿੱਚ ਬੇਅੰਤ ਸਿੰਘ ਦੀ ਸ਼ਹਾਦਤ ਇੱਕ ਵੱਡੀ ਘਟਨਾ ਵਜੋਂ ਦੇਖੀ ਜਾ ਸਕਦੀ ਹੈ, ਇਸ ਨੂੰ ਪੰਜਾਬ ਦੁਖਾਂਤ ਦੀਆਂ ਪੂਰਬਲੀਆਂ ਘਟਨਾਵਾਂ ਦੇ ਸੰਦਰਭ ਵਿੱਚ ਸਮਝਣਾ ਚਾਹੀਦਾ ਹੈ ਪਰ ਜੇ ਅਸੀਂ ਬੇਅੰਤ ਸਿੰਘ ਦੀ ਸ਼ਹਾਦਤ ਤੋਂ ਭੂਤਕਾਲ ਵਿਚ ਵਾਪਰੀਆਂ ਘਟਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਠੀਕ ਸਿੱਟਿਆਂ 'ਤੇ ਨਹੀਂ ਪਹੁੰਚ ਸਕਦੇ। ਇਹ ਆਪਣੇ-ਆਪ ਵਿੱਚ ਇਤਿਹਾਸ ਨੂੰ ਸਮਝਣ ਦੀ ਇੱਕ ਗਲਤ ਅਪਰੋਚ ਹੋਵੇਗੀ।

1978 ਦੇ ਅੰਮ੍ਰਿਤਸਰ ਦੇ ਨਿਰੰਕਾਰੀ ਕਾਂਡ ਤੋਂ ਬਾਅਦ ਜਿਸ ਤਰੀਕੇ ਨਾਲ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਉਭਾਰ ਹੁੰਦਾ ਹੈ। ਜਿਸ ਤਰ੍ਹਾਂ ਦਰਬਾਰਾ ਸਿੰਘ ਤੇ ਗਿਆਨੀ ਜ਼ੈਲ ਸਿੰਘ ਦੀ ਧੜੇਬੰਦੀ ਵਿੱਚੋਂ ਪੰਜਾਬ ਇਸ ਸੰਕਟ ਵੱਲ ਧਕੇਲਿਆ ਜਾਂਦਾ ਹੈ, ਜਿਸ ਤਰ੍ਹਾਂ ਪੰਜਾਬ ਦੇ ਹਿੱਤਾਂ ਦੀ ਪੈਰਵਾਈ ਕਰਦੇ ਅਕਾਲੀਆਂ ਨੂੰ ਮਜਬੂਰ ਧਰਮ ਯੁੱਧ ਮੋਰਚਾ ਲਾਉਣਾ ਪੈਂਦਾ। ਜਿਸ ਤਰ੍ਹਾਂ ਅਕਾਲੀ ਘਰਾਂ ਅੰਦਰ ਹੋਰ ਤੇ ਲੋਕਾਂ ਵਿੱਚ ਜਾ ਕੇ ਹੋਰ ਬਿਆਨਬਾਜ਼ੀ ਕਰਨ ਲਈ ਮਜਬੂਰ ਹੁੰਦੇ ਹਨ। ਇਸ ਤੋਂ ਵੀ ਵਧ ਕੇ ਪੰਜਾਬ ਵਿੱਚ ਨਿਰਦੋਸ਼ ਹਿੰਦੂਆਂ ਨੂੰ ਬੱਸਾਂ 'ਚੋਂ ਲਾਹ ਕੇ ਮਾਰਿਆ ਜਾਂਦਾ। ਪੰਜਾਬ ਵਿੱਚੋਂ ਹਿੰਦੂ ਹਿਜਰਤ ਕਰਦੇ ਹਨ। ਹਿੰਦੂਆਂ ਦੀਆਂ ਜਾਇਦਾਦਾਂ ਤੇ ਬਿਜ਼ਨੈੱਸ ਸਿੱਖਾਂ ਦੁਆਰਾ ਕੌਡੀਆਂ ਦੇ ਭਾਅ ਖਰੀਦਿਆ ਜਾਂਦਾ ਹੈ। ਇਹਨਾਂ ਸਾਰੇ ਵਰਤਾਰਿਆਂ ਨੂੰ ਜ਼ਿਹਨ ਵਿੱਚ ਰੱਖ ਕੇ ਹੀ ਇਸ ਦੀਆਂ ਕੜੀਆਂ ਬੇਅੰਤ ਸਿੰਘ ਦੀ ਸ਼ਹਾਦਤ ਨਾਲ ਜੋੜੀਆਂ ਜਾ ਸਕਦੀਆਂ। ਪੰਜਾਬ ਦੁਖਾਂਤ ਦੇ ਇਸ ਸਾਰੇ ਵਰਤਾਰੇ ਦਾ ਸੂਤਰਧਾਰ ਕੇਂਦਰ ਦੀ ਹਾਕਮ ਕਾਂਗਰਸ ਸਰਕਾਰ ਹੀ ਸੀ, ਜਿਸ ਦੀ ਅਗਵਾਈ ਸ੍ਰੀਮਤੀ ਇੰਦਰਾ ਗਾਂਧੀ ਕਰਦੀ ਸੀ ਤੇ ਇੰਦਰਾ ਗਾਂਧੀ ਦਾ ਕਤਲ ਵੀ ਇਸੇ ਕੜੀ ਦੀ ਅਗਲੇਰੀ ਲੜੀ ਵਜੋਂ ਹੁੰਦਾ ਹੈ। ਪੰਜਾਬੀਆਂ ਨੂੰ ਜਜ਼ਬਾਤੀ ਤੌਰ 'ਤੇ ਹਰਿਮੰਦਰ ਸਾਹਿਬ ਦੇ ਉੱਪਰ ਹੋਏ ਫ਼ੌਜੀ ਹਮਲੇ ਨੇ ਵਲੂੰਧਰ ਕੇ ਰੱਖ ਦਿੱਤਾ ਸੀ। ਅਕਾਲ ਤਖਤ ਨੂੰ ਟੈਂਕਾਂ ਨਾਲ ਟਾਰਗੇਟ ਕਰਨਾ ਆਪਣੇ-ਆਪ ਵਿੱਚ ਭਾਰਤ ਦੀ ਹਕੂਮਤ ਲਈ ਇੱਕ ਸ਼ਰਮਨਾਕ ਘਟਨਾ ਸੀ। ਇੱਕ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਨੂੰ, ਜਿਸ ਦੀਆਂ ਅਨੇਕਾਂ ਕੰਟਰੋਡਕਸ਼ਨ ਉਸ ਦੇ ਆਪਣੇ ਸਮਕਾਲੀ ਗਰਮ ਧੜੇ ਦੇ ਲੋਕਾਂ ਨਾਲ ਸਨ, ਉਸ ਨੂੰ ਗ੍ਰਿਫਤਾਰ ਕਰਨ ਲਈ ਏਡੇ ਵੱਡੇ ਫੌਜੀ ਐਕਸ਼ਨ ਦੀ ਕੋਈ ਲੋੜ ਨਹੀਂ ਸੀ। ਜਿਨ੍ਹਾਂ ਗਰਮ ਧੜਿਆਂ ਦੀ ਆਪਸ ਵਿੱਚ ਤਿੱਖੀ ਕੰਟਰੋਡਕਸ਼ਨ ਸੀ, ਉਹਨਾਂ ਨੂੰ ਵਰਤਿਆ ਜਾ ਸਕਦਾ ਸੀ। ਭਾਰਤੀ ਏਜੰਸੀਆਂ ਬੜੇ ਆਰਾਮ ਨਾਲ ਇਹ ਕੰਮ ਕਰ ਸਕਦੀਆਂ ਸਨ। ਜਿਨ੍ਹਾਂ 'ਚੋਂ ਬੱਬਰ ਖਾਲਸਾ ਤੇ ਅਖੰਡ ਕੀਰਤਨੀ ਜਥਾ ਪ੍ਰਮੁੱਖ ਸਨ। ਭਾਰਤ ਦੀਆਂ ਵੱਖ-ਵੱਖ ਏਜੰਸੀਆਂ ਇਸ ਸਾਰੇ ਕੁਝ ਨੂੰ ਦੇਖ ਰਹੀਆਂ ਸਨ, ਫਿਰ ਵੀ ਭਾਰਤ ਦੀ ਹਕੂਮਤ ਨੇ ਜਿਸ ਤਰੀਕੇ ਨਾਲ ਹਰਿਮੰਦਰ ਸਾਹਿਬ ਵਿੱਚ ਫੌਜੀ ਕਾਰਵਾਈ ਨੂੰ ਅੰਜਾਮ ਦਿੱਤਾ, ਉਸ ਨਾਲ ਦੁਨੀਆ ਭਰ 'ਚ ਵੱਸਦੇ ਸਿੱਖਾਂ ਦੇ ਜਜ਼ਬਾਤੀ ਹੋਣਾ ਹੀ ਸੀ। ਉਸ ਘਟਨਾ ਤੋਂ ਬਾਅਦ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਤੇ ਉਸ ਕਤਲ ਦੇ ਸਿੱਟੇ ਵਜੋਂ ਹਿੰਦੁਸਤਾਨ ਭਰ ਵਿੱਚ ਵੱਸਦੇ ਨਿਰਦੋਸ਼ ਸਿੱਖਾਂ ਦਾ ਕਤਲੇਆਮ ਜਿਹਨੂੰ ਅਸੀਂ ਸਿੱਖ ਨਸਲਕੁਸ਼ੀ ਦੇ ਨਾਂਅ ਨਾਲ ਵੀ ਯਾਦ ਕਰਦੇ ਹਾਂ, ਇਹ ਇਸੇ ਘਟਨਾਵਾਂ ਦੇ ਅਗਲੇ ਪੜਾਅ ਵਜੋਂ ਵਿਕਸਿਤ ਹੁੰਦੇ ਹਨ। ਪੰਜਾਬ ਲੱਗਭੱਗ ਡੇਢ ਦਹਾਕਾ ਇਸ ਸਾਰੇ ਦੁਖਾਂਤ ਨੂੰ ਆਪਣੇ ਪਿੰਡੇ 'ਤੇ ਝੱਲਦਾ ਰਿਹਾ। ਟਰੈਕਟਰ-ਟਰਾਲੀਆਂ ਨਿਰਦੋਸ਼ ਲੋਕਾਂ ਦੀਆਂ ਮਕਾਣਾਂ ਢੋਂਹਦੀਆਂ ਰਹੀਆਂ। ਪੰਜਾਬ ਵਿੱਚ ਰਹਿਣਾ ਆਪਣੇ-ਆਪ ਵਿੱਚ ਏਡੀ ਵੱਡੀ ਮੁਸੀਬਤ ਬਣ ਗਿਆ ਕਿ ਇਸ ਨੂੰ ਰਾਜਸੀ ਧਿਰਾਂ ਦੇਸ਼ ਭਰ 'ਚ ਪ੍ਰਚਾਰਨ ਲੱਗ ਪਈਆਂ। ਜਿਵੇਂ ਇੰਦਰਾ ਗਾਂਧੀ ਪੰਜਾਬ ਦੇ ਅੱਤਵਾਦੀ ਵਰਤਾਰੇ ਨੂੰ ਹਿੰਦੂਆਂ ਦੀ ਹੋਣੀ ਲਈ ਘਾਤਕ ਸਿੱਧ ਕਰਕੇ ਉਸ ਨੂੰ ਖਤਮ ਕਰਨ ਦੇ ਨਾਂਅ 'ਤੇ ਸਮੁੱਚੇ ਭਾਰਤ ਵਿਚ ਦੁਰਗਾ ਦਾ ਰੂਪ ਧਾਰਨਾ ਚਾਹੁੰਦੀ ਸੀ, ਇਸੇ ਪ੍ਰਸੰਗ ਵਿੱਚ ਹੋਰ ਰਾਜਸੀ ਧਿਰਾਂ ਵੀ ਇਸ ਨੂੰ ਆਪਣੇ ਹਿੱਤਾਂ ਲਈ ਵਰਤਣਾ ਚਾਹੁੰਦੀਆਂ ਸਨ। ਪੰਜਾਬ ਦੀਆਂ ਬਾਕੀ ਲੱਗਭੱਗ ਸਾਰੀਆਂ ਰਾਜਸੀ ਧਿਰਾਂ ਕਿਸੇ ਵੀ ਕੀਮਤ 'ਤੇ ਸ਼ਾਂਤੀ ਚਾਹੁੰਦੀਆਂ ਸਨ, ਉਹਨਾਂ ਨੇ ਬੇਅੰਤ ਸਿੰਘ ਦੇ ਰਾਜ ਨੂੰ ਜੀ ਆਇਆਂ ਆਖਿਆ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪੁਸਤਕ ਰੀਵਿਊ

### ਐਸੀ ਦਸ਼ਾ ਹਮਾਰੀ

**ਡਾ. ਐੱਸ ਐੱਲ ਵਿਰਦੀ**
(ਨਾਟਕ ਸੰਗ੍ਰਹਿ)
**ਸਫ਼ੇ-288, ਕੀਮਤ-300 ਰੁਪਏ**
**ਪੰਜਾਬੀ ਵਿਰਸਾ ਟਰੱਸਟ, ਪਲਾਹੀ**

ਦਲਿਤ ਦੀ ਪੀੜ-ਕਥਾ ਦੇ ਕਈ ਸਿਰੇ ਨੇ। ਵਿਅਕਤੀਗਤ-ਸਮੂਹਿਕ ਵਜੂਦ ਹਾਸਲ ਕਰਨ ਲਈ ਸੰਘਰਸ਼ ਜਾਰੀ ਹਨ। ਆਜ਼ਾਦੀ ਦੇ ਘਣੇ ਵਰ੍ਹੇ ਬੀਤ ਜਾਣ ਬਾਅਦ ਵੀ ਸਥਿਤੀ ਬਦਲਾਓ ਨੂੰ ਉਡੀਕ ਰਹੀ ਹੈ।ਸਮਾਜਿਕ, ਆਰਥਿਕ, ਰਾਜਸੀ, ਸੱਭਿਆਚਾਰਕ, ਧਾਰਮਿਕ ਪਾੜ ਦਾ ਵਧਣਾ ਚਿੰਤਾਜਨਕ ਹੈ। ਦਲਿਤ ਸਾਹਿਤ ਇਸ ਵਿੱਥ ਨੂੰ ਤੋੜਨ ਦੀ ਗੱਲ ਕਰਦਾ ਹੋਇਆ ਝੂਠੀ ਹਮਦਰਦੀ, ਫੋਕੀ ਸੰਵੇਦਨਾ-ਸਨਮਾਨ ਤੋਂ ਅਗਾਂਹ ਜਾ ਕੇ ਸਮਾਜਿਕ ਹਕੀਕਤ ਪਛਾਣਦਾ ਹੈ, ਸੱਤਾ ਦੀ ਸ਼ਨਾਖਤ ਕਰਦਾ ਹੈ, ਤਾਰਕਿਕ ਦ੍ਰਿਸ਼ਟੀ ਨਾਲ 'ਸ਼ਬਦ' ਨੂੰ ਤਰਕੀਬ, ਹਥਿਆਰ ਬਣਾਉਂਦਾ ਹੈ। ਸਾਹਿਤਕਾਰੀ ਦੇ ਵਿਵਿਧ ਰੂਪ, ਚੇਤਨਾ 'ਚ ਤਬਦੀਲ ਹੋ ਕੇ ਘੇਰਾ ਵੱਡਾ ਕਰਦੇ ਹਨ। ਸੁਚੇਤ ਪੱਧਰ ਦੀ ਸਿਰਜਣਕਾਰੀ ਵੀ ਯੋਗਦਾਨ ਪਾਉਣ ਲੱਗਦੀ ਹੈ।ਐੱਸ ਐੱਲ ਵਿਰਦੀ ਅਜਿਹਾ ਹੀ ਨਾਂਅ ਹੈ, ਜੋ ਇਸ ਖੇਤਰ ਵਿਚ ਜੁਟਿਆ ਹੋਇਆ ਹੈ। ਪੰਜਾਬੀ, ਅੰਗਰੇਜ਼ੀ ਵਿਚ ਸੌ ਤੋਂ ਵਧੀਕ ਕਿਤਾਬਚੇ, ਵੀਡੀਓ ਆਦਿ ਹਵਾਲਾ ਮਾਤਰ ਹਨ।'ਐਸੀ ਦਸ਼ਾ ਹਮਾਰੀ' ਵਿਚ ਦਰਜ ਅਠਾਈ ਨਾਟਕ/ਸੀਰੀਅਲ ਦੱਸ ਪਾਉਂਦੇ ਹਨ ਕਿ ਦਲਿਤ ਸਾਹਿਤ, ਨਵੀਨਤਾ ਦਾ ਸਾਹਿਤ ਹੈ। ਵਿਰਦੀ ਅਜਿਹੇ ਸਮਾਜ ਦਾ ਇਛੁੱਕ ਹੈ, ਜਿੱਥੇ 'ਸਮਾਜ ਸੰਘਰਸ਼ਤ ਹੋਵੇ, ਤਰਕ-ਤਕਾਜ਼ਾ ਬਣੇ, ਗਿਆਨ-ਵਿਗਿਆਨ ਦਾ ਬੋਲ-ਬਾਲਾ ਹੋਵੇ, ਲੋਕਤੰਤਰ ਲੋਕਾਂ ਦਾ, ਲੋਕਾਂ ਦੁਆਰਾ, ਲੋਕਾਂ ਲਈ ਹੋਵੇ। ਜਿੱਥੇ ਸਭ ਰਲ-ਮਿਲ ਕੇ ਜਾਤ- ਜਮਾਤ ਤੋਂ ਰਹਿਤ ਸਮਾਜ ਵਿਚ ਰਹਿਣ। ਜਿੱਥੇ ਹਰ ਮਨੁੱਖ ਨੂੰ ਮੌਕਾ ਮਿਲੇ, ਨੌਜਵਾਨਾਂ ਨੂੰ ਆਪਣਾ ਭਵਿੱਖ ਰੋਸ਼ਨ ਦਿਸੇ, ਬਜ਼ੁਰਗਾਂ ਤੇ ਬੇਸਹਾਰਿਆਂ ਨੂੰ ਆਪਣਾ ਬੁਢਾਪਾ ਸੁਰੱਖਿਆ ਮਿਲੇ।'




ਸਮਾਜਿਕ ਚੇਤਨਾ ਨਾਲ ਹੀ ਰਾਜਸੀ ਚੇਤਨਾ ਸੰਭਵ ਹੋ ਸਕਦੀ ਹੈ।ਪਹਿਲੇ ਨਾਟਕ 'ਪਿੰਡ ਤੋਂ ਬਾਹਰ ਦੇ ਲੋਕ' ਦਾ ਬਿਰਹਾ ਸੰਵਾਦ ਰੂਪ 'ਸਵਾਲ ਕਰਦਾ ਹੈ:' ਵੀਰ ਜੀ, ਸਮਾਜ ਵਿਕਾਸ ਤੇ ਸੁੱਖ ਸੁਵਿਧਾ ਦੇ ਸਭ ਅਦਾਰੇ ਚਾਹੇ ਉਹ ਸਰਕਾਰੀ ਸਕੂਲ, ਸਹਿਕਾਰੀ ਬੈਂਕ, ਡਾਕਘਰ, ਰਾਸ਼ਨ ਡਿਪੂ, ਗਰਾਉਂਡ, ਡਿਸਪੈਂਸਰੀ, ਅੱਡਾ, ਸੜਕਾਂ, ਪੰਚਾਇਤ ਘਰ ਆਦਿ ਸਭ ਉੱਚੀਆਂ ਜਾਤੀਆਂ ਦੇ ਪਾਸੇ ਹੀ ਕਿਉਂ ਹਨ ? ) ਸਫ਼ੇ/20-21) ਇਉਂ 'ਤਿੰਨ ਪੀੜ੍ਹੀਆਂ ਦਾ ਸੰਤਾਪ' ਦੱਸਦਾ ਹੈ ਕਿ 'ਦਲਿਤ ਜਾਤ ਦਾ ਬੰਦਾ ਅਛੂਤ, ਨੀਚ ਰਹਿ ਕੇ ਹੀ ਮਰ ਜਾਂਦਾ ਹੈ।'ਦਲਿਤ ਔਰਤਾਂ ਦੀ ਦਾਸਤਾਨ' ਦਾ ਵੱਖਰਾ ਅਧਿਆਇ ਹੈ। ਅਗਿਆਨਤਾ ਵੱਡਾ ਜ਼ਿੰਮੇਵਾਰ ਕਾਰਕ ਹੈ।'ਅਨਪੜ੍ਹ ਘਨੱਈਆ ਹਾਈਕੋਰਟ' ਦਾ ਥੀਮ ਇਸ਼ਾਰਾ ਕਰਦਾ ਹੈ ਕਿ ਉੱਚ ਘਰਾਣੇ ਸਿੱਖਿਅਕ ਸੰਸਥਾਵਾਂ ਨੂੰ ਕਾਬਜ਼ ਕਰ ਸ਼ੋਸ਼ਣ ਦਾ ਆਧਾਰ ਬਣਾਉਂਦੇ ਹਨ। ਡਾ. ਅੰਬੇਡਕਰ ਦਾ ਜੀਵਨ-ਦਰਸ਼ਨ, ਵਿਗਿਆਨਕ ਪਹੁੰਚ, ਰਾਜਸੀ ਸਮਝ ਭ੍ਰਿਸ਼ਟ ਪ੍ਰਬੰਧ ਨੂੰ ਭੰਡਦੀ ਹੈ।'ਵਾਹਗਾ ਬਾਰਡਰ' ਅਤੇ 'ਪਰਉਪਕਾਰੀ ਬਾਬਾ ਅੰਬੇਡਕਰ', ਨਵੇਂ ਸਮਾਜ ਦੀ ਸਿਰਜਣਾ' ਆਦਿ ਅਜਿਹੀਆਂ ਨਾਟ ਰਚਨਾਵਾਂ ਹਨ।

ਵਰਣ ਪ੍ਰਬੰਧ ਅਤੇ ਅਣਮਨੁੱਖੀ ਵਰਤਾਰਿਆਂ/ਬੰਧਨਾਂ ਨੇ ਹਾਸ਼ੀਆਗਤ ਸ਼੍ਰੇਣੀਆਂ ਨੂੰ ਉਤਾਂਹ ਉੱਠਣ ਤੋਂ ਰੋਕਿਆ।ਸਮਾਜਿਕ ਵਿਹਾਰ 'ਚ 'ਮਨੁੱਖ ਮਰਦਾ ਹੈ, ਜਾਤ ਜ਼ਿੰਦਾ ਰਹਿੰਦੀ ਹੈ।'

ਸਮਕਾਲੀ ਜਨ-ਜੀਵਨ ਵਿਚ ਕਿਰਤੀ ਬੰਦੇ ਨੂੰ ਚਹੁੰ ਬੰਨਿਓਂ ਘੇਰ ਕੇ ਤਨ-ਮਨ ਲੁੱਟਿਆ ਜਾਂਦਾ ਹੈ।'ਕਰ ਮਜ਼ਦੂਰੀ ਖਾਹ ਝਿੜਕਾਂ', 'ਕੋਰੋਨਾ ਕਰਫ਼ਿਊ 'ਚ ਤੜਫ਼ਦੇ ਮਜ਼ਦੂਰ', 'ਜੋ ਜ਼ਮੀਨ ਸਰਕਾਰੀ ਹੈ ਉਹ ਜ਼ਮੀਨ ਹਮਾਰੀ ਹੈ', 'ਮਨਰੇਗਾ ਮਜ਼ਦੂਰਾਂ ਦੀ ਤ੍ਰਾਸਦੀ' ਆਦਿ ਨਾਟ-ਕਿਰਤਾਂ ਜਾਗਰੂਕਤਾ ਦਾ ਮਾਧਿਅਮ ਬਣਦੀਆਂ ਹਨ।

'ਧੀ ਧਿਆਣੀ ਕਿੱਥੇ ਜਾਵੇ', 'ਸਾਡੀ ਸਿਮੀ ਜੱਜ ਬਣੂੰਗੀ' ਆਦਿ ਪ੍ਰਚਲਿਤ ਵਿਚਾਰਾਂ ਨੂੰ ਬਦਲਣ ਦਾ ਰਾਹ ਦੱਸਦੇ ਹਨ।'ਸੱਭਿਆਚਾਰਕ ਇਨਕਲਾਬ' ਦੇ ਸੁਪਨ ਸੁਨੇਹੇ ਵਜੋਂ 'ਹਰ ਭਾਰਤੀ ਨੂੰ ਜਾਤ, ਧਰਮ ਤੇ ਪਾਰਟੀ ਪਾਲਿਟਿਕਸ ਤੋਂ ਉੱਪਰ ਉੱਠ ਕੇ ਅੱਗੇ ਆਉਣਾ ਪਵੇਗਾ, ਤਾਂ ਹੀ ਭਾਰਤੀ ਸੰਵਿਧਾਨ ਲੋਕਤੰਤਰ ਦੇ ਫੈਡਰਲ ਢਾਂਚੇ ਦਾ ਬਚਾਅ ਹੋਵੇਗਾ। ਤਦ ਹੀ ਅਸਲੀ ਆਜ਼ਾਦੀ ਘੁਲਾਟੀਏ, ਡਾਕਟਰ ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਹੁਰਾਂ ਦੇ ਸੰਕਲਪ ਪੂਰੇ ਹੋਣਗੇ।' (ਸਫ਼ਾ/269)

ਇਹ ਨਾਟਕ ਵਿਰੋਧੀ ਅਤੇ ਨਿਰਾਸ਼ਾਜਨਕ ਵਾਤਾਵਰਨ ਨੂੰ ਸੁਚੇਤਨਾ ਅਤੇ ਸਿਆਣਪਤਾ ਨਾਲ ਸਮਝਣ ਦਾ ਯਤਨ ਕਰਦੇ ਹਨ, ਪਰ ਹਰੇਕ ਵਿਧਾ ਦਾ ਆਪਣਾ ਸੰਰਚਨਾਤਮਕ ਪ੍ਰਬੰਧ ਹੁੰਦਾ ਹੈ। ਉਸ ਦੀ ਬਣਤਰ-ਬੁਣਤਰ ਨੂੰ ਭਿੰਨ ਤੱਤਾਂ ਦਾ ਸੰਗਠਨ ਬੰਨ੍ਹਦਾ ਹੈ। ਇਹ ਇਕਹਿਰੀ ਭਾਂਤ ਦੇ ਨਾਟਕ ਹਨ। ਭਾਸ਼ਣੀ ਜੁਗਤ ਵਾਲੇ। ਇੰਝ ਰਚਨਾ ਦੇ ਸਿਰਲੇਖ ਦਾ ਵੀ ਮੁੱਲ ਵਿਧਾਨ ਹੁੰਦਾ ਹੈ, ਰਤਾ ਉਧਰ ਧਿਆਨ ਦੀ ਮੰਗ ਮਹਿਸੂਸ ਹੁੰਦੀ ਹੈ।ਵਿਅੰਗ, ਕੁਮੈਂਟਰੀ, ਸਾਦੀ ਭਾਸ਼ਾ, ਜੁਗਤਾਂ ਨੂੰ 'ਨੁੱਕੜ' ਵਿਚ ਢਾਲ ਕੇ ਤਜਰਬਾ ਕੀਤਾ ਜਾ ਸਕਦਾ ਹੈ।ਇਹ ਸੀਰੀਅਲ/ ਫਿਲਮਾਂਕਣ ਲਈ ਵਧੀਆ ਸਕ੍ਰਿਪਟਾਂ ਸਿੱਧ ਹੋ ਸਕਦੀਆਂ ਹਨ। ਦੁਹਰਾਅ ਤੋਂ ਬਚਣ ਲਈ ਕੁਝ ਸਕ੍ਰਿਪਟਾਂ ਨੂੰ ਸੂਤਰਬੱਧ ਕੀਤਾ ਜਾ ਸਕਦਾ ਹੈ। ਇਨ੍ਹਾਂ ਨਾਟਕ ਦੇ ਮੰਚਨ ਸੁਭਾਅ ਅਨੁਕੂਲ ਨਿਰਦੇਸ਼ਕ ਨੂੰ ਕਾਫ਼ੀ ਮਿਹਨਤ ਕਰਨੀ ਪਵੇਗੀ।

ਵਿਰਦੀ ਦੀ ਨਾਟ-ਸਿਰਜਣਕਾਰੀ ਦਾ ਇਹ ਗੁਣ ਉੱਭਰਵਾਂ ਹੈ ਕਿ ਉਹ 'ਸ਼ਰਧਾਵਾਨ ਦੀ ਥਾਂ ਆਲੋਚਨਾਤਮਕ ਦ੍ਰਿਸ਼ਟੀ' ਰੱਖਣ ਦੀ ਕੋਸ਼ਿਸ਼ ਕਰਦਾ ਹੈ। ਖੜੋਤ ਤੋੜਦਾ ਹੈ। ਬੀਤੇ ਦੀ ਮੁੜ ਪੜਚੋਲ ਕਰਦਾ ਹੈ। 'ਦਲਿਤ ਸਾਹਿਤ ਦੇ ਸੁਹਜ ਸ਼ਾਸ਼ਤਰੀ ਅਧਿਐਨ' ਲਈ ਇਹ ਰਚਨਾਵਾਂ ਹਵਾਲੇਯੋਗ ਬਣਨ ਦੀ ਸਮਰੱਥਾ ਰੱਖਦੀਆਂ ਹਨ।

### ਸ਼ਾਇਰੀ

**ਸਵਰਾਜਬੀਰ**
(ਨਾਟਕ)
**ਚੇਤਨਾ ਪ੍ਰਕਾਸ਼ਨ ਲੁਧਿਆਣਾ**

ਪਾਠ, ਪਾਠਕ ਅਤੇ ਪ੍ਰਕਾਸ਼ਕ ਦੀ ਤਿਕੋਣੀ ਸੰਬੰਧਕਾਰੀ ਦਾ ਆਪਣਾ ਮਹੱਤਵ ਹੈ। ਦਿਲਚਸਪ। ਗਿਆਨ ਭਰਪੂਰ। ਵਿਅਕਤੀਗਤ ਲਾਭ ਅਤੇ ਹੋਰ ਬੜਾ ਕੁਝ। ਠੋਸ ਪਾਠ ਪਾਠਕਾਂ ਨੂੰ ਪ੍ਰੇਰਦਾ ਹੈ। ਉਂਝ ਹਰੇਕ ਪਾਠਕ ਦਾ ਆਪਣਾ ਸੁਹਜ-ਸੁਆਦ ਵੀ ਹੁੰਦਾ ਹੈ/ਹੋ ਸਕਦਾ ਹੈ।ਪ੍ਰਕਾਸ਼ਕ ਦੀ ਰੁਚੀ ਉਸ ਘੇਰੇ ਨੂੰ ਵੱਡਾ ਕਰਨ ਵਿਚ ਮਦਦ ਕਰਦੀ ਹੈ। ਲਿਖ਼ਤ ਦੀ ਪੁਨਰ-ਪ੍ਰਕਾਸ਼ਨਾ ਨਾਲ ਸਿਰਜਕ ਅਤੇ ਪ੍ਰਕਾਸ਼ਕ ਦੋਵੇਂ ਉਤਸ਼ਾਹਿਤ ਹੁੰਦੇ ਨੇ। ਚਿਰਾਂ ਤੋਂ ਨਿਰੰਤਰ ਪ੍ਰਕਾਸ਼ਿਤ ਹੋਣ ਵਾਲੀਆਂ ਪੁਸਤਕਾਂ ਵਿਰਲੀਆਂ ਹੀ ਹੁੰਦੀਆਂ ਨੇ। ਸਵਰਾਜਬੀਰ ਪੰਜਾਬੀ ਨਾਟ-ਪਿੜ ਵਿਚ ਅਜਿਹਾ ਨਾਂਅ ਹੈ ; ਜਿਸ ਦੇ ਨਾਟਕਾਂ ਦੀ ਵਿਸ਼ੇਸ਼ਗਤਾ, ਮੱਲੋਜ਼ੋਰੀ ਪਾਠਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਲੈਂਦੀ ਹੈ। ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਚੌਥੀ ਵਾਰ ਪ੍ਰਕਾਸ਼ਿਤ ਹੋਇਆ ਨਾਟਕ 'ਸ਼ਾਇਰੀ' ਇਸ ਦੀ ਗਵਾਹੀ ਭਰਦਾ ਹੈ।




ਨਾਟਕ 'ਸ਼ਾਇਰੀ' ਔਰਤ ਦੀ ਪਛਾਣਕਾਰੀ ਨਾਲ ਜੁੜੇ ਸਵਾਲਾਂ ਨੂੰ ਗੰਭੀਰਤਾ ਨਾਲ ਸੰਬੋਧਤ ਹੁੰਦਾ ਹੈ। ਉਨ੍ਹੀਵੀਂ ਸਦੀ ਦੇ ਪੰਜਾਬ ਦੀ ਸਮਾਜਕ-ਜਾਗੀਰਦਾਰੀ ਵਿਵਸਥਾ ਵਿਚ ਔਰਤ-ਮਰਦ ਵਿਚਲੀ ਜਾਤ, ਮੁਹੱਬਤ, ਵਿੱਥ, ਹੱਕ, ਧਰਮ ਆਦਿ ਸਰੋਕਾਰ 'ਆਇਸ਼ਾ' ਦੇ ਹਵਾਲੇ ਨਾਲ ਰੂਬਰੂ ਹੁੰਦੇ ਹਨ।ਇਲਮ ਅਤੇ ਅਮਲ 'ਚੋਂ ਸ਼ਾਇਰੀ ਦੇ ਰਾਹ ਪੈਣ ਵਾਲੀ ਆਇਸ਼ਾ, ਮਰਦ ਕੇਂਦਰਤ ਸੱਤਾ ਨਾਲ ਭਿੜਦੀ ਹੈ। ਰਹਿਮਤ ਅਲੀ, ਇਲਾਹੀ ਬਖ਼ਸ਼ ਆਦਿ ਦੀ ਮਾਨਸਿਕਤਾ; ਸੰਵੇਦਨਹੀਣਤਾ: ਦੇਹ ਕੇਂਦਰਤ ਤੱਕ ਸੀਮਤ ਹੁੰਦੀ ਹੈ। ਗੁਲਾਬ ਦਾਸ ਦੇ ਡੇਰੇ ਨਾਲ ਵੀ ਸਾਂਝ ਰਹੀ ਹੈ।ਅਗਿਆਨ ਬਨਾਮ ਗਿਆਨ ਦਾ ਸੰਵਾਦ ਛੇੜਨ ਵਾਲੇ ਇਸ ਨਾਟਕ ਦੀ ਪਿੱਠ ਭੂਮੀ ਵਿਚ ਮੱਧਕਾਲੀ ਸ਼ਾਇਰਾ 'ਪੀਰੋ' ਦੀ ਜੀਵਨ-ਘਟਨਾ ਪਈ ਹੈ।ਵੱਡ-ਆਕਾਰੀ ਨਾਟਕ ਵਿਚ ਔਰਤ ਦੇ ਸੁਪਨੇ, ਇਸ਼ਕ, ਵਿਦਰੋਹ ਨੂੰ ਪੇਸ਼ ਕਰਨ ਲਈ ਬੌਧਿਕ, ਤਰਕਮਈ ਸੰਵਾਦ ਤੋਂ ਬਿਨਾਂ ਮੱਧਕਾਲੀ ਸੂਫ਼ੀ ਭਾਂਤ ਦੀਆਂ ਕਵਿਤਾਵਾਂ, ਸੂਤਰਧਾਰ, ਕੋਰਸ ਆਦਿ ਨਾਟ-ਭਾਸ਼ਾਈ ਜੁਗਤਾਂ ਦਾ ਸਹਾਰਾ ਲਿਆ ਗਿਆ ਹੈ।

**— ਡਾ. ਚੰਦਰ ਪ੍ਰਕਾਸ਼**


## ਸੱਜਰਾ ਸਾਹਿਤ




**ਮਹਿਕਦੇ ਅਹਿਸਾਸ**
**ਸੀਤਲ ਸਿੰਘ ਗੁੰਨੋਪੁਰੀ**
**ਮੁੱਲ : 200, ਸਫ਼ੇ : 112**
**ਪ੍ਰਕਾਸ਼ਤ ਖ਼ੁਦ**




**ਹਾਇਕੂ ਉਡਾਰੀ**
**ਪ੍ਰੋ. ਪਰਮਜੀਤ ਕੌਰ, ਕਸ਼ਮੀਰੀ ਲਾਲ ਚਾਵਲਾ**
**ਮੁੱਲ : 200, ਸਫ਼ੇ : 104**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**





**ਟੁੰਬਵੇਂ ਬੋਲ**
**ਧਿਆਨ ਸਿੰਘ ਕਾਹਲੋਂ**
**ਮੁੱਲ : 220, ਸਫ਼ੇ : 152**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**





ਬੰਦਿਸ਼ਾਂ ਤੋਂ ਪਾਰ
ਰਮਣੀਕ ਸਿੰਘ ਘੁੰਮਣ
ਮੁੱਲ : 200, ਸਫ਼ੇ : 136
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




**ਸਰਹੱਦੋਂ ਪਾਰ**
ਸੰਪਾ. ਗੁਰਦਿਆਲ ਰੌਸ਼ਨ
ਮੁੱਲ : 249, ਸਫ਼ੇ : 124
ਰੌਸ਼ਨ ਕਲਾ ਕੇਂਦਰ, ਗੁੱਜਰਵਾਲ



**ਮਿੱਟੀ ਤੋਂ ਮਿੱਟੀ ਤੱਕ**
ਸੁਭਾਸ਼ ਦੀਵਾਨਾ
ਮੁੱਲ : 200, ਸਫ਼ੇ : 78
ਪ੍ਰਕਾਸ਼ਕ ਲੇਖਕ ਖ਼ੁਦ




**ਬਾਤਾਂ**
ਜੋਧ ਸਿੰਘ ਮੋਗਾ
ਮੁੱਲ : 300, ਸਫ਼ੇ : 128
ਚੇਤਨਾ ਪ੍ਰਕਾਸ਼ਨ, ਲੁਧਿਆਣਾ




**ਮੇਰੀਆਂ ਚੋਣਵੀਆਂ ਬੋਲੀਆਂ**
ਰਘਬੀਰ ਸਿੰਘ ਗਿੱਲ ਕੱਟੂ
ਮੁੱਲ : 250, ਸਫ਼ੇ : 120
ਕੈਲੀਬਰ ਪਬਲੀਕੇਸ਼ਨ, ਪਟਿਆਲਾ




**ਅਹਿਸਾਸਾਂ ਦੀ ਗੰਢ**
ਯਾਦਵਿੰਦਰ ਸਿੰਘ ਕਲੌਲੀ
ਮੁੱਲ : 150, ਸਫ਼ੇ : 80
ਜੇ ਪੀ ਪਬਲੀਕੇਸ਼ਨ, ਪਟਿਆਲਾ




**ਜ਼ੇਨ ਪੋਇਟਰੀ**
ਕਸ਼ਮੀਰੀ ਲਾਲ ਚਾਵਲਾ
ਮੁੱਲ : 250, ਸਫ਼ੇ : 72
ਤਰਕ ਭਾਰਤੀ, ਬਰਨਾਲਾ

# ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਬਾਰੇ ਕਾਨਫ਼ਰੰਸ ਸੰਪੰਨ




**ਕੈਲੀਫੋਰਨੀਆ :** ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਬਾਰੇ ਸਟਾਕਟਨ (ਕੈਲੀਫੋਰਨੀਆ) ਵਿਖੇ 27 ਸਤੰਬਰ, 2025 ਨੂੰ ਕਰਵਾਈ ਗਈ ਦੂਜੀ ਕਾਨਫ਼ਰੰਸ ਸ਼ਾਨਦਾਰ ਸਫ਼ਲਤਾ ਸਹਿਤ ਸੰਪੰਨ ਹੋਈ। ਇਹ ਕਾਨਫ਼ਰੰਸ ਜੁਝਾਰਵਾਦੀ ਪੰਜਾਬੀ ਕਵਿਤਾ ਨੂੰ ਸਮਰਪਿਤ ਕੀਤੀ ਗਈ। ਕਾਨਫ਼ਰੰਸ ਦਾ ਸ਼ੁਭ-ਆਰੰਭ ਸਭਾ ਦੇ ਪ੍ਰਧਾਨ ਕੁਲਵੰਤ ਸਿੰਘ ਸੇਖੋਂ ਦੇ ਉਦਘਾਟਨੀ ਸ਼ਬਦਾਂ ਨਾਲ ਹੋਇਆ। ਪ੍ਰੋ. ਹਰਭਜਨ ਸਿੰਘ ਨੇ ਪਾਸ਼, ਸੰਤ ਰਾਮ ਉਦਾਸੀ, ਜੈਮਲ ਸਿੰਘ ਪੱਡਾ, ਲਾਲ ਸਿੰਘ ਦਿਲ, ਹਰਭਜਨ ਹਲਵਾਰਵੀ ਅਤੇ ਦਰਸ਼ਨ ਖਟਕੜ ਦੀ ਸ਼ਾਇਰੀ ਦੇ ਹਵਾਲੇ ਨਾਲ ਜੁਝਾਰਵਾਦੀ ਪੰਜਾਬੀ ਕਵਿਤਾ ਦੇ ਯੋਗਦਾਨ ਤੇ ਸਾਰਥਕਤਾ ਬਾਰੇ ਚਾਨਣਾ ਪਾਇਆ। ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਨੇ ਮਨ ਟੁੰਬਵੀਂ ਆਵਾਜ਼ ਵਿਚ ਉਦਾਸੀ ਦੇ ਗੀਤ ਪੇਸ਼ ਕੀਤੇ। ਪ੍ਰੋ. ਹਰਭਜਨ ਸਿੰਘ ਰਚਿਤ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਅਤੇ ਤਾਰਾ ਸਿੰਘ ਸਾਗਰ ਦੀ 'ਸਾਗਰ ਲਹਿਰਾਂ' ਪੁਸਤਕਾਂ ਨੂੰ ਹਾਜ਼ਰ ਨਾਮਵਰ ਸਾਹਿਤਕਾਰਾਂ ਵੱਲੋਂ ਰਿਲੀਜ਼ ਕੀਤਾ ਗਿਆ।

ਪਹਿਲੇ ਸੈਸ਼ਨ ਵਿਚ ਚਾਰ ਖੋਜ-ਪੱਤਰ ਪੇਸ਼ ਕੀਤੇ ਗਏ। ਡਾ. ਧਨਵੰਤ ਕੌਰ ਨੇ ਆਪਣੇ ਪੇਪਰ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਵਿਚ ਲੇਖਕ ਵੱਲੋਂ ਦਰਜ ਨਿੱਗਰ ਅਨੁਭਵਾਂ ਤੇ ਮੁੱਲਵਾਨ ਸਿਮਰਤੀਆਂ ਦੇ ਹਵਾਲੇ ਨਾਲ ਦੱਸਿਆ ਕਿ ਉਸ ਨੇ ਆਪਣੇ ਪਰਵਾਸੀ ਅਨੁਭਵਾਂ ਦੀ ਪੜਚੋਲਵੀਂ ਪੇਸ਼ਕਾਰੀ ਦੇ ਨਾਲ-ਨਾਲ ਅਮਰੀਕੀ ਸਾਮਰਾਜੀ ਤੰਤਰ ਦੇ ਹੀਜ਼-ਪਿਆਜ਼ ਨੂੰ ਬਾਖ਼ੂਬੀ ਨਸ਼ਰ ਕੀਤਾ ਹੈ। ਡਾ. ਗੁਰਪਾਲ ਸਿੰਘ ਸੰਧੂ ਨੇ ਆਪਣਾ ਖੋਜ-ਪੱਤਰ 'ਅਮਰੀਕੀ ਪੰਜਾਬੀ ਸਾਹਿਤ ਸਿਰਜਣਾ' ਦੀ ਬਹੁ-ਵਿਧਾਵੀ ਰਚਨਾ ਵਿਉਂਤ ਪੇਸ਼ ਕਰਦਿਆਂ ਚਾਰ ਪ੍ਰਮੁੱਖ ਲੇਖਕਾਂ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ, ਸੁਰਿੰਦਰ ਸੀਰਤ ਅਤੇ ਲਾਜ ਨੀਲਮ ਸੈਨੀ ਦੀਆਂ ਰਚਨਾਵਾਂ ਦੇ ਹਵਾਲੇ ਦਿੱਤੇ।

ਡਾ. ਜਸਵਿੰਦਰ ਸਿੰਘ ਨੇ ਆਪਣੇ ਪੇਪਰ 'ਸਮਕਾਲੀ ਅਮਰੀਕੀ ਪੰਜਾਬੀ ਕਵਿਤਾ ਦੇ ਉੱਭਰਦੇ ਰੁਝਾਨ' ਵਿਚ ਉਜਾਗਰ ਕੀਤਾ ਕਿ ਇਹ ਕਵੀ ਉਦਰੇਵਿਆਂ ਅਤੇ ਪੀੜ੍ਹੀ ਪਾੜਿਆਂ ਦੇ ਮੁੱਖ ਸਰੋਕਾਰਾਂ ਦੀ ਬਜਾਏ ਪਰਵਾਸੀ ਪ੍ਰਸੰਗ ਨੂੰ ਆਪਣੀ ਪ੍ਰਮਾਣਿਕ ਹੋਂਦ ਹਸਤੀ ਤੇ ਇਸ ਸਮਾਜ/ਮੁਲਕ ਦੇ ਹਿੱਸੇਦਾਰ ਹੋਣ ਦੇ ਤਰਕ ਨੂੰ ਉਭਾਰ ਰਹੇ ਹਨ। ਇਹ ਚਾਰੇ ਖੋਜ-ਪੱਤਰ ਸਮਕਾਲੀ ਅਮਰੀਕੀ ਪੰਜਾਬੀ ਸਾਹਿਤ, ਖ਼ਾਸ ਕਰਕੇ ਕਵਿਤਾ, ਗਲਪ ਅਤੇ ਵਾਰਤਕ ਰਾਹੀਂ ਪੇਸ਼ ਹੋ ਰਹੀ ਅਮਰੀਕੀ ਪੰਜਾਬੀ ਬੰਦੇ ਦੀ ਸੱਭਿਆਚਾਰਕ ਸ਼ਨਾਖ਼ਤ ਦੇ ਨਾਲ-ਨਾਲ ਉਸ ਦੀ ਹੋਂਦ, ਹੋਣੀ ਤੇ ਹਸਤੀ ਦੀ ਨਿਸ਼ਾਨਦੇਹੀ ਤੇ ਨਿਰਮਾਣਕਾਰੀ ਕਰਨ ਵਿਚ ਸਫ਼ਲ ਰਹੇ। ਇਹਨਾਂ ਖੋਜ-ਪੱਤਰਾਂ ਬਾਰੇ ਕੈਨੇਡਾ ਤੋਂ ਆਏ ਗਲਪਕਾਰ ਅਮਰਜੀਤ ਸਿੰਘ ਚਾਹਲ ਨੇ ਮੁੱਲਵਾਨ ਟਿੱਪਣੀਆਂ ਕੀਤੀਆਂ।

ਇਸ ਦੌਰਾਨ ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ. ਗੁਰਪਾਲ ਸਿੰਘ ਸੰਧੂ, ਡਾ. ਮਨਜੀਤ ਕੌਰ ਸੰਧੂ, ਡਾ. ਮਨਜਿੰਦਰ ਸਿੰਘ, ਅਮਰਜੀਤ ਚਾਹਲ, ਪ੍ਰਿਤਪਾਲ ਕੌਰ ਉਦਾਸੀ ਅਤੇ ਤਾਰਾ ਸਿੰਘ ਸਾਗਰ ਦਾ ਸਨਮਾਨ ਕੀਤਾ ਗਿਆ। ਅਖੀਰ ਵਿਚ ਡਾ. ਜਸਵਿੰਦਰ ਸਿੰਘ ਨੇ ਕਾਨਫ਼ਰੰਸ ਵਿਚ ਹੋਏ ਸਾਰਥਕ ਸੰਵਾਦ ਦੀ ਸ਼ਲਾਘਾ ਕਰਦਿਆਂ ਇਹ ਉਭਾਰਿਆ ਕਿ ਅਜਿਹਾ ਸਾਹਿਤ ਭਾਰਤੀ ਪੰਜਾਬ ਅਤੇ ਅਮਰੀਕਾ ਸਮੇਤ ਸਮੁੱਚੇ ਪੰਜਾਬੀ ਭਾਈਚਾਰੇ ਦਰਮਿਆਨ ਇਕ ਅਹਿਮ ਪੁਲ ਹੈ, ਜਿਸ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਮੰਚ ਸੰਚਾਲਨ ਦੀ ਸਮੁੱਚੀ ਜ਼ਿੰਮੇਵਾਰੀ ਮਨਦੀਪ ਗੋਰਾ ਤੇ ਹਰਪ੍ਰੀਤ ਕੌਰ ਧੂਤ ਨੇ ਬਾਖ਼ੂਬੀ ਨਿਭਾਈ।

# ਬਾਲ ਕਹਾਣੀ-ਸੰਗ੍ਰਹਿ 'ਏਕਮ' ਲੋਕ ਅਰਪਣ

**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਹੋਇਆ, ਜਿਸ ਵਿੱਚ ਉਰਦੂ ਦੇ ਨਾਮਵਰ ਗ਼ਜ਼ਲਕਾਰ ਡਾ. ਮੁਹੰਮਦ ਅਸ਼ਰਫ਼ ਨਾਲ ਸਾਹਿਤਕ ਮਿਲਣੀ ਕਰਵਾਈ ਗਈ। ਇਸ ਸਮਾਗਮ ਦੀ ਪ੍ਰਧਾਨਗੀ ਸਿਰਮੌਰ ਪੰਜਾਬੀ ਸਾਹਿਤਕਾਰ ਡਾ. ਮੀਤ ਖਟੜਾ ਨੇ ਕੀਤੀ ਅਤੇ ਉੱਘੇ ਨਾਵਲਕਾਰ ਸੁਖਵਿੰਦਰ ਸਿੰਘ ਬਾਲੀਆਂ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸੰਬੰਧੀ ਯਾਦਾਂ ਸਾਂਝੀਆਂ ਕਰਦਿਆਂ ਡਾ. ਅਸ਼ਰਫ਼ ਨੇ



ਕਿਹਾ ਕਿ ਵਧੀਆ ਸਾਹਿਤਕ ਸਿਰਜਣਾ ਲਈ ਵਧੀਆ ਸਾਹਿਤ ਪੜ੍ਹਨਾ ਲਾਜ਼ਮੀ ਹੈ। ਸਮਾਗਮ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਉੱਘੇ ਸਾਹਿਤਕਾਰ ਨੂਰ ਮੁਹੰਮਦ ਨੂਰ ਨੇ ਉਨ੍ਹਾਂ ਦੇ ਰੂ-ਬ-ਰੂ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਸਰੋਤਿਆਂ ਨਾਲ ਜਾਣ-ਪਛਾਣ ਕਰਵਾਈ। ਇਸ ਸਮਾਗਮ ਵਿੱਚ ਸਭਾ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਰਾਜਨ ਦੀ ਬਾਲ ਕਹਾਣੀਆਂ ਦੀ ਪੁਸਤਕ 'ਏਕਮ' ਵੀ ਲੋਕ ਅਰਪਣ ਕੀਤੀ ਗਈ। ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਮੀਤ ਖਟੜਾ ਨੇ ਕਿਹਾ ਕਿ ਸ਼ਖ਼ਸੀਅਤ ਦੀ ਉਸਾਰੀ ਵਿੱਚ ਬਾਲ ਸਾਹਿਤ ਦੀ ਭੂਮਿਕਾ ਅਹਿਮ ਹੈ। ਸੁਖਵਿੰਦਰ ਸਿੰਘ ਬਾਲੀਆਂ ਨੇ ਕਿਹਾ ਕਿ ਰਜਿੰਦਰ ਸਿੰਘ ਰਾਜਨ ਦੀ ਪੁਸਤਕ ਸਿਲੇਬਸ ਵਿੱਚ ਲੱਗਣ ਦੇ ਪੂਰੀ ਤਰ੍ਹਾਂ ਯੋਗ ਹੈ। ਸਭਾ ਵੱਲੋਂ ਇਨ੍ਹਾਂ ਦੋਵਾਂ ਸਾਹਿਤਕਾਰਾਂ ਨੂੰ ਵਡਮੁੱਲੇ ਸਾਹਿਤਕ ਯੋਗਦਾਨ ਲਈ ਸਨਮਾਨਿਤ ਵੀ ਕੀਤਾ ਗਿਆ।ਉਪਰੰਤ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਵੱਡੀ ਗਿਣਤੀ 'ਚ ਕਵੀਆਂ ਨੇ ਹਾਜ਼ਰੀ ਲੁਆਈ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਸਭਾ ਵੱਲੋਂ ਚਲਾਏ ਜਾ ਰਹੇ ਕਵਿਤਾ ਸਕੂਲ ਦੇ ਸੰਚਾਲਨ ਦੇ ਨਾਲ-ਨਾਲ ਮੰਚ ਸੰਚਾਲਨ ਦੀ ਭੂਮਿਕਾ ਵੀ ਸੁਖਵਿੰਦਰ ਸਿੰਘ ਲੋਟੇ ਨੇ ਬਾਖ਼ੂਬੀ ਨਿਭਾਈ।


# ਜਗਦੀਸ਼ ਰਾਣਾ ਦੀਆਂ ਦੋ ਪੁਸਤਕਾਂ ਸ਼ਾਇਰਾਂ ਦੀ ਦੁਨੀਆ 1 ਤੇ 2 ਹੋਈਆਂ ਲੋਕ ਅਰਪਣ



**ਫਗਵਾੜਾ**-ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵੱਲੋਂ ਡਾ. ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਇਕ ਵਿਸ਼ਾਲ ਸਾਹਿਤਕ ਇਕੱਠ ਕਰਕੇ ਉੱਘੇ ਲੋਕ ਸ਼ਾਇਰ ਜਗਦੀਸ਼ ਰਾਣਾ ਦੀਆਂ ਦੋ ਪੁਸਤਕਾਂ 'ਸ਼ਾਇਰਾਂ ਦੀ ਦੁਨੀਆ 1 ਅਤੇ 2' ਲੋਕ ਅਰਪਣ ਕੀਤੀਆਂ ਗਈਆਂ। ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ, ਉਸਤਾਦ ਸ਼ਾਇਰ ਬਲਬੀਰ ਸਿੰਘ ਸੈਣੀ, ਸਾਹਿਤ ਅਕਾਦਮੀ ਲੁਧਿਆਣਾ ਦੇ ਮੀਤ ਪ੍ਰਧਾਨ ਡਾ. ਗੁਰਚਰਨ ਕੌਰ ਕੋਚਰ, ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸਕੱਤਰ ਸੁਰਿੰਦਰਪ੍ਰੀਤ ਘਣੀਆਂ, ਮੰਚ ਦੇ ਪ੍ਰਧਾਨ ਡਾ. ਕੰਵਲ ਭੱਲਾ ਅਤੇ ਜਗਦੀਸ਼ ਰਾਣਾ ਬਿਰਾਜਮਾਨ ਰਹੇ।ਮੰਚ ਸੰਚਾਲਨ ਕਰ ਰਹੇ ਨਾਮਵਰ ਸ਼ਾਇਰ ਗੁਰਦੀਪ ਸਿੰਘ ਸੈਣੀ ਨੇ ਲੋਕ ਸ਼ਾਇਰ ਜਗਦੀਸ਼ ਰਾਣਾ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਸਾਂਝੀ ਕੀਤੀ। ਪ੍ਰੋ. ਸੰਧੂ ਵਰਿਆਣਵੀ, ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਅਤੇ ਸੁਰਿੰਦਰਪ੍ਰੀਤ ਘਣੀਆਂ ਅਤੇ ਡਾ. ਕੰਵਲ ਭੱਲਾ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਿਹੜਾ ਕਾਰਜ ਭਾਸ਼ਾ ਵਿਭਾਗ ਪੰਜਾਬ ਤੇ ਹੋਰ ਯੂਨੀਵਰਸਿਟੀਆਂ ਨੂੰ, ਪ੍ਰੋਫ਼ੈਸਰਾਂ ਨੂੰ ਕਰਨਾ ਚਾਹੀਦਾ ਸੀ, ਉਹ ਇਤਿਹਾਸਕ ਕਾਰਜ ਜਗਦੀਸ਼ ਰਾਣਾ ਨੇ ਕਰਕੇ ਪੰਜਾਬੀ ਸਾਹਿਤ ਵਿਚ ਇਕ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ। ਇਸ ਮੌਕੇ ਜਗਦੀਸ਼ ਰਾਣਾ ਨੇ ਕਿਹਾ ਕਿ ਸ਼ਾਇਰਾਂ ਦੀ ਦੁਨੀਆ ਪੁਸਤਕਾਂ ਲਿਖਦੇ ਸਮੇਂ ਹੋਏ ਅਨੁਭਵ ਸਾਂਝੇ ਕੀਤੇ। ਇਸ ਮੌਕੇ ਮੰਚ ਵੱਲੋਂ ਇਸ ਵਿਲੱਖਣ ਕਾਰਜ ਲਈ ਜਗਦੀਸ਼ ਰਾਣਾ ਦਾ ਸਨਮਾਨ ਕੀਤਾ ਗਿਆ।ਮੰਚ ਵੱਲੋਂ ਪ੍ਰਕਾਸ਼ਕ ਅਤੇ ਲੇਖਕ ਕੁਲਦੀਪ ਸਿੰਘ ਦੀਪ ਨੂੰ ਹੌਸਲਾ ਵਧਾਊ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਮੌਕੇ 'ਤੇ ਸ਼ਾਨਦਾਰ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ।

# ਐੱਮ ਐੱਸ ਭਾਟੀਆ ਵੱਲੋਂ ਅਨੁਵਾਦ 'ਸੰਗਰਾਮੀ ਕਮਿਊਨਿਸਟ ਆਗੂ' ਰਿਲੀਜ਼

**ਲੁਧਿਆਣਾ :** ਬੀਤੇ ਦਿਨੀਂ ਚੰਡੀਗੜ੍ਹ ਵਿਖੇ ਹੋਏ ਪਾਰਟੀ ਕਾਨਫਰੰਸ ਵਿੱਚ ਡਾਕਟਰ ਅਨਿਲ ਰਾਜਿਮਵਾਲੇ ਵੱਲੋਂ ਲਿਖੀ ਪੁਸਤਕ ਸੰਘਰਸ਼ ਕਮਿਊਨਿਸਟ ਆਗੂ ਭਾਗ-1 ਰਿਲੀਜ਼ ਕੀਤੀ ਗਈ। ਚੇਤੇ ਰਹੇ ਇਸ ਕਿਤਾਬ ਦੇ ਅਨੁਵਾਦਕ ਐਮ ਐਸ ਭਾਟੀਆ। ਇਸ ਪੁਸਤਕ ਵਿੱਚ ਉਹਨਾਂ 23 ਸੰਗਰਾਮੀ ਕਮਿਊਨਿਸਟਾਂ ਦਾ ਜ਼ਿਕਰ ਹੈ ਜਿਹਨਾਂ ਕੋਲ ਪਲ ਭਰ ਖੜੋਣ ਲਈ ਲੋਕ ਮਾਣ ਮਹਿਸੂਸ ਕਰਦੇ ਸਨ।ਇਹਨਾਂ ਸੰਗਰਾਮੀ ਕਮਿਊਨਿਸਟ ਆਗੂਆਂ ਨੇ ਜਿਹੜੇ ਪੂਰਨੇ ਪਾਏ ਉਹ ਅਜੇ ਸੰਘਰਸ਼ੀਲ ਕਾਫਲਿਆਂ ਦਾ ਰਾਹ ਦਿਖਾਉਂਦੇ ਹਨ।ਇਤਿਹਾਸ ਰਚਣ ਵਾਲੇ ਇਹਨਾਂ ਕਨਿਊਨਿਸਟ ਆਗੂਆਂ ਵਿੱਚੋਂ ਕੁਝ ਕੁ ਦੇ ਨਾਮ ਹਨ-ਐਸ ਵੀ ਘਾਟੇ, ਪੀ ਸੀ ਜੋਸ਼ੀ, ਅਜੋਏ ਘੋਸ਼, ਸੀ ਰਾਜੇਸ਼ਵਰ



ਰਾਓ, ਈ ਐਮ ਐਸ ਨੰਬੂਦਰੀਪਾਦ, ਸੋਹਣ ਸਿੰਘ ਜੋਸ਼, ਕਲਪਨਾ ਦੱਤਾ, ਮੌਲਾਨਾ ਹਸਰਤ ਮੋਹਾਨੀ, ਸਰਜੂ ਪਾਂਡੇ, ਗੀਤਾ ਮੁਖਰਜੀ, ਅਰੁਣਾ ਆਸਫ਼ ਅਲੀ, ਐਸ ਏ ਡਾਂਗੇ, ਮੋਹਨ ਕੁਮਾਰਮੰਗਲਮ ਅਤੇ ਕਈ ਹੋਰ। ਪੁਸਤਕ ਰਿਲੀਜ ਕਰਨ ਸਮੇਂ ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ, ਉਹਨਾਂ ਦੀ ਧਰਮ ਪਤਨੀ ਅਤੇ ਸੀਨੀਅਰ ਆਗੂ ਐਨੀ ਰਾਜਾ, ਸੀ ਪੀ ਆਈ ਦੀ ਕੌਮੀ ਸਕੱਤਰ ਅਮਰਜੀਤ ਕੌਰ, ਡਾ. ਬੀ. ਕੇ. ਕਾਂਗੋ ਪੁਸਤਕ ਦੇ ਅੰਗਰੇਜ਼ੀ ਵਾਲੇ ਲੇਖਕ ਡਾਕਟਰ ਅਨਿਲ ਰਾਜਿਮਵਾਲੇ, ਕ੍ਰਿਸ਼ਨਾ ਝਾਅ ਅਤੇ ਕਈ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਰਹੀਆਂ। - **ਰੈਕਟਰ ਕਥੂਰੀਆ**

# ਹਿੰਦੀ-ਪੰਜਾਬੀ ਮੁਹਾਵਰਾ ਕੋਸ਼ ਲਈ ਡਾ. ਧਰਮਪਾਲ ਸਾਹਿਲ ਵਿਸ਼ਾ ਮਾਹਰ ਚੁਣੇ ਗਏ

**ਹੁਸ਼ਿਆਰਪੁਰ**-ਸਿੱਖਿਆ ਮੰਤਰਾਲੇ, ਭਾਰਤ ਸਰਕਾਰ ਵੱਲੋਂ ਤਿਆਰ ਕੀਤੇ ਜਾ ਰਹੇ ਹਿੰਦੀ-ਪੰਜਾਬੀ ਮੁਹਾਵਰਾ ਕੋਸ਼ ਲਈ ਹੁਸ਼ਿਆਰਪੁਰ ਵਾਸੀ



ਪ੍ਰਸਿੱਧ ਸਾਹਿਤਕਾਰ ਡਾ. ਧਰਮਪਾਲ ਸਾਹਿਲ (ਰਿਟਾ. ਪ੍ਰਿੰਸੀਪਲ) ਨੂੰ ਵਿਸ਼ਾ ਮਾਹਿਰਾਂ ਦੀ ਟੀਮ ਵਿੱਚ ਚੁਣਿਆ ਗਿਆ ਹੈ। ਕੇਂਦਰੀ ਹਿੰਦੀ ਸੰਸਥਾਨ ਆਗਰਾ ਵੱਲੋਂ ਜਾਰੀ ਪੱਤਰ ਅਨੁਸਾਰ ਸੰਯੋਜਕ ਪਦਮਸ੍ਰੀ ਡਾ. ਹਰਮੋਹਿੰਦਰ ਸਿੰਘ ਬੇਦੀ (ਕੁਲਪਤੀ, ਕੇਂਦਰੀ ਵਿਸ਼ਵਵਿਦਿਆਲੇ, ਹਿਮਾਚਲ ਪ੍ਰਦੇਸ਼) ਦੀ ਅਗਵਾਈ ਹੇਠ ਡਾ. ਸਾਹਿਲ ਤੋਂ ਇਲਾਵਾ ਡਾ. ਸੁਖਦੇਵ ਸਿੰਘ ਮਿਨਹਾਸ (ਚੰਡੀਗੜ੍ਹ), ਡਾ. ਰਜਨੀ (ਪੰਜਾਬੀ ਵਿਸ਼ਵਵਿਦਿਆਲੇ, ਪਟਿਆਲਾ), ਡਾ. ਮਲਕੀਅਤ ਸਿੰਘ (ਕੇਂਦਰੀ ਵਿਸ਼ਵ ਵਿਦਿਆਲੇ, ਹਿ.ਪ੍ਰ) ਅਤੇ ਡਾ. ਨਰੇਸ਼ ਕੁਮਾਰ (ਕੇਂਦਰੀ ਵਿਸ਼ਵਵਿਦਿਆਲੇ ਹਿ.ਪ੍ਰ) ਨੂੰ ਵੀ ਵਿਸ਼ਾ ਮਾਹਿਰਾਂ ਦੀ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਟੀਮ ਪੰਜ ਰੋਜ਼ਾ 6 ਕਾਰਜਸ਼ਾਲਾਵਾਂ ਵਿੱਚ ਇਸ ਮੁਹਾਵਰਾ ਕੋਸ਼ ਨੂੰ ਤਿਆਰ ਕਰੇਗੀ। ਇਸ ਤੋਂ ਪਹਿਲਾਂ ਵੀ ਡਾ. ਧਰਮਪਾਲ ਸਾਹਿਲ (ਮੈਂਬਰ, ਹਿੰਦੀ ਰਾਜ ਭਾਸ਼ਾ ਸਲਾਹਕਾਰ ਕਮੇਟੀ, ਲੇਬਰ ਐਂਡ ਇੰਪਲਾਇਮੈਂਟ ਮੰਤਰਾਲੇ, ਭਾਰਤ ਸਰਕਾਰ) ਉਪਰੋਕਤ ਮੰਤਰਾਲੇ ਵੱਲੋਂ ਤਿਆਰ ਕੀਤੇ ਗਏ ਹਿੰਦੀ-ਪੰਜਾਬੀ ਅਧਿਏਤਾ ਕੋਸ਼ ਦੇ ਨਿਰਮਾਣ ਵਿੱਚ ਵੀ ਹਿੰਦੀ-ਪੰਜਾਬੀ ਵਿਸ਼ਾ ਮਾਹਿਰ ਵਜੋਂ ਆਪਣੀਆਂ ਜ਼ਿਕਰਯੋਗ ਸੇਵਾਵਾਂ ਦੇ ਚੁੱਕੇ ਹਨ।

# ਸਾਲਾਨਾ ਸਨਮਾਨ ਸਮਾਗਮ 2 ਨਵੰਬਰ ਨੂੰ

**ਬਰਨਾਲਾ :** ਕੌਮਾਂਤਰੀ ਕਲਾਕਾਰ ਸੰਗਮ ਬਰਨਾਲਾ ਅਤੇ ਅਦਾਰਾ 'ਕਲਾਕਾਰ ਸਾਹਿਤਕ' ਵੱਲੋਂ ਪੰਜਾਬੀ ਸਾਹਿਤ ਸਭਾ ਤੇ ਮਾਲਵਾ ਸਾਹਿਤ ਸਭਾ (ਰਜਿ.) ਦੇ ਸਹਿਯੋਗ ਨਾਲ 76ਵਾਂ ਸਾਲਾਨਾ ਸਨਮਾਨ ਸਮਾਗਮ ਇਥੇ ਕਲਾਕਾਰ ਭਵਨ, ਪੱਤੀ ਰੋਡ ਵਿਖੇ 2 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਸ਼ਾਇਰਾ ਗੁਰਚਰਨ ਕੌਰ ਕੋਚਰ ਨੂੰ ਬਾਈਵਾਂ ਤੇ ਬਹੁ-ਪੱਖੀ ਲੇਖਕ ਜਸਬੀਰ ਭੁੱਲਰ ਨੂੰ ਤੇਈਵਾਂ ਕਰਨਲ ਨਰੈਣ ਸਿੰਘ ਭੱਠਲ ਯਾਦਗਾਰੀ ਕਲਾਕਾਰ ਸਾਹਿਤਕ ਪੁਰਸਕਾਰ ਪ੍ਰਦਾਨ ਕੀਤਾ ਜਾਵੇਗਾ ਤੇ ਸੁਹਿਰਦ ਲੇਖਕਾ ਤੇ ਚਿੰਤਕ ਅਰਵਿੰਦਰ ਕੌਰ ਕਾਕੜਾ ਨੂੰ ਅਠਾਰਵਾਂ ਤੇ ਪ੍ਰੋ. (ਡਾ.) ਕੇ.ਕੇ. ਰੱਤੂ ਨੂੰ ਉਨੀਵਾਂ ਭਾਈ ਘਨੱਈਆ ਨਿਸ਼ਕਾਮ ਸੇਵਾ ਸਨਮਾਨ ਨਾਲ ਨਿਵਾਜਿਆ ਜਾਵੇਗਾ। ਇਸ ਮੌਕੇ ਪੰਜਵਾਂ ਪ੍ਰਿੰ. ਸੁਰਿੰਦਰਪਾਲ ਸਿੰਘ ਬਰਾੜ ਸਾਹਿਤਕ ਪੱਤਰਕਾਰ ਸਨਮਾਨ ਪੰਜਾਬੀ ਦੇ ਕਹਾਣੀਕਾਰ ਤੇ ਆਲੋਚਕ ਡਾ. ਜੋਗਿੰਦਰ ਸਿੰਘ ਨਿਰਾਲਾ ਨੂੰ ਪ੍ਰਦਾਨ ਕੀਤਾ ਜਾਵੇਗਾ। ਕਲਾਕਾਰ ਦਾ ਨਿਰਵਿਘਨ 150ਵਾਂ ਅੰਕ ਵੀ ਲੋਕ ਅਰਪਣ ਕੀਤਾ ਜਾਵੇਗਾ। ਕਵੀ ਦਰਬਾਰ ਵੀ ਹੋਵੇਗਾ। ਸਮਾਗਮ ਦੇ ਮੁੱਖ ਮਹਿਮਾਨ ਜਸਵੰਤ ਜ਼ਫ਼ਰ ਡਾਇਰੈਕਟਰ ਭਾਸ਼ਾ ਵਿਭਾਗ ਹੋਣਗੇ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਡਾ. ਦੀਪਕ ਮਨਮੋਹਨ ਸਿੰਘ ਤੇ ਰਵਿੰਦਰ ਭੱਠਲ ਹੋਣਗੇ।

# ਹਾਇਕੂ ਸਮਾਰੋਹ ਆਯੋਜਿਤ




**ਸ੍ਰੀ ਮੁਕਤਸਰ :** ਅਦਬੀ ਪਰਿਕਰਮਾ ਮੰਚ ਮੁਕਤਸਰ ਦੀ ਤਰਫੋਂ ਇਕ ਹਾਇਕੂ ਸਮਾਰੋਹ ਸਥਾਨਕ ਸਿਟੀ ਹੋਟਲ ਵਿਚ ਆਯੋਜਿਤ ਕੀਤਾ ਗਿਆ, ਜਿਸ ਵਿਚ ਡਾਕਟਰ ਦਵਿੰਦਰਜੀਤ ਕੌਰ ਗੁਰੂ ਨਾਨਕ ਕਾਲਜ ਲੁਧਿਆਣਾ ਨੇ ਪ੍ਰਧਾਨਗੀ ਕੀਤੀ।ਡਾਕਟਰ ਗੁਰਬਿੰਦਰ ਕੌਰ ਬਤੌਰ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ।ਪ੍ਰਧਾਨਗੀ ਮੰਡਲ ਵਿਚ ਡਾ. ਗਗਨਦੀਪ ਕੌਰ, ਡਾ. ਗੁਰਬਿੰਦਰ ਕੌਰ, ਡਾ. ਦਵਿੰਦਰਜੀਤ ਕੌਰ, ਡਾ. ਨਿਤਨੇਮ ਸਿੰਘ ਬਰਾੜ ਅਤੇ ਜਰਨੈਲ ਸਿੰਘ ਭੁੱਲਰ ਸੁਸ਼ੋਭਿਤ ਹੋਏ।ਇਸ ਸਮਾਰੋਹ ਵਿਚ ਤਿੰਨ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ।ਪਹਿਲੀ ਪੁਸਤਕ 'ਹਾਇਕੂ ਉਡਾਰੀ' ਡਾ. ਪਰਮਜੀਤ ਕੌਰ ਪਾਹੁਲ ਦਿੱਲੀ ਯੂਨੀਵਰਸਿਟੀ ਅਤੇ ਕਸ਼ਮੀਰੀ ਲਾਲ ਚਾਵਲਾ ਦੀ ਸਾਂਝੀ ਪੁਸਤਕ ਰਿਲੀਜ਼ ਕੀਤੀ ਗਈ। ਦੂਜੀ ਪੁਸਤਕ 'ਜ਼ੇਨ ਪੋਇਟਰੀ' ਹਾਇਕੂ ਸੰਗ੍ਰਹਿ ਕਸ਼ਮੀਰੀ ਲਾਲ ਚਾਵਲਾ ਅਤੇ ਤੀਜੀ ਪੁਸਤਕ ਹਿੰਦੀ ਹਾਇਕੂ ਸੰਗ੍ਰਹਿ 'ਗਾਇਗਾ ਯੁੱਗ' ਕਸ਼ਮੀਰੀ ਲਾਲ ਚਾਵਲਾ ਦੀ ਰਿਲੀਜ਼ ਕੀਤੀ ਗਈ। ਡਾਕਟਰ ਦਵਿੰਦਰਜੀਤ ਕੌਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਅਜਿਹੇ ਹਾਇਕੂ ਸਮਾਰੋਹ ਪਾਠਕ ਅਤੇ ਲੇਖਕ ਵਿਚਕਾਰ ਪੰਜਾਬੀ ਸਾਹਿਤ ਲਈ ਇਕ ਪੁਲ ਦਾ ਕੰਮ ਕਰਦਾ ਹੈ।ਇਸ ਸਮਾਰੋਹ ਵਿਚ ਇਕ ਵਿਸ਼ਾਲ ਹਾਇਕੂ ਸਮਾਰੋਹ ਕਰਵਾਇਆ ਗਿਆ, ਜਿਸ ਵਿਚ ਡਾ. ਗਗਨਦੀਪ ਕੌਰ, ਡਾ. ਗੁਰਬਿੰਦਰ ਕੌਰ ਬਰਾੜ, ਡਾ. ਨਿਤਨੇਮ ਸਿੰਘ ਬਰਾੜ, ਅਸ਼ੋਕ ਖੁਰਾਣਾ, ਦਰਸ਼ਨ ਸਿੰਘ ਰਾਹੀ, ਡਾ. ਸੁਰਿੰਦਰ ਕੰਬੋਜ, ਬੂਟਾ ਸਿੰਘ ਵਾਕਿਫ਼ ਅਤੇ ਚੌਧਰੀ ਅਮੀ ਚੰਦ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾਕਟਰ ਬ੍ਰਹਮ ਵੇਦ ਸ਼ਰਮਾ ਨੇ ਬਾਖ਼ੂਬੀ ਨਾਲ ਨਿਭਾਈ।

# ਗੁਰਮੀਤ ਸਿੰਘ ਟਿਵਾਣਾ ਦੇ ਦੇਹਾਂਤ 'ਤੇ ਅਫ਼ਸੋਸ ਦਾ ਪ੍ਰਗਟਾਵਾ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਗੁਰਮੀਤ ਸਿੰਘ ਟਿਵਾਣਾ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਪ੍ਰੋ. ਟਿਵਾਣਾ ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ:) ਐਬਸਫੋਰਡ ਦੇ ਸਰਪਰਸਤ ਸਨ। ਉਹ ਪੰਜਾਬੀ ਚਿੰਤਨ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਦੇਖਣ ਵਾਲੇ ਦਾਨਿਸ਼ਵਰ ਸਨ।ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਗਹਿਰਾ ਦੁੱਖ ਪ੍ਰਗਟ ਕਰਦੇ ਕਿਹਾ ਕਿ ਪ੍ਰੋ. ਟਿਵਾਣਾ ਨੇ ਸਿੱਖ ਚਿੰਤਨ ਅਤੇ ਮਾਰਕਸਵਾਦ ਦਾ ਵਿਸ਼ਲੇਸ਼ਣ ਕਰਦਿਆਂ ਗੁਰਬਾਣੀ ਦੇ ਮੱਧ ਯੁਗੀ ਸੰਕਲਪਾਂ ਸਮੇਤ ਗਿਆਰਾਂ ਕਿਤਾਬਾਂ ਦੀ ਰਚਨਾ ਕੀਤੀ।ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚੋਂ ਡਾ. ਗੁਲਜ਼ਾਰ ਸਿੰਘ ਪੰਧੇਰ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਨਮੇਜਾ ਸਿੰਘ ਜੌਹਲ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਘੀ, ਪ੍ਰੇਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਅਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

# ਤਾਮਿਲ ਤੇ ਪੰਜਾਬੀ ਬਾਲ ਸਾਹਿਤ ਨਾਲ ਸੰਵਾਦ

**ਪਟਿਆਲਾ :** ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਬਾਲ ਸਾਹਿਤ ਲੇਖਕ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਬੀਤੇ ਦਿਨੀਂ ਤਾਮਿਲਨਾਡੂ ਪ੍ਰਾਂਤ ਦੇ ਸਾਹਿਤਕ ਦੌਰੇ ਤਮਿਲਨਾਡੂ ਦੀ ਰਾਜਧਾਨੀ ਚੇਨਈ ਵਿਖੇ ਹੋਈ ਚਰਚਾ ਦੌਰਾਨ ਕਿਹਾ ਕਿ ਤਮਿਲ ਅਤੇ ਪੰਜਾਬੀ ਭਾਸ਼ਾ ਵਿਚ ਲਿਖੇ ਜਾ ਰਹੇ ਬਾਲ ਸਾਹਿਤ ਨੂੰ ਇਕ ਦੂਜੀ ਭਾਸ਼ਾ ਵਿਚ ਅਨੁਵਾਦ ਦੀ ਬਹੁਤ ਲੋੜ ਜ਼ਰੂਰਤ ਹੈ। ਡਾ. ਆਸ਼ਟ ਨੇ ਕਿਹਾ ਕਿ ਵਿਸ਼ਵ ਪ੍ਰਸਿੱਧ ਅੰਗਰੇਜ਼ੀ ਬਾਲ ਪੁਸਤਕ ਹੈਰੀ ਪੌਟਰ ਵਰਗੀਆਂ ਕ੍ਰਿਤਾਂ ਦਾ ਤਾਂ ਵਿਸ਼ਵ ਦੀਆਂ ਜ਼ੁਬਾਨਾਂ ਵਿਚ ਦਾ ਅਨੁਵਾਦ ਤਾਂ ਅਕਸਰ ਹੁੰਦਾ ਰਹਿੰਦਾ ਹੈ ਪਰੰਤੂ ਭਾਰਤ ਦੀਆਂ ਵੱਖ-ਵੱਖ ਜ਼ੁਬਾਨਾਂ ਦਾ ਬਾਲ ਸਾਹਿਤ ਇਕ-ਦੂਜੀ ਭਾਸ਼ਾ ਵਿਚ ਅਨੁਵਾਦ ਕਰਨ ਦੀ ਰਵਾਇਤ ਅਜੇ ਇੰਨੀ ਗਤੀਸ਼ੀਲ ਨਹੀਂ ਹੈ। ਜੇਕਰ ਪੰਜਾਬੀ ਬਾਲ ਪਾਠਕ ਤਮਿਲ ਬਾਲ ਸਾਹਿਤ ਪੜ੍ਹਨਗੇ ਅਤੇ ਤਮਿਲ ਦੇ ਬਾਲ ਪਾਠਕ ਪੰਜਾਬੀ ਬਾਲ ਸਾਹਿਤ ਅਨੁਵਾਦਿਤ ਰੂਪ ਵਿਚ ਪੜ੍ਹਨਗੇ ਤਾਂ ਅਜਿਹਾ ਕਰਨ ਨਾਲ ਇਕ ਦੂਜੇ ਪ੍ਰਾਂਤ ਦੀ ਭਾਸ਼ਾ, ਸਾਹਿਤ, ਸੱਭਿਆਚਾਰ, ਸੰਸਕ੍ਰਿਤੀ, ਭੂਗੋਲ ਅਤੇ ਇਤਿਹਾਸ ਨੂੰ ਹੋਰ ਵਧੇਰੇ ਨੇੜਿਉਂ ਜਾਣ ਸਕਦੇ ਹਨ। ਇਸ ਦੌਰਾਨ ਡਾ. 'ਆਸ਼ਟ' ਨੇ ਪੁੱਡੂਚੇਰੀ ਅਤੇ ਮਦਰਾਸ ਯੂਨੀਵਰਸਿਟੀਆਂ, ਲਾਇਬ੍ਰੇਰੀਆਂ ਅਤੇ ਸਾਹਿਤਕ ਸੰਸਥਾਵਾਂ ਤੋਂ ਇਲਾਵਾ ਪੁੱਡੂਚੇਰੀ ਨੇੜਲੇ ਸਾਹਿਤ, ਸੱਭਿਆਚਾਰ, ਮੂਰਤੀ ਕਲਾ, ਚਿੱਤਰ ਕਲਾ ਅਤੇ ਹੋਰ ਕਲਾਵਾਂ ਦੇ ਖ਼ੂਬਸੂਰਤ ਕੇਂਦਰ ਔਰੋਵਿਲ ਦਾ ਵੀ ਦੌਰਾ ਕੀਤਾ। ਇਸ ਸੰਸਥਾ ਦੇ ਮੈਨੇਜਰ ਸ੍ਰੀਮਤੀ ਚਿੱਤਰਾ ਨੇ ਡਾ. ਆਸ਼ਟ ਵੱਲੋਂ ਬਾਲ ਸਾਹਿਤ ਦੀ



ਅਨੁਵਾਦ ਪਰੰਪਰਾ ਨੂੰ ਹੋਰ ਗਤੀਸ਼ੀਲ ਬਣਾਉਣ ਦੇ ਸੁਝਾਅ ਦੀ ਪ੍ਰਸੰਸਾ ਕੀਤੀ ਅਤੇ ਨਾਲ ਹੀ ਤਮਿਲ ਭਾਸ਼ਾ ਦੇ ਬਾਲ ਸਾਹਿਤ ਲੇਖਕਾਂ ਵੱਲੋਂ ਲਿਖੀਆਂ ਪੁਸਤਕਾਂ ਵੀ ਭੇਟ ਕੀਤੀਆਂ। ਇਸ ਦੌਰਾਨ ਤਮਿਲਨਾਡੂ ਦੇ ਭਾਰਤੀ ਬਾਲ ਸਾਹਿਤ ਪੁਰਸਕਾਰ ਵਿਜੈਤਾ ਸ੍ਰੀਮਤੀ ਕੋ.ਮਾ.ਕੋਥੰਡਮ, ਵਿਸ਼ਨੂੰਪੁਰਾਮ ਸਾਰਾਵਨਨ ਅਤੇ ਜੀ.ਮੀਨਾਕਸ਼ੀ ਆਦਿ ਦੇ ਬਾਲ ਸਾਹਿਤ ਉਪਰ ਖ਼ਾਸ ਚਰਚਾ ਕੀਤੀ ਗਈ। ਔਰੋਵਿਲ ਇੰਚਾਰਜ ਕ੍ਰਿਸਟੀਅਨ, ਰੋਹਿਤਾਸ਼, ਡਾ. ਰਾਜਵੰਤ ਕੌਰ ਪੰਜਾਬੀ, ਡਾ. ਰਵੀ, ਦੇਵ ਵੀ ਮੌਜੂਦ ਸਨ।

# ਗਿਆਨਦੀਪ ਮੰਚ ਵੱਲੋਂ ਪੁਸਤਕ 'ਅਹਿਸਾਸ' ਲੋਕ ਅਰਪਣ



**ਪਟਿਆਲਾ**-ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ। ਡਾ. ਜੀ ਐੱਸ ਆਨੰਦ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਸ਼ਾਇਰਾ ਮਨਜੀਤ ਕੌਰ ਅਜ਼ਾਦ (ਪ੍ਰਿੰਸੀਪਲ ਰਿਟਾ.) ਦੀ ਕਾਵਿ ਪੁਸਤਕ 'ਅਹਿਸਾਸ' ਨੂੰ ਲੋਕ ਅਰਪਣ ਕੀਤਾ ਗਿਆ। ਸਮਾਗਮ ਦਾ ਆਗਾਜ਼ ਕਰਦਿਆਂ ਮੰਚ ਦੇ ਜਨਰਲ ਸਕੱਤਰ ਬਲਬੀਰ ਜਲਾਲਾਬਾਦੀ ਨੇ ਮਨਜੀਤ ਕੌਰ 'ਅਜ਼ਾਦ' ਦੀ ਸਿਰਜਣ ਪ੍ਰਕਿਰਿਆ ਅਤੇ ਪੁਸਤਕ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਮੁੱਖ ਮਹਿਮਾਨ ਵਜੋਂ ਬੋਲਦਿਆਂ ਡਾ. ਪਰਮਿੰਦਰ ਜੀਤ ਕੌਰ ਨੇ ਕਿਹਾ ਕਿ ਕਵਿੱਤਰੀ ਨੇ ਆਪਣੇ ਅਹਿਸਾਸਾਂ ਰਾਹੀਂ ਸਮਾਜ ਦੇ ਦਰਦ ਨੂੰ ਸ਼ਬਦਾਂ ਵਿੱਚ ਪਰੋਣ ਦਾ ਯਤਨ ਕੀਤਾ ਹੈ। ਪੇਪਰ ਵਕਤਾ ਵਜੋਂ ਬੋਲਦਿਆਂ ਡਾ. ਅਰਵਿੰਦਰ ਕੌਰ ਕਾਕੜਾ ਦਾ ਤਰਕ ਸੀ ਕਿ ਕਵਿੱਤਰੀ ਦੀ ਮਾਨਵਵਾਦੀ ਸੋਚ ਸਮਾਜ ਵਿਚਲੇ ਕੁਹਜ ਨੂੰ ਚਿੱਤਰਮਾਨ ਕਰਦੀ ਹੋਈ ਰਿਸ਼ਤਿਆਂ ਨੂੰ ਜੀਵੰਤ ਰੱਖਣ ਲਈ ਚਿੰਤਤ ਹੈ।ਪੇਪਰ 'ਤੇ ਬਹਿਸ ਦਾ ਆਰੰਭ ਕਰਦਿਆਂ ਡਾ. ਮਹੇਸ਼ ਗੌਤਮ ਨੇ ਵੀ ਪੁਸਤਕ ਨੂੰ ਦਰਦ ਦੀ ਕਵਿਤਾ ਕਿਹਾ। ਬਹਿਸ ਵਿੱਚ ਉਪਰੋਕਤ ਤੋਂ ਇਲਾਵਾ ਨਰਿੰਦਰ ਪਾਲ ਕੌਰ, ਬੀ ਪੀ ਸਿੰਘ ਧਾਲੀਵਾਲ, ਸੁਰਿੰਦਰ ਕੌਰ ਵਰਮਾ ਅਤੇ ਚਰਨਜੀਤ ਕੌਰ ਨੇ ਵੀ ਵਿਚਾਰ ਪੇਸ਼ ਕੀਤੇ। ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਜੀ ਐੱਸ ਆਨੰਦ ਦਾ ਕਥਨ ਸੀ ਕਿ ਇਹ ਪੁਸਤਕ ਮਨੁੱਖ ਨੂੰ ਆਪਣੇ ਅੰਦਰ ਦੇ ਔਗੁਣਾਂ ਨੂੰ ਪਛਾਨਣ ਦਾ ਹੌਸਲਾ ਪ੍ਰਦਾਨ ਕਰਦੀ ਹੈ। ਮੰਚ ਵੱਲੋਂ ਕੁਲਵੰਤ ਸਿੰਘ ਨਾਰੀਕੇ ਦੀ ਸੰਪਾਦਨਾ ਹੇਠ ਛਪਦੇ ਮੈਗਜ਼ੀਨ 'ਗੁਸਈਆਂ' ਦਾ ਤਾਜ਼ਾ ਅੰਕ ਵੀ ਲੋਕ ਅਰਪਣ ਕੀਤਾ ਗਿਆ।

# ਪਾਠਕਾਂ ਦੇ ਝਰੋਖੇ 'ਚੋਂ

## ਲੱਭੋ ਕੌਣ ਏ ਲੁੱਟਣ ਵਾਲ਼ਾ...

28 ਸਤੰਬਰ ਦੇ ਨਵਾ ਜ਼ਮਾਨਾ 'ਚ ਦ੍ਰਿਸ਼ਟੀਕੋਣ ਨੇ ਪੰਜਾਬ ਵਿਚ ਆਏ ਹੜ੍ਹਾਂ ਕਾਰਨ ਹੋਈ ਤਬਾਹੀ ਪਿੱਛੋਂ ਸਿਆਸਾਤਦਾਨਾਂ ਦੀ ਘੁੰਮਣਘੇਰੀ 'ਚ ਫਸੇ ਲੋਕਾਂ ਦੀ ਅਸਲ ਤਸਵੀਰ ਪੇਸ਼ ਕੀਤੀ ਹੈ। ਕੁਝ ਲੀਡਰ ਤਾਂ ਹੈਲੀਕਾਪਟਰ ਦਾ ਝੂਟਾ ਲੈ ਕੇ ਪਾਸੇ ਹੋਏ ਹਨ।ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਨੇ ਬਹੁਤ ਕੰਮ ਕੀਤਾ ਹੈ ਮੰਝਧਾਰ ਵਿੱਚ ਫਸੇ ਲੋਕਾਂ ਦੀ ਬਣਦੀ ਮਦਦ ਕੀਤੀ। ਕੇਂਦਰੀ ਮੰਤਰੀ ਵੀ ਆਪਣਾ ਸ਼ੋਅ ਵਿਖਾ ਕੇ ਹੰਝੂ ਪੂੰਝ ਗਏ।ਖੈਰ ਇਸ ਮੁਸੀਬਤ ਸਮੇਂ ਜਿਸ ਕਿਸੇ ਨੇ ਲੋਕ ਸੇਵਾ ਕੀਤੀ ਹੈ।ਉਹ ਪ੍ਰਸੰਸਾ ਦੇ ਪਾਤਰ ਹਨ।ਤਰਸੇਮ ਸਿੰਘ ਭੰਗੂ ਨੇ ਇਹ ਸੇਵਾ ਕਰਨ ਵਾਲੇ ਲੋਕਾਂ ਨੂੰ ਹੀ ਆਪਣੇ ਲੇਖ ਵਿੱਚ ਜ਼ਿੰਦਗੀ ਦੇ ਨਾਇਕ ਕਿਹਾ ਹੈ।ਸੁਰਜੀਤ ਸੁਮਨ ਨੇ ਹਸਪਤਾਲਾ ਦੀ ਦਸ਼ਾ ਦਾ ਭਾਵਪੂਰਤ ਜ਼ਿਕਰ ਕੀਤਾ ਹੈ। ਸਟੀਫਨ ਵਿਲੀਅਮ ਹਾਕਿੰਗ ਬਾਰੇ ਫਿਜ਼ਿਕਸ ਵਿੱਚ ਕੀਤੀਆਂ ਖੋਜਾਂ ਦਾ ਜ਼ਿਕਰ ਪੜ੍ਹਿਆ।ਬਹੁਤ ਵੱਡੀ ਗੱਲ ਹੈ ਕਿ ਇਹ ਵਿਗਿਆਨੀ ਅਪਾਹਜ ਹੋਣ ਦੇ ਬਾਵਜੂਦ ਵੀ ਵਿਗਿਆਨ ਦਾ ਚੰਗਾ ਖੋਜੀ ਬਣਿਆ। ਮਨਿੰਦਰ ਕੌਰ ਮਨ ਦੀਆਂ ਕਵਿਤਾਵਾਂ ਵਿੱਚ ਔਰਤ ਦੀ ਮਾਨਸਿਕਤਾ ਝਲਕਦੀ ਹੈ। ਖਾਸ ਕਰਕੇ ਸ਼ਾਦੀ ਪਿੱਛੋਂ ਔਰਤ ਦਾ ਪਤੀ ਨੂੰ ਸਮਰਪਿਤ ਤੇ ਫਿਰ ਸਾਰੀ ਉਮਰ ਗੁਲਾਮੀ ਜਿਹਾ ਅਹਿਸਾਸ ਰਹਿਣਾ ਕਵਿਤਾਵਾਂ ਵਿੱਚ ਹੈ ਖਾਸ ਕਰਕੇ ਕਵਿਤਾ ਚਾਰ ਲਾਵਾਂ।ਗੁਰਮੀਤ ਸਿੰਘ ਟਿਵਾਣਾ ਦੀ ਬੌਧਿਕ ਸਮਰਥਾ ਬਾਰੇ ਜਾਣਕਾਰੀ ਮਿਲੀ।ਡਾ. ਗੁਰਬਖਸ਼ ਸਿੰਘ ਭੰਡਾਲ ਨੇ ਪੰਜਾਬ ਦੇ ਕਾਲੇ ਦਿਨਾ ਨੂੰ ਯਾਦ ਕੀਤਾ ਹੈ ਨਕਲਾ ਨੇ ਸਾਡੀ ਸਿੱਖਿਆ ਦਾ ਬੇੜਾ ਡੋਬ ਦਿੱਤਾ। ਸਾਡੇ ਬੱਚੇ ਗੁਲਾਮੀ ਵਾਲੀਆ ਨੌਕਰੀਆ ਕਰਨ ਜੋਗੇ ਰਹਿ ਗਏ।ਵੱਡੀਆ ਨੌਕਰੀਆਂ ਵਿੱਚ ਦੂਸਰੇ ਸੂਬਿਆ ਦੇ ਲੋਕ ਬੈਠੇ ਹਨ।ਖਾਸ ਕਰਕੇ ਵਿਦੇਸ਼ਾਂ ਵਿੱਚ ਜਾਣ ਦਾ ਰੁਝਾਨ ਪੰਜਾਬ ਵਿਚ ਕਾਲੇ ਦਿਨਾ ਕਰਕੇ ਹੀ ਵਧਿਆ ਹੈ।ਕਿਤਾਬਾਂ ਵਿੱਚ ਦਿਆਲਾ ਬੰਦੇ ਵੱਢ ਪੰਜਾਬ ਅਤੇ ਪਰਵਾਸ, ਹਉਕਾ ਸ਼ਾਹ ਨ੍ਹੀਂ ਹੁੰਦਾ ਬਾਰੇ ਵਿਸ਼ਲੇਸ਼ਣ ਪੜ੍ਹੇ ਚੰਗੇ ਲੱਗੇ।ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਨੇ ਮੁਕਤਸਰ ਦੀ ਨਾਵਲਕਾਰ ਹਰਪਿੰਦਰ ਰਾਣਾ ਦਾ ਰੂਬਰੂ ਕਰਾ ਕੇ ਚੰਗੀ ਪਿਰਤ ਪਾਈ ਹੈ ਡਾ. ਰਜਵੰਤ ਕੌਰ ਪੰਜਾਬੀ ਨੂੰ ਇਸ ਰੂਬਰੂ ਲਈ ਮੁਬਾਰਕ।

- **ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

**ਪਾਠਕਾਂ ਲਈ**

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

- **ਸੰਪਾਦਕ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਭਾਈ ਬਾਲਾ ਤੇ ਬਾਲੀ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ : ਡਾ. ਜਸਵਿੰਦਰ ਸਿੰਘ ਭੁੱਲਰ**

**ਅੰਡੇਮਾਨ ਟਾਪੂ, ਕਾਲ਼ੇ ਪਾਣੀ ਤੇ ਗ਼ਦਰੀ : ਹਰਪਾਲ ਸਿੰਘ ਸੰਧਾਵਾਲੀਆ**

**'ਜੀਵਨ ਮਦਿਰਾ' : ਚਾਰਲਸ ਗੁਰਹਾਸ (ਫੋਕਸ) ਡਾ. ਪਰਮਜੀਤ ਢੀਂਗਰਾ**

**ਤਰਸੇਮ ਸਿੰਘ ਭੰਗੂ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**

# ਸਮਕਾਲ

---- ਭਗਵੰਤ ਰਸੂਲਪੁਰੀ----

## ਕਹਾਣੀ ਧਾਰਾ : ਨਾਵਲ ਦਾ ਸੰਕਟ ਤੇ ਵਿਸ਼ੇਸ਼

ਕਹਾਣੀ ਧਾਰਾ-79 (ਅਕਤੂਬਰ-ਦਸੰਬਰ,2025) ਅੰਕ ਵਿੱਚ ਪੰਜਾਬੀ ਨਾਵਲ ਬਾਰੇ 48 ਪੰਨਿਆਂ ਵਿੱਚ ਵਿਸ਼ੇਸ਼ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਪਰਚੇ ਨੇ ਗੋਸ਼ਟੀ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ ਇਸ ਵਾਰ ਗਿਆਰਵੀਂ ਗੋਸ਼ਟੀ 'ਪੰਜਾਬੀ ਨਾਵਲ ਦਾ ਸੰਕਟ' ਤੇ ਕੀਤੀ ਹੈ। ਜਿਸ ਵਿੱਚ ਨਾਵਲ ਦੇ ਤਿੰਨ ਵਿਦਵਾਨ ਡਾ. ਕੁਲਵੰਤ ਸਿੰਘ ਸੰਧੂ, ਡਾ. ਅਨੁਰਾਗ ਅਤੇ ਤਸਕੀਨ ਨੇ ਆਪਣੀਆਂ ਤਿੱਖੀਆਂ ਮੁਲਵਾਨ ਧਾਰਨਾਵਾਂ ਰਾਹੀ ਇਹ ਸਿੱਧ ਕੀਤਾ ਹੈ ਕਿ ਪੰਜਾਬੀ ਨਾਵਲ ਸੱਚਮੁੱਚ ਸੰਕਟ ਵਿੱਚ ਫਸ ਗਿਆ ਹੈ। ਗੋਸ਼ਟੀ ਦੇ ਸੂਤਰਧਾਰ ਮੈਂ (ਭਗਵੰਤ ਰਸੂਲਪੁਰੀ) ਸਾਂ। ਅੱਗੇ ਚਾਰ ਸਿਰੇ ਦੇ ਪੰਜਾਬੀ ਨਾਵਲਕਾਰਾਂ ਦੇ ਨਵੇਂ ਨਾਵਲਾਂ ਨੂੰ ਅਧਾਰ ਬਣਾ ਕੇ ਸੱਤ ਸਵਾਲ ਸੰਪਾਦਕ ਵੱਲੋਂ ਕੀਤੇ ਗਏ ਤੇ ਉਨ੍ਹਾਂ ਦੇ ਜਵਾਬ ਚਾਰੇ ਨਾਵਲਕਾਰਾਂ, ਹਰਜੀਤ ਅਟਵਾਲ ('ਘਰ' ਦੇ ਸੰਦਰਭ 'ਚ), ਬਲਦੇਵ




ਸਿੰਘ ('ਨਲਵਾ ਜਰਨੈਲ ਬਾਝੋਂ' ਦੇ ਸੰਦਰਭ 'ਚ), ਬਲਬੀਰ ਪਰਵਾਨਾ ('ਰੌਲ਼ਿਆਂ ਵੇਲੇ' ਦੇ ਸੰਦਰਭ 'ਚ) ਤੇ ਮਨਮੋਹਨ ('ਮਨ ਪੰਖੀ ਭਇਓ' ਦੇ ਸੰਦਰਭ 'ਚ) ਰੌਚਿਕ ਤੇ ਤਿੱਖੇ ਸਵਾਲ ਕੀਤੇ ਗਏ ਤੇ ਨਾਵਲਕਾਰਾਂ ਨੇ ਜੁਵਾਬ ਵਜਨਦਾਰ ਤੇ ਉਤੇਜਤ ਦਿੱਤੇ ਹਨ। ਇਸ ਵਾਰ ਸੰਪਾਦਕੀ 'ਲੇਖਕ, ਪ੍ਰਕਾਸ਼ਕ ਅਤੇ ਪੁਸਤਕ ਵਿਕਰੇਤਾਵਾਂ ਦੇ ਭਰਮ ਭੁਲੇਖੇ' ਵਿੱਚ ਅਹਿਮ ਮੁੱਦੇ ਉਭਾਰੇ ਗਏ ਹਨ, 'ਲੇਖਕ ਕਾਹਲ ਦਾ ਸ਼ਿਕਾਰ ਹੋ ਗਿਆ ਏ। ਕਾਹਲੀ 'ਚ ਗਲਪ ਦੀਆਂ ਕਿਤਾਬਾਂ ਛਪਣ ਲੱਗ ਪਈਆਂ ਨੇ। ਅੱਜ ਦਾ ਲੇਖਕ ਦਸ ਦਿਨ ਕੈਨੇਡਾ ਜਾਂਦਾ ਏ। ਉੱਥੇ ਪੰਜ-ਸੱਤ ਸਟੂਡੈਂਟਾਂ ਨੂੰ ਮਿਲਦਾ ਏ। ਪੰਜਾਬ ਆ ਕੇ ਮਹੀਨੇ 'ਚ ਨਾਵਲ-ਕਹਾਣੀ ਲਿਖ ਦਿੰਦਾ ਏ। ਓਧਰੋਂ ਕੋਈ ਪਰਵਾਸੀ ਪੰਜਾਬ ਆ ਕੇ ਪੰਜ ਸੱਤ ਬੰਦੇ-ਬੰਦੀਆਂ ਨੂੰ ਮਿਲਦਾ ਏ ਤਾਂ ਨਾਵਲ ਦਾ ਖਰੜਾ ਕਿਸੇ ਪ੍ਰਕਾਸ਼ਕ ਨੂੰ ਫੜਾ ਜਾਂਦਾ ਏ।'

ਹੱਥਲੇ ਅੰਕ ਵਿੱਚ ਸਰਹੱਦੋ ਪਾਰ ਦੇ ਦੋ ਕਹਾਣੀਕਾਰਾਂ ਗਜ਼ਾਸੀਜ਼ੇਥ (ਕਾਲੀ ਚੁੱਪ) ਤੇ ਬਰਤੋਲਤ ਬਰੈਖ਼ਤ (ਦੋ ਪੁੱਤਰ) ਦੀਆਂ ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਜਿਨ੍ਹਾਂ ਨੂੰ ਨਿੱਕੀ ਹੁਨਰੀ ਕਹਾਣੀ ਦੀ ਠੋਸ ਉਦਾਰਣ ਕਿਹਾ ਜਾ ਸਕਦਾ ਹੈ। ਇਸ ਵਾਰ ਹੱਥਲੇ ਅੰਕ 'ਚ ਪੰਜਾਬੀ ਦੀਆਂ ਸੱਤ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਕਮਰਾ (ਅੰਬਰ ਹੁਸੈਨੀ), ਛੱਤ ਪਰੇ ਅਸਮਾਨ (ਪਰਵੇਜ਼ ਸੰਧੂ), ਲਵ ਸਿੰਡ੍ਰੋਮ (ਪਰਮਜੀਤ ਢੀਂਗਰਾ), ਕੀ ਕਦੀ ਏਦਾਂ ਵੀ (ਸੁਰਿੰਦਰ ਗੀਤ), ਬਿੱਚ (ਜਸਵਿੰਦਰ ਰੱਤੀਆਂ), ਰੀਝ (ਨਰਿੰਦਰ ਕੌਰ ਭੱਚੂ), ਬਲੈਕ ਆਈਸ (ਸੋਮਾ ਸਬਲੋਕ) ਦੀਆਂ ਕਹਾਣੀਆਂ 'ਚ ਬਹੁਤ ਕੁਝ ਅਛੂਤਾ ਹੈ। ਇਨ੍ਹਾਂ ਨੂੰ ਪੜ੍ਹ ਕੇ ਪਾਠਕਾਂ ਨੂੰ ਨਿਰਾਸ਼ਾ ਨਹੀਂ ਹੋਵੇਗੀ ਕਿ ਪੰਜਾਬੀ ਕਹਾਣੀ ਦਾ ਪੱਧਰ ਥੱਲੇ ਖਿਸਕ ਰਿਹਾ ਹੈ। ਅੰਬਰ ਦੀ ਕਹਾਣੀ ਦਾ ਕਰਾਫਟ ਦੇਖਣ ਵਾਲਾ ਹੈ। ਪਰਵੇਜ਼ ਸੰਧੂ ਨੇ ਗੈਰ ਪੰਜਾਬੀ ਨਾਰੀ ਦੇ ਅਛੂਤੇ ਤੇ ਲੁਕਵੇਂ ਪਸਾਰ ਛੋਹੇ ਹਨ। ਢੀਂਗਰਾ ਦਾ ਜਿੱਥੇ ਵਿਸ਼ਾ ਨਵੇਕਲਾ ਹੈ ਉੱਥੇ ਕਰਾਫ਼ਟ ਵੀ ਕਮਾਲ ਦਾ ਹੈ। ਸੁਰਿੰਦਰ ਗੀਤ ਨੇ ਪਰਵਾਸ ਦੇ ਅਗਲੇ ਮਸਲੇ ਨੂੰ ਛੋਹਿਆ ਹੈ। ਰੱਤੀਆਂ ਨੇ ਅਛੂਤੇ ਤੇ ਵਰਜਿਤ ਵਿਸ਼ੇ ਨੂੰ ਕਮਾਲ ਦੀ ਸਮਰੱਥਾ ਨਾਲ ਹੱਥ ਪਾਇਆ ਹੈ। ਭੱਚੂ ਨੇ ਲੰਮੇ ਬਿਰਤਾਂਤ ਰਾਹੀ ਪਰਵਾਸ ਦੀ ਰੀਝ ਨੂੰ ਬਰੀਕ ਬੁਣਤੀ ਨਾਲ ਫੜਨ ਦੀ ਕੋਸ਼ਿਸ਼ ਕੀਤੀ ਹੈ। ਸੋਮਾ ਨੇ ਸਮਕਾਲੀ ਸਮਾਜ ਦੇ ਨਵੇਂ ਰਹੱਸਾ ਤੋਂ ਪਰਦਾ ਚੁੱਕਿਆ ਹੈ। ਇਸ ਵਾਰ ਪੰਜ ਨਵੀਆਂ ਕਿਤਾਬਾਂ ਦੇ ਰੀਵਿਊ ਲੇਖ ਛਪੇ ਹਨ। ਜਿਨ੍ਹਾਂ ਵਿੱਚ 'ਤਲ਼ੀਆਂ ਹੇਠਲੀ ਅੱਗ' ਬਾਰੇ ਜਸਵਿੰਦਰ ਕੌਰ ਬਿੰਦਰਾ, 'ਸਤਨਾਜਾ' ਤੇ ਡਾ. ਸਿਮਰਜੀਤ ਕੌਰ, 'ਗੁੱਡੋ' ਤੇ ਕੁਲਵਿੰਦਰ ਸਿੰਘ, '70% ਪ੍ਰੇਮ ਕਥਾ' ਡਾ. ਸੁਖਪਾਲ ਕੌਰ ਸਮਰਾਲਾ ਤੇ 'ਗੁੱਡ ਲੱਕ' ਤੇ ਡਾ. ਸੰਦੀਪ ਰਾਣਾ ਨੇ ਰੀਵਿਊ ਲਿਖੇ ਹਨ। ਮੇਰਾ ਸਟੱਡੀ ਟੇਬਲ ਵਿੱਚ ਕੁਝ ਕਿਤਾਬਾਂ ਬਾਰੇ ਟਿੱਪਣੀਆਂ ਛਪੀਆਂ ਹਨ। ਟਾਇਟਲ ਦੇ ਪਵਨ ਕੁਮਾਰ ਦੀ ਅਰਥ ਭਰਪੂਰ ਪੇਂਟਿੰਗ ਛਪੀ ਹੈ।

ਇਸ ਅੰਕ ਦੇ ਸਫ਼ੇ: 160, ਮੁੱਲ:100ਰੁਪਏ, ਸੰਪਾਦਕ : ਭਗਵੰਤ ਰਸੂਲਪੁਰੀ (94170-64350) ਪਤਾ : ਸੰਪਾਦਕ ਕਹਾਣੀ ਧਾਰਾ, ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਲੰਧਰ, ਰਚਨਾਵਾਂ ਭੇਜਣ ਲਈ- kahanidhara@gmail.com

## ਏਕਮ: ਅਕਤੂਬਰ-ਦਸੰਬਰ, 2025




ਏਕਮ ਨੇ ਆਪਣੀ ਨਿਰੰਤਰਤਾ ਬਣਾਈ ਰੱਖੀ ਹੋਈ ਹੈ। ਹੱਥਲੇ ਅੰਕ ਦੀ ਸੰਪਾਦਕੀ 'ਚ ਹੜ੍ਹਾਂ ਦੇ ਆਰ ਪਾਰ ਜਾ ਕੇ ਆਪਣੀ ਗੱਲ ਕੀਤੀ ਹੈ। ਇਕਬਾਲ ਸਿੰਘ ਬਰਾੜ ਨੂੰ ਵਿਸ਼ੇਸ ਸਾਇਰ ਵਜੋਂ ਪ੍ਰਕਾਸ਼ਤ ਕੀਤਾ ਹੈ। ਫੈਸਲ ਖ਼ਾਨ,ਜਸਵਿੰਦਰ ਦੂਹੜਾ, ਸ਼ਸ਼ੀਕਾਂਤ ਉੱਪਲ, ਰਾਜਵੰਤ ਕੌਰ, ਸੋਮਾ ਸਬਲੋਕ, ਲਾਭ ਸਿੰਘ ਖੀਵਾ, ਖੁਸ਼ਵੰਤ ਬਰਗਾੜੀ, ਮਨਜੀਤ ਪੁਰੀ, ਜਗਜੀਤ ਨੌਸ਼ਹਿਰਵੀ, ਡਾ. ਹੀਰਾ ਸਿੰਘ, ਵਿਜੇਤਾ ਰਾਜ, ਹਰਲੀਨ ਸੋਨਾ, ਖੁਸ਼ਵੀਰ ਕੌਰ ਢਿੱਲੋਂ, ਅਨੂਪਿੰਦਰ ਸਿੰਘ ਅਨੂਪ, ਅਮਾਨਤਪ੍ਰੀਤ ਕੌਰ, ਹਰਮਿੰਦਰ ਕੋਹਾਰਵਾਲ, ਰਘੁਵੀਰ ਸਿੰਘ ਕਲੋਅ, ਸੁਖਮਿੰਦਰ ਸੇਖੋਂ, ਕਸ਼ਮੀਰੀ ਲਾਲ ਚਾਵਲਾ, ਹਰਪ੍ਰੀਤ ਸਿੰਘ ਰਾਣਾ,ਹਰਦੀਪ ਸਭਰਵਾਲ ਦੀ ਸ਼ਾਇਰੀ ਹੈ। ਹੱਥਲੇ ਅੰਕ ਵਿੱਚ ਅਤਰਜੀਤ (ਸਵੱਛ ਭਾਰਤ), ਮੁਹੰਮਦ ਇਮਤਿਆਜ਼ (ਅਸਹਾਕ ਪਹਿਲਵਾਨ ਦਾ ਪੱਠਾ), ਰਵਿੰਦਰ ਰੁਪਾਲ ਕੌਲਗੜ੍ਹ (ਬਾਹਵਾਂ), ਕਮਲ ਸੇਖੋਂ (ਮਹਿਕਾਂ ਦਾ ਕੀ ਨਾਂ ਰੱਖਣਾ), ਸ਼ੁਭਕਿਰਨ (ਗੱਲੀਂ ਅਸੀਂ ਚੰਗੀਆਂ ਆਚਾਰੀ ), ਗੁਰਮੀਤ ਸਿੰਘ ਮਰਾੜ੍ਹ (ਆਪਣੀ ਧਰਤੀ ਬਿਗਾਨਾ ਅੰਬਰ), ਸੁਰਿੰਦਰ ਕੁਮਾਰ ਬਿਰਹਾ (ਕਰਜ਼ਾ) ਪਰਦਾ ਡਿੱਗਣ ਤੋਂ ਪਹਿਲਾਂ (ਪ੍ਰਿਤਪਾਲ ਕੌਰ, ਅਨੁ. ਗੁਰਦਿਆਲ ਦਲਾਲ), ਉਲਟੀ ਗੰਗਾ (ਅਸ਼ੋਕ ਟਾਂਡੀ) ਦੀਆਂ ਕਹਾਣੀਆਂ ਛਪੀਆਂ ਹਨ। ਇਸ ਤੋਂ ਇਲਾਵਾ ਜਗਤਾਰਜੀਤ ਸਿੰਘ (ਚਿੱਤਰਕਾਰ ਕਿਰਪਾਲ ਸਿੰਘ),ਪੰਜਾਬੀ ਸਾਇਰ ਤਜੱਮਲ ਕਲੀਮ (ਪਿਆਰਾ ਸਿੰਘ ਕੁੱਦੋਵਾਲ), ਜਾਨੇ ਲੁਇਸ ਕਾਲਮੈਂਟ (ਹਰੀਕ੍ਰਿਸ਼ਨ ਮਾਇਰ) ਦੇ ਲੇਖ ਤੋਂ ਇਲਾਵਾ ਢਾਈ ਦਰਜਨ ਕਿਤਾਬਾਂ ਦੀ ਰੀਵਿਊ ਛਪੇ ਹਨ।


ਇਸ ਅੰਕ ਦੇ ਸਫ਼ੇ: 80, ਮੁੱਲ : 80ਰੁਪਏ, ਸੰਪਾਦਕ : ਅਰਤਿੰਦਰ ਸੰਧੂ (98153-02081)। ਰਚਨਾਵਾਂ ਭੇਜਣ ਲਈ- sandhuartinder89@gmail.com

## ਮੁਹਾਂਦਰਾ : ਜੁਲਾਈ-ਸਤੰਬਰ, 2025

ਮੁਹਾਂਦਰਾ ਦੇ ਨਵੇਂ ਅੰਕ ਵਿੱਚ ਪਾਸ਼, ਲਾਲ ਸਿੰਘ ਦਿਲ, ਅਰਤਿੰਦਰ ਸੰਧੂ, ਦਰਸ਼ਨ ਖਟਕੜ, ਜਸਪਾਲ ਘਈ, ਪਿਆਰਾ ਸਿੰਘ ਸਾਗਰ, ਸੁਸ਼ੀਲ ਦੁਸਾਂਝ, ਮਿੰਦਰਪਾਲ, ਜਗਤਾਰ, ਰਜਿੰਦਰ ਵਰਮਾ, ਸੁਖਚਰਨ ਸਿੰਘ ਸਿੱਧੂ, ਸ਼ਮਿੰਦਰ ਬਰਾੜ, ਤਾਹਿਰਾ ਸਰਾ, ਮੁਨੀਰ ਨਿਆਜ਼ੀ, ਤਰਲੋਚਨ ਮੀਰ, ਸੁਖਦੇਵ ਸਿੰਘ ਔਲਖ ਦੀ ਸ਼ਾਇਰੀ ਛਪੀ ਹੈ। ਹਰਜਿੰਦਰ ਸਿੰਘ ਸੂਰੇਵਾਲੀਆਂ ਦੀ ਸਵੈ ਜੀਵਨੀ ਅੰਸ਼ 'ਜਦੋਂ ਮੈਂ ਸਕੂਲ ਦਾ ਮੁਖੀ ਬਣਿਆ' ਚੰਗੀ ਰਚਨਾ ਹੈ। ਸੀ. ਮਾਰਕੰਡਾ ਨੇ ਕੁਲਵੰਤ ਸਿੰਘ ਵਿਰਕ ਨਾਲ ਗੁਜ਼ਾਰੀਆਂ ਯਾਦਾਂ ਲਿਖੀਆਂ ਹਨ। ਜੋਗਿੰਦਰ ਕੌਰ ਅਗਨੀਹੋਤਰੀ ਨੇ 'ਅਤੀਤ ਦੇ ਰੰਗ' ਲਿਖਿਆ ਹੈ। ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਲੇਖ 'ਪੰਜਾਬੀ ਆਲੋਚਨਾ ਦਾ ਪ੍ਰਗਤੀਵਾਦੀ ਦੌਰ' ਵਿੱਚ ਘਸੀਆਂ ਹੋਈਆਂ ਧਾਰਨਾਵਾਂ ਪੇਸ਼ ਕੀਤੀਆਂ ਹਨ। ਗੁਰਜੰਟ ਕਲਸੀ ਲੰਡੇ ਦਾ ਸਫ਼ਰਨਾਮਾ 'ਯਾਤਰਾ ਪਾਕਿਸਤਾਨ ਦੀ' ਤੋਂ ਇਲਾਵਾ ਕੁਝ ਹੋਰ ਕਿਤਾਬਾਂ ਬਾਰੇ ਰੀਵਿਊ ਛਪੇ ਹਨ। ਸੰਪਾਦਕ ਨੂੰ ਪਰਚੇ ਵਿੱਚ ਸਮੱਗਰੀ ਦੀ ਚੋਣ ਕਰਨ ਵਿੱਚ ਬਹੁਤ ਧਿਆਨ ਦੇਣ ਦੀ ਲੋੜ ਹੈ। ਇਸ ਅੰਕ ਦੇ ਸਫ਼ੇ: 96, ਮੁੱਲ : 150ਰੁਪਏ, ਸੰਪਾਦਕ : ਡਾ. ਰਾਹੁਲ ਰੁਪਾਲ (98726-75400)। ਰਚਨਾਵਾਂ ਭੇਜਣ ਲਈ- dr.rsrupal@yahoo.com




## ਆਪਣੀ ਆਵਾਜ਼ :ਸਤੰਬਰ, 2025




ਹੱਥਲੇ ਪਰਚੇ ਦੇ ਮੁੱਖ ਸੰਪਾਦਕ ਸੁਰਿੰਦਰ ਸਿੰਘ ਸੁੰਨੜ, ਸੰਪਾਦਕ ਡਾ. ਰਾਮ ਮੂਰਤੀ ਹਨ। ਅੰਕ ਵਿੱਚ ਉਜਾਗਰ ਸਿੰਘ, ਜ਼ਫਰ ਇਕਬਾਲ ਸਿੰਘ ਜ਼ਫਰ, ਭੁਪਿੰਦਰ ਉਸਤਾਦ, ਡਾ. ਹਰੀਸ਼ ਮਲਹੋਤਰਾ, ਨਾਜਰ ਸਿੰਘ, ਕਿਸ਼ਨ ਸਨਮੁਖਦਾਸ, ਜਸਵੀਰ ਸ਼ਰਮਾ, ਸੰਜੀਵ ਸੈਣੀ, ਬਲਜਿੰਦਰ ਮਾਨ, ਚੇਤਨ ਸਿੰਘ, ਨਵ ਸੰਗੀਤ ਸਿੰਘ, ਹਰਪ੍ਰੀਤ ਪੱਤੋ, ਜਗਦੀਸ਼ ਰਾਏ ਕੁਲਰੀਆਂ, ਪ੍ਰਭਜੋਤ ਸੋਹੀ, ਡਾ. ਰਣਜੀਤ ਕੌਰ ਹੁੰਦਲ ਤੇ ਸੰਤ ਸੰਧੂ ਦੀਆਂ ਰਚਨਾਵਾਂ ਛਪੀਆਂ ਹਨ। ਪਰਚੇ ਤੇ ਬੇਹੱਦ ਮਿਹਨਤ ਕਰਨ ਦੀ ਲੋੜ ਹੈ। ਇਸ ਅੰਕ ਦੇ ਸਫ਼ੇ 66, ਕੀਮਤ ਮੁਫ਼ਤ ਵਿੱਚ, ਸੰਪਾਦਕ ਡਾ. ਰਾਮ ਮੂਰਤੀ (94174-49665)ਰਚਨਾਵਾਂ ਭੇਜਣ ਲਈ- apniaawaazjal@gmail.com

# ਸਾਧੂ ਰਾਮ ਲੰਗੇਆਣਾ ਦੀਆਂ ਮਿੰਨੀ ਕਹਾਣੀਆਂ



## ਮਾਂ

ਜੱਗੂ ਦੀ ਮਾਂ ਮੀਤੋ ਕੁਦਰਤ ਵੱਲੋਂ ਮਿਲੀ ਪਹਿਲੀ ਪੁੱਤਰ ਸੰਤਾਨ ਨੂੰ ਇੱਕ ਪਲ ਵੀ ਨਜ਼ਰਾਂ ਤੋਂ ਦੂਰ ਨਾ ਕਰਦੀ ਹੋਈ ਉੱਕਾ ਹੀ ਵਿਸਾਹ ਨਹੀਂ ਸੀ ਖਾਂਦੀ। ਬਾਕੀ ਤਾਂ ਸਾਰੇ ਪਰਵਾਰ ਵਾਲੇ ਪੁੱਤਰ ਦਾ ਪੂਰਾ ਨਾਂਅ 'ਜਗਤਪ੍ਰੀਤ' ਲੈ ਕੇ ਪੁਕਾਰਦੇ, ਪ੍ਰੰਤੂ ਮੀਤੋ ਨੇ ਪੂਰਾ ਨਾਂਅ ਵੀ ਤੇ ਇੱਕ ਛੋਟਾ ਤੇ ਲਾਡ-ਪਿਆਰ ਦਾ ਨਾਂਅ 'ਜੱਗੂ' ਵੀ ਰੱਖਿਆ ਹੋਇਆ ਸੀ। ਜੱਗੂ ਦੇ ਹੱਥਾਂ-ਪੈਰਾਂ ਨੂੰ ਭੋਰਾ ਵੀ ਮਿੱਟੀ-ਘੱਟਾ ਨਾ ਲੱਗਣ ਦਿੰਦੀ, ਨਜ਼ਰ ਲੱਗਣ ਤੋਂ ਉਸ ਦੇ ਕੰਨ ਪਿੱਛੇ ਇੱਕ ਕਾਲੇ ਸੁਰਮੇ ਦਾ ਟਿੱਕਾ ਲਗਾਉਣਾ ਵੀ ਮਨ 'ਚੋਂ ਕਦੇ ਵੀ ਨਹੀਂ ਸੀ ਭੁਲਾਉਂਦੀ।

ਹੁਣ ਜੱਗੂ ਭਾਵੇਂ ਸਾਢੇ ਕੁ ਤਿੰਨ ਸਾਲ ਦੇ ਕਰੀਬ ਦਾ ਹੋ ਗਿਆ ਸੀ, ਪ੍ਰੰਤੂ ਮੀਤੋ ਅਜੇ ਵੀ ਕੁੱਛੜੋਂ ਨਹੀਂ ਸੀ ਉਤਾਰਦੀ, ਜਦੋਂ ਕਦੇ ਉਹ ਕਿਸੇ ਗੱਲੋਂ ਜ਼ਿੱਦ ਕਰਦਾ ਰੋਂਦਾ ਸੀ ਤਾਂ ਮੀਤੋ ਉਸ ਨੂੰ ਕੁੱਛੜ ਚੁੱਕ ਕੋਠੇ 'ਤੇ ਚੜ੍ਹ ਜਾਂਦੀ ਤੇ ਲੋਰੀਆ ਦੇ-ਦੇ ਆਖਿਆ ਕਰਦੀ ਹੁੰਦੀ ਸੀ—

'ਸੁਣ-ਸੁਣ ਵੇ ਕਾਲਿਆ ਕਾਵਾਂ, ਤੇਰੇ ਪੈਰੀਂ ਮੌਜੇ ਪਾਵਾਂ, ਤੇਰੀ ਸੋਨੇ ਚੁੰਝ ਮੜਾਵਾਂ, ਕੁੱਟ ਘਿਉ ਦੀ ਚੂਰੀ ਖਿਲਾਵਾਂ, ਜੇ ਮੇਰੀ ਮੰਮੀ ਆਉਂਦੀ ਹੋਵੇ, ਜੇ ਜੱਗੂ ਦੀ ਨਾਨੀ ਆਉਂਦੀ ਹੋਵੇ, ਮੇਰੀ ਮਾਂ ਦਾ ਦਰਸ ਕਰਾਦੇ, ਸਾਡੇ ਠੰਢ ਕਲੇਜੇ ਪਾ ਦੇ' ਆਦਿ। ਮਾਂ ਦੇ ਏਦਾਂ ਆਖਦਿਆਂ-ਆਖਦਿਆਂ ਜੱਗੂ ਕਦੇ ਤਾਂ ਚੁੱਪ ਕਰ ਜਾਂਦਾ ਸੀ ਤੇ ਕਦੇ ਗੂੜ੍ਹੀ ਨੀਂਦ ਸੌਂ ਜਾਂਦਾ ਸੀ।

ਇੱਕ ਦਿਨ ਮੀਤੋ ਜੱਗੂ ਨੂੰ ਘਰ ਵਿੱਚ ਆਪਣੇ ਪਤੀ ਕੋਲ ਛੱਡ ਕੇ ਗਵਾਂਢੀਆਂ ਦੇ ਨਾਲ ਕਿਸੇ ਰਿਸ਼ਤੇਦਾਰੀ 'ਚ ਭੋਗ 'ਤੇ ਜਦੋਂ ਗਈ ਸੀ ਤਾਂ ਵਾਪਸ ਪਰਤਦਿਆ ਉਨ੍ਹਾਂ ਦਾ ਵਹੀਕਲ ਰਸਤੇ 'ਚ ਹਾਦਸਾਗ੍ਰਸਤ ਹੋ ਗਿਆ। ਜਿਸ ਦੌਰਾਨ ਕਾਫੀ ਔਰਤਾਂ ਦੇ ਸੱਟਾਂ ਲੱਗੀਆਂ, ਜਿਨ੍ਹਾਂ 'ਚੋਂ ਮੀਤੋ ਅੰਦਰੂਨੀ ਸੱਟ ਕਾਰਨ ਮੌਕੇ 'ਤੇ ਹੀ ਸਦਾ-ਸਦਾ ਲਈ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਈ। ਮੀਤੋ ਦੇ ਅੰਤਮ ਸੰਸਕਾਰ ਦੀਆਂ ਸਭ ਰਸਮਾਂ ਸਮੇਂ ਜੱਗੂ ਨੂੰ ਪਾਸੇ ਰੱਖਿਆ ਗਿਆ ਸੀ ਤੇ ਉਸ ਨੂੰ ਫੋਕਾ ਧਰਵਾਸਾ ਦਿੱਤਾ ਗਿਆ ਕਿ ਤੇਰੀ ਮੰਮੀ ਨਾਨਕੇ ਗਈ ਹੋਈ ਐ।

ਤੀਸਰੇ ਦਿਨ ਮੀਤੋ ਦੇ ਫੁੱਲ ਚੁਗੇ ਜਾਣੇ ਸਨ, ਘਰ ਦੇ ਵਿਹੜੇ 'ਚ ਸੱਥਰ ਵਿਛਿਆ ਹੋਇਆ ਸੀ। ਭਾਰੀ ਇਕੱਠ ਨੂੰ ਦੇਖ ਜੱਗੂ ਸਹਿਮਿਆ-ਸਹਿਮਿਆ ਚੁੱਪਚਾਪ ਮੂੰਹ ਲਟਕਾਈ ਪਹਿਲਾਂ ਤਾਂ ਵਿਹੜੇ 'ਚ ਫਿਰਦਾ ਰਿਹਾ। ਉਪਰੰਤ ਉਸ ਦੀਆਂ ਅੱਖੋਂ 'ਚੋਂ ਹੰਝੂ ਛਲਕਣ ਲੱਗੇ ਤੇ ਰਗਾਂ 'ਚ ਖੂਨ ਸੁੱਕਣ ਲੱਗਾ। ਤਦ ਉਹ ਹੌਲੀ ਕੁ ਦੇਣੇ ਸਾਰਿਆਂ ਤੋਂ ਅੱਖ ਜਿਹੀ ਬਚਾ ਕੇ ਪੱਕੀਆਂ ਪੌੜੀਆਂ ਰਾਹੀਂ ਕੋਠੇ 'ਤੇ ਚੜ੍ਹ ਗਿਆ। ਜਿੱਥੇ ਉਸ ਨੇ ਵਿਹੜੇ 'ਚ ਬੈਠੀਆਂ ਔਰਤਾਂ 'ਚੋਂ ਮੀਤੋ ਮਾਂ ਨੂੰ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀ, ਪ੍ਰੰਤੂ ਕੋਠੇ ਦਾ ਜੰਗਲਾ ਉੱਚਾ ਹੋਣ ਕਾਰਨ ਉਸ ਨੇ ਕੋਠੇ 'ਤੇ ਪਏ ਕੰਡਿਆਲੀ ਥੋਹਰ ਵਾਲੇ ਗਮਲੇ ਨੂੰ ਹੱਥਾਂ ਨਾਲ ਖਿੱਚ ਕੇ ਜੰਗਲੇ ਦੇ ਨੇੜੇ ਕੀਤਾ। ਫਿਰ ਉਹ ਗਮਲੇ ਉਪਰ ਖੜ ਜੰਗਲੇ ਦੇ ਬਰਾਬਰ ਦਾ ਤਾਂ ਹੋ ਗਿਆ ਸੀ, ਪ੍ਰੰਤੂ ਉਸ ਸਮੇਂ ਉਸ ਦੇ ਨੰਗੇ ਹੱਥਾਂ-ਪੈਰਾਂ 'ਚ ਅਨੇਕਾਂ ਹੀ ਥੋਹਰ ਦੇ ਤਿੱਖੇ ਕੰਡੇ ਵੀ ਪ੍ਰੋਏ ਗਏ। ਫੇਰ ਉਸ ਨੇ ਵਿਹੜੇ 'ਚ ਸੱਥਰ 'ਤੇ ਬੈਠੀਆਂ ਔਰਤਾਂ 'ਚੋਂ 'ਮੀਤੋ' ਮਾਂ ਦੇ ਚਿਹਰੇ ਨੂੰ ਜਦੋਂ ਟੋਲਿਆ ਤਾਂ ਮਾਂ ਕਿਧਰੇ ਵੀ ਨਜ਼ਰ ਨਾ ਆਈ ਤੇ ਫੇਰ ਜੱਗੂ ਮੀਤੋ ਵਾਂਗ ਲੱਗ ਪਿਆ ਕਾਂ ਨੂੰ ਬੁਲਾਵਾ ਦੇਣ—

'ਸੁਣ-ਸੁਣ ਵੇ ਕਾਲਿਆ ਕਾਵਾਂ, ਤੇਰੇ ਪੈਰੀਂ ਮੌਜੇ ਪਾਵਾਂ, ਤੇਰੀ ਸੋਨੇ ਚੁੰਝ ਮੜਾਵਾਂ, ਕੁੱਟ ਘਿਓ ਦੀ ਚੂਰੀ ਖਿਲਾਵਾਂ, ਮੇਰੀ ਮਾਂ ਦਾ ਦਰਸ ਕਰਾਦੇ, ਸਾਡੇ ਠੰਢ ਕਲੇਜੇ ਪਾ ਦੇ।'

ਜਦੋਂ ਉਹਨੇ ਦੋ-ਚਾਰ ਵਾਰ ਇੰਝ ਕਿਹਾ, ਤਾਂ ਸੱਥਰ 'ਤੇ ਬੈਠੀ ਇੱਕ ਔਰਤ ਦੇ ਬੋਲ ਕੰਨੀਂ ਪਏ, ਬੂਹ ਨੀਂ, ਮੈਂ ਮਰ ਜਾਵਾਂ, ਮੁੰਡਾ ਕੋਠੇ 'ਤੇ..

ਤਿੰਨ-ਚਾਰ ਜਣੀਆਂ ਭੱਜ ਕੋਠੇ 'ਤੇ ਚੜ੍ਹ ਗਈਆਂ, ਉਨ੍ਹਾਂ ਬੜੀ ਮੁਸ਼ਕਲ ਨਾਲ ਕੰਡਿਆਲੀ ਥੋਹਰ ਵਿੱਚ ਫਸੇ ਜੱਗੂ ਨੂੰ ਕੱਢਿਆ, 10-15 ਔਰਤਾਂ ਨੇ ਤਿੱਖੀਆਂ ਸੂਈਆਂ ਨਾਲ ਹੌਲੀ-ਹੌਲੀ ਕਰਕੇ ਜੱਗੂ ਦੇ ਹੱਥਾਂ-ਪੈਰਾਂ 'ਚ ਸੇਲਿਆਂ ਵਾਂਗ ਚੁਭੇ ਹੋਏ ਤਿੱਖੇ ਕੰਡੇ ਕੱਢਣੇ ਸ਼ੁਰੂ ਕਰ ਦਿੱਤੇ। ਹੱਥਾਂ-ਪੈਰਾਂ 'ਚ ਵੱਜਦੀਆਂ ਸੂਈਆਂ ਸਮੇਂ ਜੱਗੂ ਦੇ ਮੂੰਹੋਂ ਜ਼ਰਾ ਵੀ ਸੀਅ ਨਹੀਂ ਸੀ ਨਿਕਲੀ ਇਸ ਮੌਕੇ ਔਰਤਾਂ ਤਾਂ ਕੰਡੇ ਕੱਢਣ 'ਚ ਰੁੱਝੀਆਂ ਹੋਈਆਂ ਸਨ, ਪ੍ਰੰਤੂ ਅੱਖਾਂ ਮੀਟੀ ਪਏ ਜੱਗੂ ਦੇ ਹਿਲਦੇ ਬੁੱਲ੍ਹ ਅਜੇ ਵੀ ਪੁਕਾਰ ਰਹੇ ਸਨ, 'ਸੁਣ-ਸੁਣ ਵੇ ਕਾਲਿਆ ਕਾਵਾਂ।'

ਸਾਰੇ ਕੰਡੇ ਕੱਢਣ ਉਪਰੰਤ ਔਰਤਾਂ ਵੱਲੋਂ ਉਸ ਨੂੰ ਪੁੱਛਿਆ ਗਿਆ, ਪੁੱਤ ਤੇਰੇ ਹੁਣ ਕਿੱਥੇ ਪੀੜ ਹੁੰਦੀ ਐ, ਜੱਗੂ ਨੇ ਜਿਉਂ ਹੀ ਇਸ਼ਾਰੇ ਨਾਲ ਕਲੇਜੇ 'ਤੇ ਹੱਥ ਲਾ ਕੇ ਦੱਸਿਆ, ਤਾਂ ਦੋ-ਤਿੰਨ ਜਣੀਆਂ ਉਸ ਦੇ ਕਲੇਜੇ ਨੂੰ ਟੋਹਣ ਉਪਰੰਤ ਇਕੱਠੀਆਂ ਹੀ ਬੋਲ ਪਈਆਂ, ਭਾਈ ਜਲਦੀ-ਜਲਦੀ ਕਿਸੇ ਡਾਕਟਰ ਨੂੰ ਫੋਨ ਕਰੋ, ਇਹਦੇ ਕਲੇਜੇ 'ਚ ਕੰਡਾ ਉਪਰੋਂ ਤਾਂ ਨਜ਼ਰ ਨਹੀਂ ਆਉਂਦਾ, ਕਿਤੇ ਅੰਦਰ ਡੂੰਘਾ ਨਾ ਚਲਾ ਗਿਆ ਹੋਵੇ।

ਕੁੜੇ ਭੈਣੋਂ, ਲਿਆਉ ਮੈਨੂੰ ਫੜਾਵੋ, ਜੁਆਕ ਨੂੰ, ਡਾਕਟਰ ਦੀ ਕਿਸੇ ਦਵਾਈ-ਬੂਟੀ ਦੀ ਕੋਈ ਲੋੜ ਨਹੀਂ ਹੈ, ਇਹਦੇ ਕੰਡਾ ਨਹੀਂ, ਇਹਦੇ ਤਾਂ ਕਲੇਜੇ 'ਚ ਹਿਜਰ ਦੇ ਭਾਂਬੜ ਬਲਦੇ ਨੇ, ਵਿਚਾਰੇ ਦੇ ਉਮਰ ਭਰ ਦਾ ਸੱਲ ਖੜਾ ਹੋ ਗਿਆ ਏ। ਜਿਉਂ ਹੀ ਜੱਗੂ ਦੇ ਕੰਨੀਂ ਨਾਨੀ ਦੇ ਬੋਲ ਪਏ ਤਾਂ ਉਹ ਨਾਨੀ ਮਾਂ, ਨਾਨੀ ਮਾਂ ਮੰਮੀ ਕਿੱਥੇ ਐ? ਆਖ ਡਡਿਆ ਕੇ ਉਸ ਦੇ ਗਲ ਨੂੰ ਚਿੰਬੜ ਗਿਆ।

## ਅਰਥੀ ਨੂੰ ਸਲਾਮ

ਮਾਪਿਆਂ ਦਾ ਇਕਲੌਤਾ ਨੌਜਵਾਨ ਪੁੱਤਰ 5 ਏਕੜ ਜ਼ਮੀਨ ਸ਼ਰਾਬ ਰਾਹੀਂ ਡਕਾਰ ਕੇ ਧਰਮ ਰਾਜ ਦੀ ਕਚਹਿਰੀ ਜਾ ਬਿਰਾਜਮਾਨ ਹੋਇਆ ਸੀ। ਸਸਕਾਰ ਤੋਂ ਤੀਸਰੇ ਦਿਨ ਜਦ ਸਭ ਸ਼ੋਕ ਸਨੇਹੀ ਉਸ ਦੀਆਂ ਅਸਥੀਆਂ ਚੁਗ ਕੇ ਵਾਪਸ ਆ ਰਹੇ ਸਨ ਤਾਂ ਰਸਤੇ 'ਚ ਇੱਕ ਸ਼ਾਨਦਾਰ ਕੋਠੀ ਮੂਹਰੇ ਖੜ੍ਹੇ ਇੱਕ ਮਾਚੜੂ ਜਿਹੇ ਵਿਅਕਤੀ ਨੇ ਅਸਥੀਆਂ ਨੂੰ ਸਿਰ ਝੁਕਾ ਕੇ ਪ੍ਰਣਾਮ ਕੀਤਾ, ਤਾਂ ਕਿਸੇ ਇੱਕ ਵਿਅਕਤੀ ਨੇ ਉਸ ਨੂੰ ਸੰਬੋਧਨ ਕਰਦਿਆਂ ਕਿਹਾ— ਭਾਈ ਸਾਹਿਬ ਤੁਹਾਡੇ ਨਾਲ ਇਸ ਮਰਨ ਵਾਲੇ ਵਿਅਕਤੀ ਦਾ ਐਨਾ ਕੀ ਪਿਆਰ ਸੀ ਕਿ ਮੈਂ ਤੁਹਾਨੂੰ ਦੇਖਿਆ ਸੀ ਕਿ ਜਦੋਂ ਪਰਸੋਂ ਅਸੀਂ ਇਹਦੀ ਅਰਥੀ ਲੈ ਕੇ ਜਾ ਰਹੇ ਸਾਂ ਤਾਂ ਉਸ ਸਮੇਂ ਵੀ ਤੁਸੀਂ ਇਸ ਦੀ ਅਰਥੀ ਨੂੰ ਸਿਰ ਝੁਕਾ ਕੇ ਸਲਾਮ ਕੀਤਾ ਸੀ ਅਤੇ ਅੱਜ ਅਸਥੀਆਂ ਨੂੰ ਵੀ?

ਭਾਅ ਜੀ, ਗੱਲ ਇਹ ਐ ਕਿ ਆਹ ਮੇਰੀ ਕੋਠੀ ਤਿਆਰ ਹੋਣ 'ਚ ਇਸ ਵਿਅਕਤੀ ਦਾ ਵੀ ਕਾਫ਼ੀ ਸਹਿਯੋਗ ਹੈ।

ਹੈਂਅ ਸਹਿਯੋਗ, ਇਹਨੇ ਤਾਂ ਘਰ-ਬਾਰ ਸ਼ਰਾਬ ਮੂੰਹੀਂ ਫੂਕ ਕੇ ਆਪਣੇ ਬਿਰਧ ਮਾਪਿਆਂ ਨੂੰ ਕੰਗਾਲ ਕਰਕੇ ਰੱਖ ਦਿੱਤੈ, ਪਰ ਤੈਨੂੰ ਇਹਦਾ ਕੀ ਸਹਿਯੋਗ ਰਿਹੈ?

ਦਰਅਸਲ ਭਾਅ ਜੀ, ਗੱਲ ਇਹ ਐ ਕਿ ਇਹ ਮਰਨ ਵਾਲਾ ਵਿਅਕਤੀ ਸ਼ਰਾਬ ਦੀਆਂ ਪੇਟੀਆਂ ਨੂੰ ਡਕਾਰ ਕੇ ਖ਼ਾਲੀ ਬੋਤਲਾਂ ਆਪਣੇ ਘਰ ਦੇ ਨਾਲ ਲੱਗਦੇ ਇੱਕ ਖ਼ਾਲੀ ਪਏ ਪਲਾਟ ਵਿੱਚ ਰੋਜ਼ਾਨਾ ਸੁੱਟ ਦਿੰਦਾ ਹੁੰਦਾ ਸੀ ਅਤੇ ਮੈਂ ਉਹੀ ਖਾਲੀ ਬੋਤਲਾਂ ਮੁਫਤ 'ਚ ਚੁੱਕ ਇਕੱਠੀਆਂ ਕਰਕੇ ਅੱਗੇ ਕਬਾੜੀਏ ਨੂੰ .....!

## ਬਾਪੂ ਜੀ ਦਾ ਹੈਂਡ ਬੈਗ

ਵਾਹਿਗੁਰੂ ਜੀ.. ਵਾਹਿਗੁਰੂ ਜੀ.. ਵਾਹਿਗੁਰੂ ਜੀ.., ਪੁੱਤਰ ਬਹੁਤ ਮਾੜਾ ਹੋਇਆ.., ਰਾਤੀਂ ਕਿੰਨੇ ਕੁ ਵਜੇ ਸਵਾਸ ਪੂਰੇ ਕਰ ਗਏ ਸਨ ਤੇਰੇ ਬਾਪੂ ਜੀ..! ਜੰਗੀਰ ਸਿੰਘ ਨੇ ਸੱਥਰ 'ਤੇ ਬੈਠਣ ਸਾਰ ਹੀ ਆਪਣੇ ਛੋਟੇ ਭਰਾ ਬਖਤਾਵਰ ਸਿੰਘ ਦੀ ਛੋਟੀ ਨੂੰਹ ਕੋਲੋਂ ਪੁੱਛਿਆ।

ਤਾਇਆ ਜੀ, ਰਾਤੀਂ ਗਿਆਰਾਂ ਕੁ ਵਜੇ ਅਚਾਨਕ ਉਨ੍ਹਾ ਨੂੰ ਉਲਟੀ ਜਿਹੀ ਆਈ, ਜਦ ਮੈਂ ਵਿਹੜੇ ਵਿੱਚ ਹੋਇਆ ਖੜਾਕ ਸੁਣ ਕੇ ਜਿਉਂ ਹੀ ਬਾਪੂ ਜੀ ਵੱਲ ਨੂੰ ਕਾਹਲੀ ਨਾਲ ਭੱਜ ਕੇ ਗਈ ਤਾਂ ਉਹ ਮੇਰੇ ਜਾਂਦੀ ਨੂੰ ਮੂਧੇ ਮੂੰਹ ਡਿੱਗੇ ਪਏ ਸਨ। ਮੈਂ ਜਿਉਂ ਹੀ ਉਨ੍ਹਾਂ ਨੂੰ ਸਿੱਧੇ ਜਿਹੇ ਕੀਤਾ ਤਾਂ ਬੱਸ ਉਹ ਦੁਨੀਆ ਤੋਂ ਰੁਖ਼ਸਤ ਹੋ ਚੁੱਕੇ ਸਨ।

ਪੁੱਤਰ ਮੈਂ ਤਾਂ ਏਸ ਗੱਲੋਂ ਹੈਰਾਨ ਹਾਂ ਕਿ ਕੱਲ੍ਹ ਜਦੋਂ ਅਸੀਂ ਇਕੱਠੇ ਸ਼ਹਿਰੋਂ ਇਨ੍ਹਾਂ ਦੀਆਂ ਅੱਖਾਂ ਦੇ ਚੈੱਕਅੱਪ ਲਈ ਡਾ. ਸ਼ਰਮਾ ਜੀ ਕੋਲ ਗਏ ਸਾਂ ਤਾਂ ਉਨ੍ਹਾਂ ਚੈੱਕਅੱਪ ਤੋਂ ਬਾਅਦ ਐਨਕ ਲਗਾਉਣ ਬਾਰੇ ਮਸ਼ਵਰਾ ਜਾਰੀ ਕੀਤਾ ਅਤੇ ਐਨਕ ਨੰਬਰ ਲਿਖ ਕੇ ਪਰਚੀ ਕਰ ਦਿੱਤੀ ਸੀ ਅਤੇ ਨਾਲੋ ਨਾਲ ਹੀ ਦਿਲ ਦੀ ਵਧੀ ਹੋਈ ਧੜਕਣ ਬਾਰੇ ਉਨ੍ਹਾ ਤੁਰੰਤ ਹਾਰਟ ਵਾਲੇ ਡਾ. ਬਾਂਸਲ ਨੂੰ ਚੈੱਕਅੱਪ ਕਰਵਾਉਣ ਲਈ ਕਿਹਾ ਤਾਂ ਡਾ. ਬਾਂਸਲ ਨੇ ਸਾਨੂੰ ਹਾਰਟ ਦੀ ਈਕੋ ਕਰਵਾਉਣ ਬਾਰੇ ਪਰਚੀ ਕਰ ਦਿੱਤੀ ਸੀ।

ਉਪਰੰਤ ਆਪਣੀਆਂ ਬਿਮਾਰੀਆਂ ਨੂੰ ਮੱਦੇਨਜ਼ਰ ਰੱਖਦਿਆਂ ਬਖਤਾਵਰ ਸਿੰਘ ਦੀ ਸੋਚ ਇੱਕਦਮ ਬਦਲ ਗਈ ਸੀ ਤਾਂ ਉਹਨੇ ਤੁਰੰਤ ਹੀ ਤੁਹਾਡੇ ਬਾਰੇ ਸੋਚਦਿਆਂ ਘਰ ਵਾਪਸ ਆਉਣ ਦੀ ਬਜਾਏ ਮੈਨੂੰ ਸਿੱਧਾ ਕਚਹਿਰੀ ਵਿੱਚ ਜਾਣ ਲਈ ਕਿਹਾ ਅਤੇ ਨਾਲੋ-ਨਾਲ ਹੀ ਨੰਬਰਦਾਰ ਹਰਦੇਵ ਸਿੰਘ ਨੂੰ ਜਲਦੀ ਕਚਹਿਰੀ ਵਿੱਚ ਪਹੁੰਚਣ ਲਈ ਫੋਨ ਕਰ ਦਿੱਤਾ ਸੀ।

ਉਪਰੰਤ ਅਸੀਂ ਹੱਸਦੇ-ਹੱਸਦੇ ਇਕੱਠੇ ਪਿੰਡ ਆਏ ਹਾਂ, ਉਦੋਂ ਤਾਂ ਢਿੱਲ-ਮੱਠ ਵਾਲੀ ਕੋਈ ਗੱਲਬਾਤ ਵੀ ਨਹੀਂ ਸੀ। ਉਂ ਭਾਈ, ਮੈਨੂੰ ਏਸ ਗੱਲ 'ਤੇ ਤਾਂ ਬਹੁਤ ਜ਼ਿਆਦਾ ਮਾਣ ਹੈ ਕਿ ਏਸ ਟੱਬਰ 'ਚੋਂ ਤੂੰ ਤਾਂ ਬਹੁਤ ਸਿਆਣੀ ਕੁੜੀ ਏਂ, ਜਿਹੜੀ ਹੁਣ ਵੀ ਇਕੱਲੀ ਹੀ ਮੇਰੇ ਭਰਾ ਦੇ ਸਿਰ੍ਹਾਣੇ ਬੈਠੀ ਹੋਈ ਐਂ.., ਬਾਕੀ ਵੇਖ ਕਿਵੇਂ ਵਿਹੜੇ ਵਿੱਚ ਇੰਝ ਦੂਰ ਘੁੰਮਦੇ-ਫ਼ਿਰਦੇ ਨੇ ਜਿਵੇਂ ਕਿਸੇ ਹੋਰ ਦਾ ਪਿਓ ਮਰਿਆ ਹੋਵੇ, ਪਰ ਪੁੱਤ ਇੱਕ ਗੱਲ ਦੱਸਿਓ ਰਾਤ ਤਾਂ ਨਹੀਂ ਤੁਹਾਡੇ ਟੱਬਰ 'ਚੋਂ ਕਿਸੇ ਨੇ ਪਹਿਲਾਂ ਵਾਂਗ ਮੇਰੇ ਭਰਾ ਨਾਲ ਕੋਈ ਕੁੱਤੇਖਾਣੀ ਕੀਤੀ।

ਤਾਇਆ ਜੀ, ਬੱਸ ਆਹੀ ਗੱਲ ਐ.., ਬਾਪੂ ਜੀ ਨੇ ਜਿਉਂ ਹੀ ਐਨਕ ਲਗਵਾਉਣ ਅਤੇ ਈਕੋ ਕਰਵਾਉਣ ਬਾਰੇ ਘਰ ਵਿੱਚ ਗੱਲ ਸਾਂਝੀ ਕੀਤੀ ਤਾਂ ਨਿੱਤ ਦੇ ਸ਼ਰਾਬੀ ਮੇਰੇ ਘਰ ਵਾਲੇ ਨੇ ਅਤੇ ਦੂਜੇ ਪਾਸੇ ਮੇਰੇ ਕੱਬੇ ਸੁਭਾਅ ਦੇ ਮਾਲਕ ਜੇਠ-ਜੇਠਾਣੀ ਦੋਵਾਂ ਨੇ ਬਾਪੂ ਜੀ ਨੂੰ ਬਹੁਤ ਮਾੜੇ ਸ਼ਬਦ ਵੀ ਬੋਲ਼ੇ ਅਤੇ ਪਰਚੀਆਂ ਵਾਲਾ ਹੈਂਡ ਬੈਗ ਬਾਪੂ ਜੀ ਤੋਂ ਫਟਾਫਟ ਖੋਹ ਕੇ ਚੁੱਲ੍ਹੇ ਵਾਲੀ ਬਲਦੀ ਅੱਗ ਵਿਚ ਵਗਾ ਕੇ ਮਾਰਿਆ ਤੇ ਉਹ ਲਟਲਟ ਕਰ ਕੇ ਸੜ ਗਿਆ।

ਹੈਂਅ...! ਉਹ ਹੈਂਡ ਬੈਗ ਸੜ ਗਿਆ...?

ਹਾਂ ਤਾਇਆ ਜੀ, ਰਾਖ਼ ਹੋ ਗਿਆ.., ਮੈਨੂੰ ਲੱਗਦੈ ਬਾਪੂ ਜੀ ਤੋਂ ਏਹੀ ਗੱਲ ਸਹਾਰੀ ਨਹੀਂ ਗਈ ਤੇ ਉਹ ਦਿਲ 'ਤੇ ਲਗਾ ਗਏ।

ਓਏ.. ਉਰੇ ਆਓ ਸਾਰੇ ਜਾਣੇ ਮੇਰੇ ਨੇੜੇ...,ਤੁਸੀਂ ਬਖਤਾਵਰ ਸਿੰਘ ਦੇ ਪੁੱਤ ਨਹੀਂ..., ਕਪੁੱਤ ਹੋ ਕਪੁੱਤ.., ਪਰ ਉਹਨੇ ਫ਼ੇਰ ਵੀ ਕੱਲ੍ਹ ਥੋਡੇ ਬਾਰੇ ਸੋਚਿਆ ਸੀ। ਜਿਉਂ ਹੀ ਉਹਨੂੰ ਦਿਲ ਵਾਲੇ ਡਾ. ਬਾਂਸਲ ਨੇ ਦਿਲ ਦੀ ਈ ਸੀ ਜੀ ਕਰਨ ਉਪਰੰਤ ਉਸ ਨੂੰ ਕੰਮ ਖ਼ਤਰੇ ਵਿੱਚ ਦਿਸਦਾ ਹੋਣ ਕਰਕੇ ਦਿਲ ਦੀ ਈਕੋ ਕਰਵਾਉਣ ਦਾ ਮਸ਼ਵਰਾ ਦਿੱਤਾ ਸੀ ਤਾਂ ਤੁਰੰਤ ਥੋਡੇ ਪਿਓ ਨੇ ਨੰਬਰਦਾਰ ਹਰਦੇਵ ਸਿੰਘ ਅਤੇ ਮੈਨੂੰ ਕਚਹਿਰੀ ਵਿੱਚ ਨਾਲ ਲਿਜਾ ਕੇ ਥੋਡੇ ਨਾਂਅ ਦੀ ਪੱਕੀ ਵਸੀਅਤ ਕਰਵਾ ਦਿੱਤੀ ਸੀ।

ਹੱਛਾ ਤਾਇਆ ਜੀ.., ਪਰ ਤਾਇਆ .., ਉਹ ਵਸੀਅਤ ਹੁਣ ਹੈ ਕਿੱਥੇ.., ਕੀਹਦੇ ਕੋਲ ਐ...? ਸਾਰੇ ਜਾਣੇ ਭਾਵੁਕ ਹੋ ਕੇ ਇੱਕੋ ਹੀ ਰਗ਼ ਵਿੱਚ ਬੋਲ ਪਏ।

ਕੰਜਰੋ...ਉਹ ਵਸੀਅਤ ਉਸੇ ਹੈਂਡ ਬੈਗ ਵਿੱਚ ਸੀਗੀ ਜੀਹਦੇ ਵਿੱਚ ਉਹਦੀਆਂ ਐਨਕਾਂ ਅਤੇ ਈਕੋ ਵਾਲੀ ਪਰਚੀ ਸੀਗੀ.., ਜੀਹਨੂੰ ਤੁਸੀਂ ਆਪਣੇ ਹੱਥੀਂ ਚੁੱਲ੍ਹੇ ਵਿੱਚ ਸਾੜ ਕੇ ਸਵਾਹ..., ਐਨਾ ਆਖਦਿਆਂ ਜੰਗੀਰ ਸਿੰਘ ਦਾ ਗੱਚ ਭਰ ਆਇਆ ਤੇ ਭਰਾ ਦੇ ਵੈਰਾਗ ਵਿੱਚ ਉਸ ਦੀ ਉੱਚੀ ਦੇਣੇ ਧਾਹ ਨਿਕਲ ਗਈ।

## ਬੰਦ ਪਿੰਜਰਾ

ਜ਼ਿਲ੍ਹੇ ਦਾ ਪਹਿਲੀ ਵਾਰ ਆਹਲਾ (ਮੁੱਖ) ਅਫਸਰ ਲੱਗਣ ਲਈ ਇੱਕ ਉੱਚ ਅਧਿਕਾਰੀ ਉਸ ਹਲਕੇ ਦੇ ਰਾਜਸੀ ਨੇਤਾ ਦੀ ਸ਼ਰਨ ਵਿੱਚ ਜਾ ਪਹੁੰਚਿਆ। ਸਾਰੀ ਮੀਟਿੰਗ 'ਚ ਹੋਈ ਗਿੱਟ-ਮਿੱਟ ਦੌਰਾਨ ਨੇਤਾ ਜੀ ਵੱਲੋਂ ਅਫਸਰ ਸਾਹਿਬਾਨ ਨੂੰ ਇਹ ਫੁਰਮਾਨ ਜਾਰੀ ਕੀਤਾ ਗਿਆ ਕਿ ਅਹੁਦਾ ਸੰਭਾਲਣ ਉਪਰੰਤ ਅਫਸਰ ਨੂੰ ਆਪਣਾ ਅਫਸਰਸ਼ਾਹੀ ਫਖਰ ਛੱਡ ਕੇ ਨੇਤਾ ਜੀ ਦੀ ਮਾਤ-ਭਾਸ਼ਾ ਅਨੁਸਾਰ ਹੀ ਬੋਲੀ ਬੋਲਣੀ ਪਵੇਗੀ।

ਨੇਤਾ ਜੀ ਦੇ ਮੋਬਾਇਲ ਦੀ ਘੰਟੀ ਖੜਕ ਪੈਣ ਕਾਰਨ ਉਹ ਲੌਬੀ 'ਚੋਂ ਉੱਠ ਕੇ ਵਿਹੜੇ ਵੱਲ ਨੂੰ ਚਲੇ ਗਏ ਸਨ ਅਤੇ ਅਫਸਰ ਸਾਹਿਬਾਨ ਵੀ ਉੱਠ ਕੇ ਤੁਰਨ ਦੀ ਤਾਕ 'ਚ ਸਨ ਕਿ ਉਨ੍ਹਾਂ ਦੇ ਕੰਨੀ ਅਚਾਨਕ ਇੱਕ ਅਵਾਜ਼ ਪਈ।

ਕਿ ਭਾਈ ਸਾਹਿਬ ਜ਼ਿਲ੍ਹਾ ਮੁਖੀ ਲੱਗਣ ਦੇ ਚਾਅ 'ਚ ਆਪਣੀ ਮਾਤ-ਭਾਸ਼ਾ ਨਾ ਭੁੱਲ ਜਾਵੀਂ। ਨਹੀਂ ਤਾਂ ਮੇਰੇ ਵਾਲਾ ਹਾਲ ਹੋਊਗਾ। ਸੀਖਾਂ 'ਚ ਬੰਦ ਹੋਏ ਨੂੰ ਸੱਤ ਸਾਲ ਬੀਤ ਗਏ ਨੇ, ਅਜੇ ਪਤਾ ਨਹੀਂ ਕਿੰਨੀ ਕੁ ਲੰਮੇਰੀ ਉਮਰ ਐ, ਮੈਨੂੰ ਮੇਰੇ ਮਾਂ-ਪਿਓ, ਬਾਲ-ਬੱਚਿਆਂ ਦੀ ਕੋਈ ਸੁੱਧ-ਬੁੱਧ ਨਹੀਂ ਰਹੀ, ਪਤਾ ਨਹੀਂ ਵਿਚਾਰੇ ਕਿੱਥੇ ਦਿਨ-ਕਟੀਆਂ ਕਰਦੇ ਹੋਣਗੇ, ਚੰਦਰੇ ਵਿਛੋੜੇ ਨੇ ਸਾਹ ਸੂਤ ਕੇ ਰੱਖ ਦਿੱਤੇ ਨੇ, ਆਖਰ ਕਸੂਰ ਵੀ ਤਾਂ ਮੇਰਾ ਹੀ ਹੈ ਕਿ ਇਸ ਨੇਤਾ ਜੀ ਦੇ ਟੱਬਰ ਦੇ ਪਿੱਛੇ ਲੱਗ ਕੇ ਮੈਂ ਚੂਰੀ ਦੇ ਲਾਲਚ 'ਚ ਅਣਜਾਣੇ ਵਿੱਚ ਮਜ਼ਬੂਰ ਹੁੰਦੇ ਹੋਏ ਇਨ੍ਹਾਂ ਦੀ ਬੋਲੀ ਬੋਲਣੀ ਸ਼ੁਰੂ ਕਰ ਦਿੱਤੀ ਸੀ, ਜਿਸ ਦੀ ਸਜ਼ਾ ਹੁਣ ਮੈਂ ਰਹਿੰਦੀ ਜ਼ਿੰਦਗੀ ਤੱਕ ਭੁਗਤਦਾ ਰਹਾਂਗਾ। ਹੁਣ ਭੁੱਖ-ਪਿਆਸ ਲੱਗਣ 'ਤੇ ਮੈਨੂੰ ਢਿੱਡ ਭਰਨ ਵਾਸਤੇ ਇਹਨਾਂ ਦੀ ਹੀ ਬੋਲੀ ਬੋਲਣੀ ਪੈਂਦੀ ਐ।

ਹੈਰਾਨ-ਪ੍ਰੇਸ਼ਾਨ ਹੋਏ ਅਫਸਰ ਸਾਹਿਬਾਨ ਨੇ ਇਹ ਅਵਾਜ਼ ਆਪਣੇ ਕੰਨੀਂ ਪੈਂਦਿਆਂ ਜਿਉਂ ਹੀ ਆਪਣੀ ਨਿਗ੍ਹਾ ਲੌਬੀ ਦੀ ਛੱਤ ਵੱਲ ਇੱਕ ਗੁੱਠ ਵੱਲ ਨੂੰ ਘੁੰਮਾਈ ਤਾਂ ਫੇਰ ਪਤਾ ਚੱਲਿਆ ਕਿ ਇਹ ਸਲਾਹ ਇੱਕ ਲੋਹੇ ਦੇ ਪਿੰਜਰੇ 'ਚ ਬੰਦ ਤੋਤੇ ਵੱਲੋਂ ਮੱਠੀ-ਮੱਠੀ ਅਵਾਜ਼ ਨਾਲ ਉਸ ਨੂੰ ਦਿੱਤੀ ਜਾ ਰਹੀ ਸੀ।

## ਓਵਰਡੋਜ਼

ਬਿੰਦਰੋ ਦੀ ਸੱਜ ਵਿਆਹੀ ਪੜ੍ਹੀ-ਲਿਖੀ ਨੂੰਹ 'ਨਿੰਮੋ' ਨੂੰ ਤਾਂ ਸਹੁਰੇ ਘਰ ਵਿੱਚ ਵਿਆਹੀ ਆਉਣ ਸਮੇਂ ਪਹਿਲੇ ਦਿਨ ਹੀ ਪੂਰੀ ਤਰ੍ਹਾਂ ਪਤਾ ਲੱਗ ਗਿਆ ਸੀ ਕਿ ਉਸ ਦਾ ਪਤੀ 'ਰਾਜੂ' ਚਿੱਟੇ ਦਾ ਸ਼ਿਕਾਰੀ ਹੈ, ਪਰ ਮਾਪਿਆਂ ਦੀ ਇੱਜ਼ਤ ਨੂੰ ਮੱਦੇਨਜ਼ਰ ਰੱਖਦਿਆਂ ਉਹ ਏਸ ਗੱਲੋਂ ਚੁੱਪ ਹੋ ਗਈ ਸੀ ਕਿ ਇੱਕ ਤਾਂ ਉਸ ਦੇ ਦੋ ਭੈਣ-ਭਰਾ ਛੋਟੇ ਹਨ ਅਤੇ ਪੇਕੇ ਘਰ ਦੀ ਮਾਲੀ ਹਾਲਤ ਵੀ ਜ਼ਿਆਦਾ ਵਧੀਆ ਨਹੀਂ, ਦੂਜਾ ਇਹ ਕਿ ਰਿਸ਼ਤੇਦਾਰੀ 'ਚੋਂ ਲਗਦੇ ਫੁੱਫੜ ਵਿਚੋਲੇ ਨੇ ਆਪਣੀ ਖੱਟੀ ਉਂਗਲ ਨੂੰ ਮੁੱਖ ਰੱਖ ਅਤੇ ਅਸਲੀ ਗੱਲ ਤੋਂ ਪਰਦਾ ਰੱਖ ਕੇ ਉਸ ਦੇ ਭਲੇਮਾਣਸ ਪਿਓ ਨੂੰ ਆਪਣੀਆਂ ਗੱਲਾਂ ਵਿੱਚ ਪੂਰੀ ਤਰ੍ਹਾਂ ਭੇਚਲ ਲਿਆ ਸੀ।

ਦੂਜੇ ਪਾਸੇ ਸਹੁਰੇ ਘਰ ਵਿੱਚ ਉਸ ਦੀ ਸੱਸ 'ਬਿੰਦਰੋ' ਪੂਰੀ ਤਰ੍ਹਾਂ ਖ਼ੁਸ਼ ਹੋਈ ਫਿਰਦੀ ਸੀ ਕਿ ਉਸ ਨੇ ਆਪਣੇ ਇਕਲੌਤੇ ਨਸ਼ੇੜੀ ਪੁੱਤ ਰਾਜੂ ਨੂੰ ਵਿਆਹ ਕੇ ਆਪਣੀ ਕਬੀਲਦਾਰੀ ਦੀ ਜ਼ਿੰਮੇਵਾਰੀ ਨਿਪਟਾ ਲਈ ਹੈ ਅਤੇ ਨਾਲੇ ਅੰਦਰੋ-ਅੰਦਰੀ ਸੋਚ ਰਹੀ ਸੀ ਕਿ ਘਰ ਵਿੱਚ ਸਿਆਣੀ ਨੂੰਹ ਆ ਜਾਣ ਕਰਕੇ ਉਨ੍ਹਾਂ ਦੀ ਤਾਂ ਇੱਕ ਲਾਟਰੀ ਹੀ ਲੱਗ ਗਈ ਹੈ। ਉਹ ਗੱਲ-ਗੱਲ 'ਤੇ ਵਿਚੋਲੇ ਦਾ ਧੰਨਵਾਦ ਕਰਦੀ ਰਹਿੰਦੀ।

ਉਧਰੋਂ ਨਿੰਮੋ ਆਪਣੇ ਪਤੀ ਦੀ ਭਲਾਈ ਵਾਸਤੇ ਪ੍ਰਮਾਤਮਾ ਮੂਹਰੇ ਅਰਦਾਸ-ਬੇਨਤੀ ਕਰਦੀ ਰਹਿੰਦੀ ਅਤੇ ਮਨ ਹੀ ਮਨ ਵਿੱਚ ਸੋਚਦੀ ਰਹਿੰਦੀ ਕਿ ਹੋ ਸਕਦਾ ਏ ਉਸ ਦਾ ਪਤੀ ਟਾਈਮ ਪਾ ਕੇ ਸੁਧਰ ਜਾਵੇ ਅਤੇ ਨਾਲੋ-ਨਾਲ ਹੀ ਪਤੀ ਨੂੰ ਸੁਧਰਨ ਲਈ ਦਲੀਲਾਂ ਵੀ ਦਿੰਦੀ ਰਹਿੰਦੀ ਅਤੇ ਕਦੇ-ਕਦੇ ਉਹ ਦੁਖੀ ਮਨ ਨਾਲ ਸਭ ਕੁਝ ਛੱਡ ਕੇ ਪੇਕਿਆਂ ਨੂੰ ਭੱਜ ਜਾਣ ਬਾਰੇ ਆਪਣੇ-ਆਪ ਨਾਲ ਗੱਲਾਂ ਕਰਦੀ, ਪਰ ਫੇਰ ਸੋਚਦੀ ਕਿ ਨਹੀਂ 'ਨਿੰਮੋ' ਤੂੰ ਏਦਾਂ ਨਾ ਕਰ.., ਆਪਣੇ ਆਪ ਨਾਲ ਸਮਝੌਤਾ ਨਾ ਕਰ ਸਕਣ ਵਾਲਿਆਂ ਦੀ ਜ਼ਿੰਦਗੀ ਦਾ ਪੰਧ ਕੋਈ ਜ਼ਿਆਦਾ ਲੰਮਾ ਨਹੀਂ ਹੁੰਦਾ, ਇੱਕ-ਦੋ ਵਾਰ ਜਦੋਂ ਇਸ ਮਸਲੇ ਨੂੰ ਲੈ ਕੇ ਗੱਲ ਉਲਝਣ ਲੱਗੀ ਤਾਂ ਫੁੱਫੜ ਵਿਚੋਲੇ ਅਤੇ ਪਿਤਾ ਦੀ ਮੌਜੂਦਗੀ ਵਿੱਚ ਸਹੁਰੇ ਪਰਵਾਰ ਵੱਲੋਂ ਨਿੰਮੋ ਦੇ ਨਾਂਅ ਪੰਜ ਏਕੜ ਜ਼ਮੀਨ ਦੀ ਰਜਿਸਟਰੀ ਅਤੇ ਬਾਕੀ ਜ਼ਮੀਨ-ਜਾਇਦਾਦ ਦੀ ਵਸੀਅਤ ਕਰਵਾ ਦਿੱਤੀ ਗਈ ਸੀ।

ਹੁਣ ਨਿੰਮੋ ਦੇ ਆਧਾਰ ਕਾਰਡ, ਵੋਟਰ ਕਾਰਡ ਦਾ ਪੱਕਾ ਪਤਾ ਵੀ ਬਦਲ ਗਿਆ ਸੀ ਅਤੇ ਉਹ ਗ੍ਰਾਮ ਪੰਚਾਇਤ ਦੀਆਂ ਚੋਣਾਂ ਵਿੱਚ ਆਪਣੀ ਵੋਟ ਦਾ ਇਸਤੇਮਾਲ ਵੀ ਕਰ ਚੁੱਕੀ ਸੀ।

ਆਖ਼ਰ ਨਿੰਮੋ ਦੀ ਜਾਨ ਉਪਰ ਉਹੀ ਕੁਲੈਹਣਾ ਭਾਣਾ ਵਰਤ ਗਿਆ ਸੀ। ਜਦੋਂ ਇੱਕ ਦਿਨ ਚਿੱਟੇ ਦੇ ਨਸ਼ੇ ਦੀ ਓਵਰਡੋਜ਼ ਨੇ ਉਸ ਦੇ ਪਤੀ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ ਸੀ ਤੇ ਨਿੰਮੋ ਨੇ ਖ਼ੁਦ ਉਸ ਦੀ ਖੱਬੀ ਬਾਂਹ 'ਚੋਂ ਸਰਿੰਜ ਨੂੰ ਪੁੱਟਿਆ ਕੇ ਸੁੱਟਿਆ ਸੀ।

ਭੋਗ ਉਪਰੰਤ ਸਹੁਰਾ ਪਰਵਾਰ ਅਤੇ ਕੁਝ ਸਾਕ-ਸੰਬੰਧੀ ਨਿੰਮੋ ਨੂੰ ਸਹੁਰਾ ਘਰ ਛੱਡ ਕੇ ਨਾ ਜਾਣ ਬਾਰੇ ਮਿੰਨਤਾਂ-ਤਰਲੇ ਕਰ ਰਹੇ ਸਨ, ਪਰ ਨਿੰਮੋ ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਦੀ ਹੋਈ ਕਹਿ ਰਹੀ ਸੀ ਕਿ ਵਿਆਹ ਤੋਂ ਲੈ ਕੇ ਹੁਣ ਅਠਾਰਾਂ ਮਹੀਨੇ ਤੱਕ ਸਾਡਾ ਆਪਸੀ ਪਤੀ-ਪਤਨੀ ਵਰਗਾ ਕੋਈ ਸਲੂਕ ਨਹੀਂ ਸੀ ਬਣ ਸਕਿਆ। ਮੈਂ ਕੰਵਾਰੀ ਕੁੜੀ ਵਾਂਗ ਦਿਨ ਕੱਢੇ ਹਨ, ਮੈਨੂੰ ਸਭ ਕੁਝ ਪਤਾ ਚੱਲ ਜਾਣ ਦੇ ਬਾਵਜੂਦ ਮੈਂ ਧੀਰਜ ਰੱਖਿਆ ਅਤੇ ਭੈੜੀਆਂ ਅਲਾਮਤਾਂ ਤੋਂ ਸਮਝਾਉਣ ਲਈ ਦਿਨ-ਰਾਤ ਸਿਰ ਦੇ ਸਾਈਂ ਨਾਲ ਮੱਥਾ ਮਾਰਦੀ ਰਹੀ, ਪਰ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਉਹ ਬਾਜ਼ ਨਹੀਂ ਆਇਆ।

ਹੁਣ ਏਥੇ ਮੈਨੂੰ ਦੁੱਖੀ ਮਨ ਨਾਲ ਕਹਿਣਾ ਪੈ ਰਿਹਾ ਹੈ ਕਿ ਮੈਂ ਅੱਜ ਤੱਕ ਨਸ਼ੇ ਦੀਆਂ ਅਲਾਮਤਾਂ ਨਾਲ ਨਿਪੁੰਸਕ ਹੋਏ ਆਪਣੇ ਪਤੀ ਦੇ ਕਿਸੇ ਬੱਚੇ ਦੀ ਮਾਂ ਤਾਂ ਨਹੀਂ ਬਣ ਸਕੀ, ਪ੍ਰੰਤੂ ਉਸ ਦੇ ਹਿੱਸੇ ਆਉਂਦੀ ਦਸ ਏਕੜ ਜ਼ਮੀਨ ਅਤੇ ਬਾਕੀ ਜਾਇਦਾਦ ਦੀ ਹਿੱਸੇਦਾਰ ਜ਼ਰੂਰ ਬਣ ਗਈ ਹਾਂ। ਆਹ ਪੁੱਛੋ ਚਸ਼ਮਦੀਦ ਗਵਾਹ ਮੇਰੇ ਸੱਸ, ਸਹੁਰੇ ਕੋਲੋਂ ਕਿ ਜਦੋਂ ਮੈਂ ਇਸ ਮਸਲੇ ਨੂੰ ਲੈ ਕੇ ਇਨ੍ਹਾਂ ਕੋਲ ਵਾਰ-ਵਾਰ ਦੁਹਾਈ ਪਾਉਂਦੀ ਹੁੰਦੀ ਸਾਂ ਤਾਂ ਇਨ੍ਹਾਂ ਵੱਲੋਂ ਮੈਨੂੰ ਲਾਲਚ ਦੇ ਕੇ ਮੇਰਾ ਮੂੰਹ ਬੰਦ ਕਰਵਾ ਦਿੱਤਾ ਜਾਂਦਾ ਸੀ, ਜਿਸ ਦਾ ਖਮਿਆਜ਼ਾ ਅੱਜ ਸਭ ਦੇ ਸਾਹਮਣੇ ਹੈ।

ਸੋ ਨਸ਼ੇ ਨੂੰ ਬੰਦ ਕਰਨ ਲਈ ਮੇਰੀ ਸਮਾਜ ਦੇ ਵਾਰਸਾਂ ਅਤੇ ਨਸ਼ਾ ਤਸਕਰਾਂ ਨੂੰ ਬੇਨਤੀ ਦੇ ਨਾਲ ਨਾਲ ਸਮੂਹ ਨਾਗਰਿਕਾਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਓ , ਜੇਕਰ ਤੁਹਾਡੇ ਬੱਚੇ ਨਸ਼ਿਆਂ ਵਿੱਚ ਗਲਤਾਨ ਹੋ ਚੁੱਕੇ ਹਨ ਤਾਂ ਉਨ੍ਹਾਂ ਦਾ ਇਲਾਜ ਕਰਵਾਓ, ਵਰਨਾ ਝੂਠ ਬੋਲ ਕੇ ਨਸ਼ੇੜੀ ਬੱਚਿਆਂ ਨੂੰ ਵਿਆਹੁਣ ਦੀ ਖੇਚਲ਼ ਨਾ ਕਰਿਓ। ਅੱਜ 3 ਇੰਚ ਦੀ ਸਰਿੰਜ ਨੇ 6 ਫੁੱਟ ਦੇ ਛੈਲ-ਛਬੀਲੇ ਗੱਭਰੂ ਨੂੰ ਆਪਣੀ ਮੁੱਠੀ ਵਿੱਚ ਜਕੜ ਕੇ ਬਿਰਧ ਮਾਪਿਆਂ ਨੂੰ ਇਕਲੌਤੇ ਪੁੱਤਰ ਬਾਝੋਂ ਅਤੇ ਇੱਕ ਸਜ-ਵਿਆਹੀ ਚੂੜੇ ਵਾਲੀ ਨਾਰ ਨੂੰ ਪਤੀ ਪ੍ਰਮੇਸ਼ਰ ਬਾਝੋਂ ਵਾਂਝੇ ਕਰ ਦਿੱਤਾ ਹੈ.., ਵਾਂਝੇ। ਹੁਣ ਮੈਨੂੰ ਇਕੱਲੀ ਨੂੰ ਇਸ ਘਰ ਵਿੱਚ ਰਹਿਣ ਲਈ ਮਜ਼ਬੂਰ ਨਾ ਕਰੋ, ਪਰ ਮੈਂ ਇੱਕ ਔਰਤ ਹੋਣ ਦੇ ਨਾਤੇ ਏਥੇ ਤਰਸ ਦੇ ਆਧਾਰ 'ਤੇ ਇਹ ਵਿਸ਼ਵਾਸ ਜ਼ਰੂਰ ਦਿਵਾਉਂਦੀ ਹਾਂ ਕਿ ਪੰਜ ਏਕੜ ਰਜਿਸਟਰੀ ਵਾਲੀ ਜ਼ਮੀਨ ਤੋਂ ਇਲਾਵਾ ਜੋ ਬਾਕੀ ਜ਼ਮੀਨ, ਜਾਇਦਾਦ ਹੈ, ਉਸ ਦੇ ਮਾਲਕ ਮੇਰੇ ਸੱਸ ਸਹੁਰਾ ਹੀ ਰਹਿਣਗੇ।

ਹੁਣ ਅੱਗੇ ਬੈਠੇ ਹਜੂਮ ਵਿੱਚੋਂ ਕਿਸੇ ਕੋਲ ਕੋਈ ਵੀ ਬੋਲਣ ਜੋਗਾ ਸ਼ਬਦ ਨਹੀਂ ਸੀ ਰਿਹਾ।

—ਸੰਪਰਕ 98781-17285

# ਸਿਆਹੀ ਦੀ ਦਵਾਤ ਤੇ ਸਰਕਾਰ

**ਫਰਤਾਰਾ**

**ਡਾ. ਦਵਿੰਦਰ ਮੰਡ**

ਪੰਜਾਹ-ਪਚਵੰਜਾ ਸਾਲ ਪਹਿਲਾਂ ਦੂਜੀ ਤੀਜੀ 'ਚ ਪੜ੍ਹਦਿਆਂ ਬਦੇਸ਼ੋ ਆਏ ਨਾਨੇ ਦੇ ਦੁਆਲੇ ਹੋ ਗਿਆ, 'ਨਾਨਾ ਜੀ ਮੈਨੂੰ (ਸਿਆਹੀ) ਸ਼ਾਅੀ ਦੀ ਦਵੈਤ ਲੈ ਕੇ ਦਿਉ?' ਨਾਨਾ ਮੇਰੀ ਜ਼ਿੱਦ ਅੱਗੇ ਝੁਕ ਗਿਆ। ਉਂਝ ਉਹਨੂੰ ਪਤਾ ਸੀ ਪਈ ਇਹ ਕਲਾਸ ਵਿੱਚ ਪੜ੍ਹਨ ਲਈ ਚੰਗਾ ਹੈ।

'ਪੁੱਤ ਲੈ ਦਊਂ ਤੈਨੂੰ ਜਦੋਂ ਸ਼ੈਹਰ ਜਾਮਾਂਗੇ।'

ਫਿਰ ਮੈਂ ਨਾਨੇ ਨਾਲ ਬਾਜ਼ਾਰ ਚਲਾ ਗਿਆ। ਮੈਨੂੰ ਉੱਥੋਂ ਸਿਆਹੀ ਦੀ ਭਰੀ ਦਵਾਤ ਨਾਨੇ ਨੇ ਲੈ ਦਿੱਤੀ। ਮੈਥੋਂ ਇਸ ਸਿਆਹੀ ਦਾ ਚਾਅ ਸਾਂਭਿਆ ਨਹੀਂ ਸੀ ਜਾ ਰਿਹਾ। ਘਰ ਆ ਕੇ ਮੈਂ ਕਦੇ ਬਿੱਟੂ ਤੇ ਕਦੇ ਕਾਲ਼ੇ ਨੂੰ ਇਸ ਦਵਾਤ ਬਾਰੇ ਦੱਸਦਾ ਫਿਰਦਾ। ਉਨ੍ਹਾਂ ਵੀ ਇਸ ਖਰੀਦਦਾਰੀ ਦਾ ਵੱਖਰਾ ਸਕੂਨ ਸੀ ਸ਼ਾਇਦਾ ਉਨ੍ਹਾਂ ਨੂੰ ਦਵਾਤ ਵਿੱਚੋਂ ਡੋਕਾ ਲੈਣ ਦੀ ਉਮੀਦ ਸੀ।

ਸਮੇਂ ਦੇ ਵਹਾਅ ਨਾਲ ਅੱਜ ਜਦੋਂ ਲੰਘ ਗਏ ਲੰਮੇ ਸਮੇਂ ਵੱਲ ਧਿਆਨ ਮਾਰਦਾ ਹਾਂ ਤਾਂ ਬਹੁਤ ਸਾਰੀਆਂ ਘਟਨਾਵਾਂ ਯਾਦ ਆਉਂਦੀਆਂ ਹਨ। ਕਈ ਸਰਕਾਰਾਂ ਗਈਆਂ, ਕਈ ਆਈਆਂ ਪਰ ਕਿਸੇ ਵੀ ਸਰਕਾਰ ਨੇ ਲੋਕਾਂ ਦਾ ਦਿਲ ਨਹੀਂ ਜਿੱਤਿਆ। ਝੂਠੀਆਂ ਕਸਮਾਂ, ਕੀਤੇ ਵਾਅਦੇ, ਭਰਿਸ਼ਟਾਚਾਰ, ਗ਼ਰੀਬਾਂ ਨੂੰ ਧੱਕੇ, ਆਪਣਿਆਂ ਨੂੰ ਗੱਫ਼ੇ ਆਦਿ ਸਮੱਸਿਆਵਾਂ ਅੱਜ ਵੀ ਉਂਝ ਹੀ ਖੜ੍ਹੀਆਂ ਹਨ। ਮੌਜੂਦਾ ਸਰਕਾਰ ਜਿਨ੍ਹਾਂ 'ਤੇ ਲੋਕਾਂ ਨੇ ਇਤਬਾਰ ਕੀਤਾ ਸੀ ਵੀ ਸਮੇਂ ਦੇ ਨਾਲ਼ ਪਹਿਲੀਆਂ ਸਰਕਾਰਾਂ ਦੇ ਰਾਹਾਂ 'ਤੇ ਤੁਰ ਪਈ।

ਵਰਤਮਾਨ ਸਮੇਂ ਦੇ ਹੜ੍ਹਾਂ ਦੇ ਦੌਰ 'ਚ ਜਦੋਂ ਤੁਸੀਂ ਪ੍ਰਭਾਵਿਤ ਇਲਾਕਿਆਂ 'ਚ ਨਿਗ੍ਹਾ ਮਾਰਦੇ ਹੋ ਤਾਂ ਲੋਕ ਤਰਾਹ-ਤਰਾਹ ਕਰਦੇ ਅਕਸਰ ਦੇਖੇ ਜਾ ਸਕਦੇ ਹਨ।

ਮਾਲ ਡੰਗਰ ਸਭ ਕੁਝ ਪਾਣੀ ਦੀ ਭੇਟਾ ਚੜ੍ਹ ਗਿਆ ਹੈ। ਸੋਸ਼ਲ ਮੀਡੀਆ 'ਤੇ ਲੋਕ ਸਰਕਾਰ ਨੂੰ ਕੋਸ ਰਹੇ ਹਨ। ਕੁਦਰਤ ਦੇ ਇਸ ਕਹਿਰ ਨੂੰ ਮਨੁੱਖ ਦੀ ਦੇਣ ਵੀ ਕਿਹਾ ਜਾ ਰਿਹਾ ਹੈ। ਡੇਰਿਆਂ ਦੇ ਸਾਧ-ਸੰਤਾਂ ਜਿਨ੍ਹਾਂ ਲੋਕਾਂ ਦੇ ਭਲੇ ਦਾ ਬੀੜਾ ਚੁੱਕਿਆ ਹੋਇਆ ਹੈ ਉਹ ਵੀ ਬਾਕੀ ਲੋਕਾਂ (ਸਿਰਫ਼ ਆਪਣੇ ਡੇਰੇ ਦੇ ਸੁਆਰਥ ਲਈ) ਨੂੰ ਤਬਾਹ ਕਰਨ ਵੱਲ ਰੁਚਿਤ ਹਨ। ਕਈ ਲੋਕ ਰਾਹਤ ਸਮੱਗਰੀਆਂ ਨਾਲ ਆਪਣਾ ਘਰ ਭਰਦੇ ਵੀ ਦੇਖੇ ਜਾ ਸਕਦੇ ਹਨ। ਕੁਝ ਵੀ ਹੈ ਚੰਗਿਆਈ, ਬੁਰਿਆਈ ਨਾਲ਼ੋ-ਨਾਲ਼ ਚਲਦੀ ਆ ਰਹੀ ਹੈ ਪਰ ਸਰਕਾਰ ਦਾ ਫ਼ਰਜ਼ ਹੈ ਕਿ ਹਰ ਇਕ ਦੀ ਬਾਂਹ ਫੜੇ ਅਤੇ ਧੋਖੇਬਾਜਾਂ ਨੂੰ ਸਬਕ ਸਿਖਾਵੇ। ਲੋਕਾਂ ਦੇ ਬੋਲਣ ਦਾ ਆਪਣਾ ਢੰਗ ਹੈ। ਹੁਣ ਜਦੋਂ ਮੈਂ ਸਰਕਾਰ ਦੇ ਵਿਧਾਇਕਾਂ, ਮੰਤਰੀਆਂ ਵੱਲ ਝਾਤੀ ਮਾਰਦਾ ਹਾਂ ਤਾਂ ਭਰਿਸ਼ਟਾਚਾਰ, ਹੇਰਾਫ਼ੇਰੀਆਂ, ਬਦਫ਼ੈਲੀਆਂ, ਜਬਰ-ਜਿਨਾਹਾਂ ਆਦਿ ਦੀਆਂ ਘਟਨਾਵਾਂ ਰੋਜ਼ ਸਾਹਮਣੇ ਆ ਰਹੀਆਂ ਹਨ। ਹਵਸ ਦੇ ਪੁਜਾਰੀ ਬਰਸਾਤੀ ਡੱਡੂਆਂ ਵਾਂਗ ਬਾਹਰ ਆ ਰਹੇ ਹਨ।

ਮੈਨੂੰ ਵਾਰ-ਵਾਰ ਬਚਪਨ ਦੀ ਉਹ ਸਿਆਹੀ ਦੀ ਦਵਾਤ ਚੇਤੇ ਆ ਰਹੀ ਹੈ ਜਿਹੜੀ ਮੈਨੂੰ ਮੇਰੇ ਨਾਨਾ ਨੇ ਬੜੀ ਰੀਝ ਨਾਲ ਲੈ ਕੇ ਦਿੱਤੀ ਸੀ ਤੇ ਮੈਂ ਅਗਲੇ ਦਿਨ ਜਦੋਂ ਜਮਾਤ



ਵਿੱਚ ਉਹ ਦਵਾਤ ਲੈ ਕੇ ਗਿਆ ਤਾਂ ਚਾਅ-ਚਾਅ 'ਚ ਹੱਥ 'ਚ ਫੜ੍ਹ ਉਹਨੂੰ ਘੁਮਾਉਣ ਲੱਗਾ। ਸਾਰੀ ਸਿਆਹੀ ਇਕ ਦਮ ਡੁੱਲ੍ਹ ਗਈ। ਮੇਰੀ ਚਿੱਟੀ ਵਰਦੀ ਤੇ ਮੂੰਹ ਸਿਰ ਨੇ ਤਾਂ ਲਿਬੜਨਾ ਸੀ ਬਿੱਟੂ ਅਤੇ ਕਾਲ਼ੇ ਸਮੇਤ ਬਹੁਤ ਸਾਰੇ ਵਿਦਿਆਰਥੀ ਵੀ ਉਸ ਸਿਆਹੀ ਨਾਲ ਮੂੰਹ ਲਬੇੜ ਬੈਠੇ। ਸਿਆਹੀ ਕਿਸੇ ਵੀ ਕੰਮ ਨਾ ਆਈ। ਬੇਵੱਸ ਤੇ ਲਾਚਾਰ ਸਰਕਾਰ ਦਾ ਵੀ ਮੈਨੂੰ ਇਹੋ ਹਾਲ ਲੱਗ ਰਿਹਾ।

ਮੋਬਾ : 99145-65255

ਸਫ਼ਾ 3 ਦੀ ਬਾਕੀ

## ਪਹਾੜੀ ਜੀਵਨ ਨੂੰ ਲੱਗ ਚੁੱਕੇ ਖੋਰੇ ਦਾ ਰੁਪਾਂਤਰਣ ...

ਮਾਨਵੀ ਮੁੱਲਾਂ, ਪ੍ਰਤੀਮਾਨਾਂ ਨੂੰ ਚੋਟ ਨਾ ਆਵੇ। ਅਨੈਤਿਕ ਵਿਭਚਾਰ ਵਿੱਚ ਵਾਧਾ ਨਾ ਹੋਵੇ। ਪਿੰਡਾਂ ਨੂੰ ਸਿੱਖਿਆ ਅਤੇ ਸਿਹਤ ਸਹੂਲਤਾਂ ਹੀ ਨਹੀਂ, ਜ਼ਿੰਦਗੀ ਦੀਆਂ ਹੋਰ ਲੋੜਾਂ ਦੀ ਪੂਰਤੀ ਵੀ ਹੋਵੇ। ਪਿੰਡਾਂ ਦੀਆਂ ਰੌਣਕਾਂ ਨਾ ਖ਼ਤਮ ਹੋਣ, ਜਿਵੇਂ ਇਸ ਵਿਕਾਸ ਨੇ ਕੀਤੀਆਂ ਹਨ। ਪਿੰਡਾਂ 'ਚੋਂ ਭਾਈਚਾਰਾ ਨਾ ਖ਼ਤਮ ਹੋਵੇ। ਪਿਆਰ, ਸਾਂਝ ਅਤੇ ਮਿਲਵਰਤਨ ਬਣਿਆ ਰਹੇ। ਰਿਸ਼ਤੇ ਨਾ ਟੁੱਟਣ-ਬਿਖਰਣ। ਲੋਕਾਂ ਦੇ ਮੁੱਲਵਾਨ ਸੱਭਿਆਚਾਰ ਨੂੰ ਖੋਰਾ ਨਾ ਲੱਗੇ। ਅਨੈਤਿਕ ਵਿਭਚਾਰ ਵਿੱਚ ਵਾਧਾ ਨਾ ਹੋਵੇ। ਨਾਵਲਕਾਰ ਨੂੰ ਝੋਰਾ ਹੈ ਕਿ ਵਿਕਾਸ ਦੇ ਨਾਂਅ 'ਤੇ ਲੋਕਾਂ ਦਾ ਰਹਿਣ-ਸਹਿਣ, ਖਾਣ-ਪੀਣ ਬਦਲ ਚੁੱਕਿਆ ਹੈ। ਲੋਕਾਂ ਦੀ ਮਿੱਠੀ ਪਹਾੜੀ ਬੋਲੀ ਅਤੇ ਲੋਕ ਸੱਭਿਆਚਾਰ ਨੂੰ ਖੋਰਾ ਲੱਗ ਚੁੱਕਾ ਹੈ। ਖੇਤਾਂ, ਪਹਾੜਾਂ ਅਤੇ ਜੰਗਲਾਂ ਦੀ ਤਬਾਹੀ ਹੋ ਚੁੱਕੀ ਹੈ ਅਤੇ ਸਮਕਾਲ ਵਿੱਚ ਵੀ ਜਾਰੀ ਹੈ। ਕੰਢੀ ਦੇ ਲੋਕਾਂ ਦੀ ਪਛਾਣ ਹੀ ਖ਼ਤਰੇ ਵਿੱਚ ਪੈ ਗਈ ਹੈ। ਮਨੁੱਖੀ ਅਚਾਰ-ਵਿਹਾਰ ਵੀ ਖ਼ਤਮ ਹੋਣ ਕੰਢੇ ਹੈ।

ਵਾਸਤਵ ਵਿੱਚ ਇਸ ਲੱਗ ਰਹੇ ਖੋਰੇ ਦਾ ਝੋਰਾ ਦੁੱਖ, ਪੀੜ ਹਰ ਨਰੋਤਮ (ਨਾਵਲ ਦੇ ਪ੍ਰਮੁੱਖ ਪਾਤਰ) ਵਰਗੇ ਚੇਤਨਸ਼ੀਲ ਤੇ ਸੰਵੇਦਨਸ਼ੀਲ ਵਿਅਕਤੀ ਨੂੰ ਹੁੰਦੀ ਹੈ। ਨਾਵਲਕਾਰ ਦਾ ਮੱਤ ਹੈ ਕਿ ਜੋ ਵੀ ਕੰਢੀ ਪਹਾੜੀ ਖੇਤਰ ਵਿੱਚ ਵਿਕਾਸ ਹੋਇਆ ਹੈ, ਉਹ ਮਾਨਵ ਪੱਖੀ ਨਹੀਂ, ਇਹ ਪਿੰਡ ਪੱਖੀ ਨਹੀਂ, ਇਹ ਅਮੀਰ ਪੱਖੀ ਹੈ। ਪੂੰਜੀਵਾਦੀ ਵਿਕਾਸ ਮਾਡਲ ਕਦੇ ਵੀ ਮਾਨਵ ਪੱਖੀ ਹੋ ਹੀ ਨਹੀਂ ਸਕਦਾ। ਵਾਸਤਵ ਵਿੱਚ ਇਹ ਨਾਵਲ ਇਸ ਨੁਕਤੇ ਨੂੰ ਹੀ ਉਭਾਰਦਾ ਅਤੇ ਪ੍ਰਸਾਰਦਾ ਹੈ। ਇਸ ਪੱਖੋਂ ਨਾਵਲ ਮਾਰਮਿਕ ਅਤੇ ਗੌਲਣਯੋਗ ਹੈ।

ਇਸ ਨਾਵਲ ਵਿੱਚ ਪਿਆਰ ਦੇ ਅਹਿਮ ਮਸਲੇ ਨੂੰ ਬੜੇ ਹੀ ਖ਼ੂਬਸੂਰਤ ਅੰਦਾਜ਼ ਅਤੇ ਪ੍ਰਗਤੀਵਾਦੀ ਵਿਚਾਰਾਂ ਨਾਲ ਉਲੀਕਿਆ ਗਿਆ ਹੈ। ਬਿਰਜੂ ਅਤੇ ਬਾਲੋ ਦੀ ਉਮਰ ਵਿੱਚ ਕਾਫ਼ੀ ਅੰਤਰ ਹੁੰਦਾ ਹੈ, ਪ੍ਰੰਤੂ ਇਹ ਉਮਰ ਅੰਤਰ ਉਨ੍ਹਾ ਦੇ ਪਿਆਰ ਨੂੰ ਖੋਰਾ ਨਹੀਂ ਲਾਉਂਦਾ। ਉਨ੍ਹਾਂ ਵਿੱਚ ਜਿਹੜੀ ਖਿੱਚ ਹੁੰਦੀ ਹੈ, ਉਸ ਵਿੱਚ ਪਵਿੱਤਰ ਪਿਆਰ ਹੁੰਦਾ ਹੈ। ਸਰੀਰਕ ਕਾਮ ਭੁੱਖ ਨਹੀਂ। ਮਾਨਵੀ ਵਿਚਾਰ ਅਨੁਸਾਰ ਪਿਆਰ ਵਿੱਚ ਜੇ ਬਹੁਤੀ ਨਹੀਂ ਤਾਂ ਕੁਝ ਨਾ ਕੁਝ ਕਾਮ ਦੀ ਭਾਵਨਾ ਲੁਪਤ ਹੁੰਦੀ ਹੈ। ਕਈ ਪ੍ਰੇਮੀ-ਪ੍ਰੇਮਿਕਾ ਇਸ ਨੂੰ ਉਜਾਗਰ ਕਰ ਦਿੰਦੇ ਹਨ, ਕਈ ਨਹੀਂ ਕਰਦੇ। ਬਿਰਜੂ ਅਤੇ ਬਾਲੋ ਦਾ ਪਿਆਰ ਬੇਜੋੜ ਹੈ। ਦੋਵੇਂ ਪ੍ਰੇਮੀ ਜਾਣਦੇ ਹਨ ਕਿ ਸਮਾਜਿਕ, ਸੱਭਿਆਚਾਰਕ ਨੇਮਾਂ (ਭਾਵ ਸਾਮੰਤੀ ਨਿਯਮਾਂ) ਕਾਰਨ ਉਨ੍ਹਾਂ ਦਾ ਮਿਲਾਪ ਅਸੰਭਵ ਹੈ। ਫਿਰ ਵੀ ਉਹ ਦੋਨੋਂ ਇੱਕ-ਦੂਜੇ ਲਈ ਸਮਰਪਿਤ ਹਨ। ਬਾਲੋ ਦੀ ਹਮੇਸ਼ਾ ਇਹ ਦੁਆ ਹੁੰਦੀ ਹੈ ਕਿ ਬਿਰਜੂ ਪੜ੍ਹ-ਲਿਖ ਕੇ ਉੱਚਾ ਰੁਤਬਾ ਹਾਸਿਲ ਕਰੇ। ਬਾਲੋ ਬਿਰਜੂ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਰਹਿੰਦੀ ਹੈ। ਬਾਲੋ ਅਤੇ ਬਿਰਜੂ ਦਾ ਰਿਸ਼ਤਾ ਪਿਆਰ ਅਧਾਰਤ ਹੈ। ਇਹ ਰਿਸ਼ਤਾ ਲੋਭ-ਲਾਲਚ ਅਤੇ ਗ਼ਰਜ਼ ਦਾ ਮੁਥਾਜ਼ ਨਹੀਂ। ਇਹ ਰਿਸ਼ਤਾ ਬਾਲੋ ਦੀ ਮੌਤ ਤੱਕ ਨਿਭਦਾ ਹੈ। ਨਾਵਲਕਾਰ ਨੇ ਆਪਣੇ ਨਾਵਲ ਵਿੱਚ ਇਸ ਵੱਖਰੀ ਕਿਸਮ ਦੀ ਪਿਆਰ ਭਾਵਨਾ ਨੂੰ ਰਜਿਸਟਰਡ ਕੀਤਾ ਹੈ। ਇਹ ਨਾਵਲ ਜਿੱਥੇ ਅਖੌਤੀ ਅਭਾਸ ਕਾਰਨ, ਇਸ ਖੇਤਰ ਦੇ ਸਰਵਪੱਖੀ ਵਿਕਾਸ ਦਾ ਦੁਖਾਂਤ ਹੈ, ਉੱਥੇ ਇਹ ਬਿਰਜੂ-ਬਾਲੋ ਦੇ ਪਿਆਰ ਕਾਰਨ ਵੀ ਦੁਖਾਂਤਕ ਬਣ ਜਾਂਦਾ ਹੈ। ਬਿਰਜੂ ਅਤੇ ਬਾਲੋ ਦਾ ਸੁਖਾਂਤਕ ਰਿਸ਼ਤਾ ਜਦ ਦੁਖਾਂਤਕ ਰਿਸ਼ਤੇ ਵਿੱਚ ਰੁਪਾਂਤਰਿਤ ਹੋ ਜਾਂਦਾ ਹੈ ਤਾਂ ਨਾਵਲ ਸਿਖਰ ਵੀ ਛੂੰਹਦਾ ਹੈ ਅਤੇ ਚੇਤਨਸ਼ੀਲ ਤੇ ਸੰਵੇਦਨਸ਼ੀਲ ਬੰਦਿਆਂ ਨੂੰ ਝੰਜੋੜ ਕੇ ਰੱਖ ਦਿੰਦਾ ਹੈ। ਇਹੋ ਇਸ ਨਾਵਲ ਦੀ ਸ਼ਕਤੀ ਹੈ ਅਤੇ ਇਹੋ ਇਸ ਨਾਵਲ ਦੀ ਪ੍ਰਾਪਤੀ ਵੀ ਹੈ।

ਇਸ ਨਾਵਲ ਦੀ ਇੱਕ ਹੋਰ ਪੱਖੋਂ ਵੀ ਮਹਿਮਾ ਅਣਗੌਲੀ ਨਹੀਂ ਕੀਤੀ ਜਾ ਸਕਦੀ। ਇਸ ਨਾਵਲ ਦੀ ਭਾਸ਼ਾ, ਬੋਲੀ ਪੰਜਾਬੀ ਦੇ ਨਾਵਲੀ ਸੰਸਾਰ ਦੀ ਭਾਸ਼ਾ ਬੋਲੀ ਤੋਂ ਵੱਖਰੀ ਹੈ। ਇਸ ਕੰਢੀ ਖੇਤਰ ਦੇ ਪਹਾੜੀ ਇਲਾਕੇ ਦੀ ਭਾਸ਼ਾ-ਬੋਲੀ ਬਹੁਤ ਹੀ ਰਸਭਿੰਨੀ ਅਤੇ ਖਿੱਚਦਾਇਕ ਹੈ। ਬੋਲੀ ਪੱਖੋਂ ਇਹ ਨਾਵਲ ਲਾਜਵਾਬ ਹੈ। ਵਾਰਤਾਲਾਪੀ ਬੋਲੀ ਇਸ ਨਾਵਲ ਨੂੰ ਵਿਲੱਖਣਤਾ ਅਤੇ ਵੱਖਰਤਾ ਦਾ ਜਾਮਾ ਪਹਿਨਾਉਂਦੀ ਹੈ। ਨਾਵਲ 'ਚ ਦਰਜ ਪਾਤਰਾਂ ਦੇ ਸੰਵਾਦ ਨਾਵਲ ਨੂੰ ਗਤੀ ਵੀ ਦਿੰਦੇ ਹਨ ਅਤੇ ਨਾਵਲ ਦੀ ਵਸਤੂ ਸਥਿਤੀ ਨੂੰ ਕਲਾਤਮਿਕ ਵੀ ਬਣਾਉਂਦੇ ਹਨ। ਇਸ ਪੂੰਜੀਵਾਦੀ ਵਿਸ਼ਵੀਕਰਨ ਦੇ ਦੌਰ ਵਿੱਚ ਜਿੱਥੇ ਸੱਭਿਆਚਾਰ ਦੇ ਅਹਿਮ ਜੁੱਜ਼ ਰਿਸ਼ਤਿਆਂ 'ਤੇ ਕਰੂਰ ਤੇ ਬਰਾਬਰ ਹਮਲਾ ਹੋ ਰਿਹਾ ਹੈ, ਰਿਸ਼ਤਿਆਂ ਦਾ ਦਿਨੋਂ-ਦਿਨ ਭੰਜਨ ਹੋ ਰਿਹਾ ਹੈ। ਉੱਥੇ ਸੱਭਿਆਚਾਰ ਦੇ ਪ੍ਰਮੁੱਖ ਪ੍ਰਤੀਮਾਨ "ਭਾਸ਼ਾ-ਬੋਲੀ" 'ਤੇ ਵੀ ਹਮਲੇ ਕੀਤੇ ਜਾ ਰਹੇ ਹਨ। ਖ਼ਾਸ ਕਰਕੇ ਪੰਜਾਬੀ ਦੀਆਂ ਉਪਭਾਸ਼ਾਵਾਂ ਦਾ ਨੇੜ-ਭਵਿੱਖ ਵਿੱਚ ਖਾਤਮਾ ਹੀ ਨਿਸ਼ਚਤ ਹੈ। ਪਹਾੜੀ ਬੋਲੀ (ਖ਼ਾਸ ਕਰਕੇ ਹਿਮਾਚਲ ਅਤੇ ਜੰਮੂ ਕਸ਼ਮੀਰ ਦੀਆਂ ਬੋਲੀਆਂ) ਜੋ ਪੰਜਾਬੀ ਦੀ ਉਪਭਾਸ਼ਾ ਬੋਲੀ ਸੀ, ਉਸ 'ਤੇ ਹਿੰਦੀ ਅਤੇ ਉਰਦੂ ਥੋਪ ਕੇ ਉਸ ਨੂੰ ਬਰਬਾਦ ਕਰ ਦਿੱਤਾ ਹੈ। ਲੋਕ ਆਪਣੀ ਭਾਸ਼ਾ ਪ੍ਰਤੀ ਚੇਤਨ ਨਹੀਂ ਹਨ। ਉਨ੍ਹਾਂ ਨੇ ਸੱਤਾ ਵੱਲੋਂ ਭਾਸ਼ਾ-ਬੋਲੀ 'ਤੇ ਕੀਤੇ ਗਏ ਹੱਲੇ ਦਾ ਕਦੇ ਟਾਕਰਾ ਨਹੀਂ ਕੀਤਾ, ਸਗੋਂ ਉਨ੍ਹਾ ਨੇ ਆਪਣੇ ਪੰਜਾਬ, ਆਪਣੀ ਪੰਜਾਬੀਅਤ ਅਤੇ ਪੰਜਾਬੀ ਭਾਸ਼ਾ, ਬੋਲੀ ਦੇ ਹੋ ਰਹੇ ਨਿਘਾਰ ਤੇ ਵਿਨਾਸ਼ ਨੂੰ ਸਵੀਕ੍ਰਿਤੀ ਦਿੱਤੀ ਹੈ। ਕਿਸੇ ਕੌਮ ਦਾ ਰਿਸ਼ਤਾ-ਨਾਤਾ ਪ੍ਰਬੰਧ ਅਤੇ ਉਸ ਦੀ ਭਾਸ਼ਾ, ਬੋਲੀ ਦਾਅ 'ਤੇ ਲੱਗ ਜਾਵੇ ਤਾਂ ਸਮਝੋ ਉਹ ਕੌਮ ਆਪਣੀ ਮੌਤ ਵੱਲ ਵਧ ਰਹੀ ਹੈ। ਪੰਜਾਬੀ ਭਾਸ਼ਾ ਲਈ ਇਹ ਬਹੁਤ ਹੀ ਖ਼ਤਰਨਾਕ ਸਥਿਤੀ ਬਣ ਰਹੀ ਹੈ। ਸਾਹਿਲ ਅਨੁਸਾਰ ਸਾਡੇ ਰਿਸ਼ਤੇ-ਨਾਤੇ, ਸਾਡੀ ਰਹਿਤਲ-ਬਹਿਤਲ, ਸਾਡੀ ਭਾਸ਼ਾ-ਬੋਲੀ ਦੀ ਹੋਂਦ 'ਤੇ ਵੱਡਾ ਖ਼ਤਰਾ ਮੰਡਰਾਅ ਰਿਹਾ ਹੈ। ਸਾਹਿਲ ਪੰਜਾਬੀ ਭਾਸ਼ਾ ਦੀ ਉਸ ਉਪ ਬੋਲੀ (ਪਹਾੜੀ ਬੋਲੀ) ਨੂੰ ਬਚਾਉਣ ਲਈ ਯਤਨਸ਼ੀਲ ਹੈ। ਉਸ ਦਾ ਇਹ ਉਪਰਾਲਾ ਬਹੁਤ ਹੀ ਗੌਲਣਯੋਗ, ਸਮਝਣਯੋਗ ਅਤੇ ਸਲਾਹੁਣਯੋਗ ਹੈ। ਨਾਵਲ ਦੀ ਇਸ ਮਹੱਤਤਾ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ। ਨਾਵਲ 'ਚ ਨਾਵਲਕਾਰ ਨੇ ਬਹੁਤ ਹੀ ਬਾਕਮਾਲ ਸੰਜੀਵ ਵਾਤਾਵਰਨ ਉਲੀਕਿਆ ਹੈ ਅਤੇ ਦਿਲ-ਖਿੱਚਵੇਂ ਦ੍ਰਿਸ਼-ਚਿੱਤਰ ਖਿੱਚੇ ਹਨ। ਉਸ ਨੇ ਪਹਾੜਾਂ, ਜੰਗਲਾਂ ਤੇ ਚੋਆਂ ਦੀ ਖ਼ੂਬਸੂਰਤੀ ਨੂੰ ਪ੍ਰਗਟਾਉਣ ਲਈ ਬਹੁਤ ਮਿਹਨਤ ਕੀਤੀ ਹੈ। ਮੇਰੀ ਮਾਨਤਾ ਹੈ ਕਿ ਨਾਵਲ ਵਿੱਚ ਦਰਜ ਪਹਾੜੀ ਜੀਵਨ ਦੇ ਵਿਭਿੰਨ ਪਸਾਰ, ਪਹਾੜੀ ਖੇਤਰ ਦੇ ਵਾਤਾਵਰਨ ਅਤੇ ਦ੍ਰਿਸ਼ ਚਿੱਤਰਾਂ ਨਾਲ ਇਹ ਨਾਵਲ ਸੁਹਜਾਤਮਕ ਪੱਖੋਂ ਹੋਰ ਜਾਨਦਾਰ ਤੇ ਸ਼ਾਨਦਾਰ ਬਣਿਆ ਹੈ। ਇਸ ਨਾਵਲ 'ਚ ਪਹਾੜੀ ਜੀਵਨ, ਪਹਾੜੀ ਸੱਭਿਆਚਾਰ, ਪਹਾੜੀ ਆਰਥਿਕਤਾ ਬਾਰੇ ਮਹੀਨ ਅਤੇ ਵਡਮੁੱਲੀ ਜਾਣਕਾਰੀ ਉਪਲੱਬਧ ਹੈ। ਮੇਰੇ ਵਿਚਾਰ ਅਨੁਸਾਰ ਧਰਮਪਾਲ ਸਾਹਿਲ ਦਾ ਨਾਵਲ "ਖੋਰਾ" ਪਹਾੜੀ ਜੀਵਨ ਦਾ ਸਹਿਜ ਬਿਰਤਾਂਤ ਹੀ ਨਹੀਂ, ਸਗੋਂ ਇਹ ਇੱਕ ਸਾਂਭਣਯੋਗ ਦਸਤਾਵੇਜ਼ ਹੈ। ਇਹ ਨਾਵਲ ਕੇਵਲ ਦਸਤਾਵੇਜ਼ ਨਹੀਂ, ਸਗੋਂ ਇਹ ਇੱਕ ਵਿਗਿਆਨਕ ਡਾਕੂਮੈਂਟਰੀ ਪੁਸਤਕ ਹੈ, ਜੋ ਭਵਿੱਖ ਦੀਆਂ ਪੀੜ੍ਹੀਆਂ ਲਈ ਫਾਇਦੇਮੰਦ ਸਾਬਿਤ ਹੋਵੇਗੀ। ਉਹ ਇਸ ਨਾਵਲ ਨੂੰ ਪੜ੍ਹ ਕੇ ਆਪਣੇ ਪੁਰਖਿਆਂ ਦੀ ਜੀਵਨ-ਜਾਚ ਸਮਝ ਸਕਣ ਦੇ ਕਾਬਲ ਹੋ ਸਕਣਗੇ। ਸੋ ਇਹ ਨਾਵਲ ਹਮੇਸ਼ਾ ਆਪਣੀ ਮਹੱਤਤਾ ਬਣਾਈ ਰੱਖੇਗਾ। ਇਹ ਮੇਰੀ ਮਾਨਤਾ ਹੈ, ਤੁਹਾਡੀ ਵੀ ਇਹੋ ਮਾਨਤਾ ਬਣੇਗੀ।

ਮੋਬਾ. 98553-71313

ਸਫ਼ਾ 3 ਦੀ ਬਾਕੀ

## ਕਤਲ-ਏ-ਖਾਸ ਦਾ ਬਿਰਤਾਂਤ...

ਪੰਜਾਬ ਵਿੱਚ ਬੇਅੰਤ ਸਿੰਘ ਦੀ ਸਰਕਾਰ ਬਹੁਤ ਹੀ ਘੱਟ-ਗਿਣਤੀ ਵੋਟਾਂ ਨਾਲ ਬਣੀ ਹੋਈ ਸਰਕਾਰ ਸੀ, ਜਿਸ ਵਿੱਚ ਵੱਡੀ ਗਿਣਤੀ 'ਚ ਕਾਂਗਰਸ ਦੇ ਐੱਮ ਐੱਲ ਏ ਜਿੱਤ ਗਏ।ਕਾਂਗਰਸ ਦਾ ਟਾਰਗੇਟ ਅਮਨ-ਸ਼ਾਂਤੀ ਦੀ ਬਹਾਲੀ ਸੀ। ਅਮਨ-ਸ਼ਾਂਤੀ ਤੋਂ ਵੱਡੀ ਲੋੜ ਬੇਅੰਤ ਸਿੰਘ ਸਰਕਾਰ ਨੂੰ ਇਹ ਸੀ ਕਿ ਉਹ ਆਪਣੀ ਚੋਣ ਨੂੰ ਜਾਇਜ਼ ਸਿੱਧ ਕਰ ਸਕੇ। ਦੂਜੀ ਉਸ ਸਮੇਂ ਦੀ ਇਹ ਲੋੜ ਸੀ ਕਿ ਪੰਜਾਬ ਦੀ ਆਪ ਮੁਹਾਰੀ ਹੋਈ ਅਫਸਰਸ਼ਾਹੀ ਨੂੰ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦਿਆਂ ਦੀ ਗੱਲ ਸੁਣਨ ਦੀ ਆਦਤ ਪਾਈ ਜਾਵੇ। ਇਸ ਸਾਰੇ ਕੁਝ ਤੋਂ ਬਾਅਦ ਹੀ ਅਮਨ-ਸ਼ਾਂਤੀ ਬਾਰੇ ਸੋਚਿਆ ਤੇ ਵਿਚਾਰਿਆ ਜਾ ਸਕਦਾ ਸੀ।

ਲੱਗਭੱਗ ਇਕ ਦਹਾਕੇ ਤੋਂ ਆਪਣੀਆਂ ਮੰਗਾਂ ਦੇ ਏਜੰਡੇ 'ਤੇ ਲੜਾਈ ਲੜ ਰਹੇ ਸਿੱਖਾਂ ਦੇ ਇੱਕ ਧੜੇ ਨੂੰ ਕਈ ਵਾਰ ਕੇਂਦਰ ਨੇ ਗੱਲਬਾਤ ਲਈ ਬੁਲਾਇਆ, ਸਿੱਟੇ ਵਜੋਂ ਗੱਲ ਕਿਸੇ ਤਣ ਪੱਤਣ ਨਾ ਲੱਗੀ। ਪੰਜਾਬ ਦੀਆਂ ਰਾਜਸੀ ਸਮਾਜਿਕ ਤੇ ਧਾਰਮਿਕ ਮੰਗਾਂ 'ਤੇ ਲੱਗਾ ਆਨੰਦਪੁਰ ਸਾਹਿਬ ਦਾ ਮੋਰਚਾ ਬਿਨਾਂ ਇੱਕ ਵੀ ਮੰਗ ਮਨਾਇਆਂ ਕਿਵੇਂ ਸਮਾਪਤ ਹੋ ਗਿਆ? ਇਸ ਦੀ ਇੱਕ ਝਲਕ ਇਸੇ ਪੁਸਤਕ ਦੇ ਅੰਤਕਾ ਵਿੱਚ ਦਰਜ ਜੋਗਿੰਦਰ ਸਿੰਘ ਪਵਾਰ ਹੁਰਾਂ ਦੇ ਲਿਖੇ ਲੇਖ ਵਿੱਚੋਂ ਮਿਲਦੀ ਹੈ। ਉਹ ਲਿਖਦੇ ਹਨ, 'ਉਹ (ਬੇਅੰਤ ਸਿੰਘ) ਹਰ ਸੰਭਵ ਤਰੀਕੇ ਦਾ ਪ੍ਰਯੋਗ ਕਰਕੇ ਪੰਜਾਬ ਵਿੱਚ ਆਮ ਵਰਗੇ ਹਾਲਾਤ ਪੈਦਾ ਕਰਨ ਲਈ ਦ੍ਰਿੜ੍ਹ ਸਨ। ਇੱਕ ਵਾਰ, ਸਾਲ 1992 ਦੇ ਆਖਰੀ ਮਹੀਨੇ ਵਿੱਚ ਮੈਨੂੰ ਉਨ੍ਹਾਂ ਨਾਲ ਦਿੱਲੀ ਵਿਖੇ ਪੰਜਾਬ ਭਵਨ ਵਿੱਚ ਮਿਲਣ ਦਾ ਮੌਕਾ ਮਿਲਿਆ। ਗੱਲਬਾਤ ਦੌਰਾਨ ਮੈਂ ਉਨ੍ਹਾਂ ਨਾਲ ਅੱਤਵਾਦ ਦੀ ਸਮੱਸਿਆ ਬਾਰੇ ਗੱਲ ਕੀਤੀ। ਮੈਂ ਇਹ ਜਾਣਨ ਲਈ ਉਤਸੁਕ ਸੀ ਕਿ ਕੀ ਗਰਮ ਖਿਆਲੀ ਨੇਤਾਵਾਂ ਨਾਲ ਸੰਪਰਕ ਬਣਾਉਣ ਲਈ ਕੋਈ ਯਤਨ ਕੀਤੇ ਗਏ ਹਨ ਤਾਂ ਕਿ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਆ ਜਾ ਸਕੇ? ਸ੍ਰ. ਬੇਅੰਤ ਸਿੰਘ ਨੇ ਦ੍ਰਿੜ੍ਹਤਾ-ਪੂਰਵਕ ਜਵਾਬ ਦਿੱਤਾ ਕਿ ਉਨ੍ਹਾਂ ਦੇ ਤਜਰਬੇ ਅਨੁਸਾਰ ਅਜਿਹੇ ਯਤਨ ਪਹਿਲਾਂ ਵੀ ਬੇਕਾਰ ਸਾਬਿਤ ਹੋਏ ਹਨ ਅਤੇ ਭਵਿੱਖ ਵਿੱਚ ਵੀ ਕੋਈ ਹਾਂ-ਪੱਖੀ ਨਤੀਜੇ ਨਹੀਂ ਦੇਣਗੇ। ਮੈਂ ਫਿਰ ਕਿਹਾ, ਹੱਲ ਕੀ ਹੋ ਸਕਦਾ ਹੈ? ਉਨ੍ਹਾਂ ਨੇ ਜ਼ੋਰ ਦੇ ਕੇ, ਸੰਖੇਪ ਵਿੱਚ ਅਤੇ ਪੂਰੇ ਆਤਮ-ਵਿਸ਼ਵਾਸ ਨਾਲ ਕਿਹਾ, 'ਅਸੀਂ ਉਨ੍ਹਾਂ ਨੂੰ ਕੁਚਲ ਦਿਆਂਗੇ' ਅਤੇ ਅਜਿਹਾ ਹੀ ਹੋਇਆ।' (ਪੰਨਾ 197)

ਪੰਜਾਬ ਦੇ ਖੱਬੇ ਪੱਖੀ ਬੁੱਧੀਜੀਵੀ ਤੇ ਕਾਰਕੁਨ ਜਿਨ੍ਹਾਂ ਨੇ ਇਸ ਸਮੇਂ ਦੌਰਾਨ ਸਭ ਤੋਂ ਵੱਡੀਆਂ ਕੁਰਬਾਨੀਆਂ ਦਿੱਤੀਆਂ, ਉਹ ਪੰਜਾਬ ਮਸਲੇ ਨੂੰ ਇੱਕ ਰਾਜਸੀ ਮਸਲਾ ਸਮਝਦੇ ਸਨ ਤੇ ਸਦਾ ਹੀ ਇਸ ਗੱਲ ਦੀ ਵਕਾਲਤ ਕਰਦੇ ਆਏ ਸਨ ਕਿ ਪੰਜਾਬ ਮਸਲੇ ਦਾ ਸਿਆਸੀ ਹੱਲ ਹੋਣਾ ਚਾਹੀਦਾ। ਨਰਮ ਅਕਾਲੀ ਦਲ ਜਿਹੜਾ ਅਸਿੱਧੇ ਰੂਪ ਵਿੱਚ ਗਰਮ ਧੜੇ ਦੀ ਮਦਦ ਕਰਦਾ ਸੀ, ਉਹ ਵੀ ਇਸ ਨੂੰ ਸਿਆਸੀ ਮਸਲਾ ਐਲਾਨਦਾ ਹੋਇਆ ਇਸ ਦੇ ਸਿਆਸੀ ਹੱਲ ਦੀ ਮੰਗ ਕਰ ਰਿਹਾ ਸੀ, ਪਰ ਅਸੀਂ ਦੇਖਿਆ ਕਿ ਇੱਕ ਦਹਾਕੇ ਤੋਂ ਲੰਮਾ ਚੱਲੇ ਇਸ ਦੁਖਾਂਤ ਦਾ ਕੋਈ ਵੀ ਸਿਆਸੀ ਹੱਲ ਨਹੀਂ ਕੀਤਾ ਗਿਆ। ਕਿਸੇ ਇੱਕ ਵਾਜਬ ਤੇ ਹੱਕੀ ਮੰਗ ਨੂੰ ਨਹੀਂ ਮੰਨਿਆ ਗਿਆ ਤੇ ਫਿਰ ਵੀ ਅਮਨ-ਸ਼ਾਂਤੀ ਬਹਾਲ ਹੋਈ। ਐਸਾ ਕਿਹੜਾ ਜਾਦੂ ਬੇਅੰਤ ਸਿੰਘ ਹੁਰਾਂ ਕੋਲ ਸੀ, ਜਿਹੜਾ ਉਹਨਾਂ ਨੇ ਪੰਜਾਬੀਆਂ ਸਿਰ ਕੀਤਾ ਤੇ ਪੰਜਾਬੀ ਅਮਨ-ਸ਼ਾਂਤੀ ਦੇ ਰਾਹ 'ਤੇ ਤੁਰ ਪਏ, ਇਹ ਇੱਕ ਵੱਡਾ ਸਵਾਲ ਹੈ, ਜਿਸ ਸਵਾਲ ਨੂੰ ਮੁਖਾਤਬ ਹੋਣ ਤੋਂ ਬਿਨਾਂ ਇਸ ਪੁਸਤਕ ਨੂੰ ਸਮਝਿਆ ਨਹੀਂ ਜਾ ਸਕਦਾ।

ਲੇਖਕ ਬੇਅੰਤ ਸਿੰਘ ਦੇ ਕਤਲ ਦੇ ਸ਼ੱਕ ਦੀ ਸੂਈ ਪੁਲਸ ਅਧਿਕਾਰੀਆਂ ਵੱਲ ਕਰਦਾ ਹੈ, ਉਹ ਲਿਖਦਾ,

'ਮੁੱਖ ਮੰਤਰੀ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਮੈਨੂੰ ਇਕ ਆਈ.ਪੀ.ਐੱਸ. ਅਧਿਕਾਰੀ ਤੋਂ ਧਮਕੀ ਦਿਵਾਈ ਕਿ ਜੇਕਰ ਮੈਂ ਚੁੱਪ ਨਾ ਕੀਤਾ ਤਾਂ ਮੇਰਾ ਅਤੇ ਮੇਰੇ ਪਰਵਾਰ ਦਾ ਵੀ ਮੁੱਖ ਮੰਤਰੀ ਵਾਲਾ ਹਾਲ ਹੋਵੇਗਾ।'

ਇਸ ਕਤਲ ਦੀ ਨਿਸ਼ਾਨਦੇਹੀ ਕਰਦਾ ਲੇਖਕ ਦੱਸਦਾ ਹੈ ਕਿ ਜਦੋਂ ਮੁੱਖ ਮੰਤਰੀ ਬੇਅੰਤ ਸਿੰਘ ਨੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਅਤੇ ਗ੍ਰਹਿ ਰਾਜ ਮੰਤਰੀ ਰਾਜੇਸ਼ ਪਾਇਲਟ ਨੂੰ ਮਿਲ ਕੇ ਪੁਲਸ ਮੁਖੀ ਨੂੰ ਹਟਾਉਣ ਦੀ ਬੇਨਤੀ ਕੀਤੀ ਸੀ, ਉਸ ਬੇਨਤੀ ਤੋਂ ਬਾਅਦ ਹੀ ਮੁੱਖ ਮੰਤਰੀ ਦੇ ਪਰਵਾਰ 'ਤੇ ਪੁਲਸ ਨੇ ਸ਼ਿਕੰਜਾ ਕਸਿਆ ਅਤੇ ਅਖ਼ੀਰ ਮੁੱਖ ਮੰਤਰੀ ਨਾਲ ਜੋ ਹੋਇਆ, ਉਹ ਤੁਹਾਨੂੰ ਪਤਾ ਹੀ ਹੈ। ਅਸਲ ਵਿੱਚ ਇਹ ਵੀ ਇੱਕ ਨੁਕਤਾ ਹੈ, ਜਿਸ ਨੁਕਤੇ ਤੋਂ ਅਸੀਂ ਪੰਜਾਬ ਦੀ ਖਾਲਿਸਤਾਨੀ ਲਹਿਰ ਨੂੰ ਸਮਝ ਸਕਦੇ ਹਾਂ। ਇੱਕ ਧਿਰ ਤਾਂ ਅਜਿਹੀ ਹੈ, ਜਿਹੜੀ ਇਹ ਮੰਨਦੀ ਹੈ ਕਿ ਪੰਜਾਬ ਦੀ ਇਹ ਸਮੁੱਚੀ ਦੁਖਾਂਤ ਦੀ ਕੜੀ ਹਕੂਮਤੀ ਜ਼ੁਲਮ ਦੇ ਕੁੱਖੋਂ ਪੈਦਾ ਹੋਈ ਸੀ। ਬੇਅੰਤ ਸਿੰਘ ਦੇ ਕਤਲ ਨੂੰ ਵੀ ਲੇਖਕ ਇਸੇ ਨਾਲ ਜੋੜਦਾ ਜਾਪਦਾ ਹੈ।

ਪੰਜਾਬ ਵਿੱਚ 7 ਆਈ.ਪੀ.ਐੱਸ ਅਧਿਕਾਰੀਆਂ ਦੇ ਕਤਲ ਹੋਏ, ਜਿਨ੍ਹਾਂ ਵਿੱਚ ਅਵਤਾਰ ਸਿੰਘ ਅਟਵਾਲ, ਅਜੀਤ ਸਿੰਘ, ਅਰਵਿੰਦਰ ਸਿੰਘ ਬਰਾੜ, ਕੰਵਰ ਰਣਬੀਰ ਸਿੰਘ ਗਿੱਲ, ਸੀਤਲ ਦਾਸ, ਬਲਦੇਵ ਸਿੰਘ ਬਰਾੜ, ਗੋਬਿੰਦ ਰਾਮ ਅਤੇ ਅਨੇਕਾਂ ਛੋਟੇ ਅਧਿਕਾਰੀ ਤੇ ਪੁਲਸ ਕਰਮਚਾਰੀ ਕਥਿਤ ਦਹਿਸ਼ਤਗਰਦਾਂ ਦੇ ਹਮਲਿਆਂ ਵਿੱਚ ਮਾਰੇ ਗਏ। ਜੇ ਐੱਫ਼ ਰਿਬੈਰੋ ਉਪਰ ਵੀ ਹਮਲਾ ਹੋਇਆ। ਪ੍ਰੰਤੂ ਕੇ.ਪੀ.ਐੱਸ ਗਿੱਲ 'ਤੇ ਕਦੀ ਵੀ ਕੋਈ ਹਮਲਾ ਨਹੀਂ ਹੋਇਆ। ਇਸ ਲਈ ਸ਼ੱਕ ਦੀ ਕੋਈ ਗੁੰਜਾਇਸ਼ ਬਾਕੀ ਰਹਿ ਜਾਂਦੀ ਹੈ ਕਿ ਕੇ.ਪੀ.ਐੱਸ. ਗਿੱਲ 'ਤੇ ਹਮਲਾ ਕਿਉਂ ਨਹੀਂ ਹੋਇਆ? ਲੇਖਕ ਦਾ ਇਹ ਤਰਕ ਗੈਰ-ਵਿਗਿਆਨਕ ਜਾਪਦਾ ਹੈ, ਕਿਉਂਕਿ ਜਿਹੜਾ ਪੁਲਸ ਅਫਸਰ ਇਸ ਸਾਰੇ ਕੁਝ ਨੂੰ ਦੇਖ ਰਿਹਾ ਹੈ, ਉਸ ਨੂੰ ਪਤਾ ਕਿ ਕਿਹੜੀਆਂ-ਕਿਹੜੀਆਂ ਧਿਰਾਂ ਕਿਵੇਂ-ਕਿਵੇਂ ਐਕਟ ਕਰ ਰਹੀਆਂ ਹਨ, ਉਹ ਦਹਿਸ਼ਤਗਰਦਾਂ ਦੀਆਂ ਚਾਲਾਂ ਨੂੰ ਵੀ ਸਮਝਦਾ ਤੇ ਉਹਨਾਂ ਚਾਲਾਂ ਤੋਂ ਬਚਣ ਦੇ ਤਰੀਕੇ ਵੀ ਜਾਣਦਾ, ਕੇਵਲ ਇਸ ਬਿਆਨ 'ਤੇ ਇਹ ਨਿਰਧਾਰਿਤ ਕਰ ਲੈਣਾ ਕਿ ਕੇ ਪੀ ਐੱਸ ਗਿੱਲ ਦਹਿਸ਼ਤਗਰਦਾਂ ਨਾਲ ਰਲਿਆ ਹੋਇਆ ਸੀ, ਇਹ ਵਾਜਬ ਨਹੀਂ ਹੈ।

ਇਸ ਦੇ ਬਾਵਜੂਦ ਅਸੀਂ ਲੇਖਕ ਦੀ ਇਸ ਦਲੀਲ ਨਾਲ ਸਹਿਮਤ ਹਾਂ ਤੇ ਅਸੀਂ ਕਦੀ ਵੀ ਕੇ ਪੀ ਐੱਸ ਗਿੱਲ ਨੂੰ ਦੁੱਧ ਧੋਤਾ ਨਹੀਂ ਸਮਝਦੇ। ਇੰਨੀਆਂ ਸਾਰੀਆਂ ਬੁਰਾਈਆਂ ਦੇ ਬਾਵਜੂਦ ਉਹ ਜਿਸ ਮੁਕਾਮ 'ਤੇ ਪਹੁੰਚਦਾ ਹੈ, ਉਹ ਮੁਕਾਮ ਕੋਈ ਛੋਟਾ ਮੁਕਾਮ ਨਹੀਂ। ਭਾਵੇਂ ਜੇ ਐੱਫ ਰਿਬੈਰੋ ਨਾਲ ਵੀ ਉਸ ਦੇ ਅੰਤਰ ਵਿਰੋਧ ਰਹੇ ਹੋਣ, ਪੰਜਾਬ ਦੇ ਗਵਰਨਰ ਨਾਲ ਵੀ ਉਸ ਨੇ ਆਪਣੀਆਂ ਸ਼ਰਤਾਂ 'ਤੇ ਕੰਮ ਕੀਤਾ, ਪਰ ਉਸ ਵਿੱਚ ਐਸੀ ਕੋਈ ਝਿੜਕ ਸੀ, ਜਿਹੜੀ ਆਪਣੀਆਂ ਸ਼ਰਤਾਂ ਮੰਨਵਾਉਣ ਦੀ ਸਮਰੱਥਾ ਰੱਖਦੀ ਸੀ।

ਲੇਖਕ ਕੇ.ਪੀ.ਐੱਸ ਗਿੱਲ ਦੀ ਕਾਰਜਸ਼ੈਲੀ ਦੀ ਇਕ ਉਦਾਹਰਣ ਦਿੰਦਾ ਲਿਖਦਾ ਹੈ ਕਿ ਦਿੱਲੀ ਯੂਨੀਵਰਸਿਟੀ ਦੇ ਇਕ ਸਾਬਕਾ ਪ੍ਰੋਫ਼ੈਸਰ ਰਾਹੁਲ ਚੰਦਨ ਨੇ ਕੇ.ਪੀ.ਐੱਸ. ਗਿੱਲ ਦੀ ਜੀਵਨੀ ਅੰਗਰੇਜ਼ੀ ਵਿੱਚ ਲਿਖੀ ਹੈ। ਉਸ ਦਾ ਅਨੁਵਾਦ ਪੰਜਾਬੀ ਵਿੱਚ ਹਰੀਕ੍ਰਿਸ਼ਨ ਮਾਇਰ ਨੇ ਕੀਤਾ ਹੈ। ਪੰਜਾਬੀ ਵਿੱਚ ਉਸ ਪੁਸਤਕ ਦਾ ਨਾਂਅ 'ਕੇ.ਪੀ.ਐੱਸ. ਗਿੱਲ ਧੜੱਲੇਦਾਰ ਪੁਲਸ ਅਧਿਕਾਰੀ' ਹੈ। ਉਸ ਪੁਸਤਕ ਦੇ ਪੰਨਾ 102 'ਤੇ ਲਿਖਿਆ ਹੈ ਕਿ ਕੇ.ਪੀ.ਐੱਸ. ਗਿੱਲ ਨੇ ਗੁਹਾਟੀ ਵਿਖੇ ਇਕ ਵਿਧਾਨਕਾਰ ਦੁਲਾਲ ਬਰੂਆ ਦੇ ਘਰ ਜਾ ਕੇ ਉਸ ਨੂੰ ਸ਼ਰਾਬੀ ਕਰਕੇ ਉਸ ਦੇ ਕਮਰੇ ਵਿੱਚ ਬਿਸਤਰੇ 'ਤੇ ਪਾ ਕੇ ਰੱਸਿਆਂ ਨਾਲ ਬੰਨ੍ਹ ਦਿੱਤਾ ਅਤੇ ਬਾਹਰੋਂ ਜਿੰਦਰਾ ਮਾਰ ਦਿੱਤਾ। ਨੌਕਰ ਨੂੰ ਕਿਹਾ ਕਿ ਓਨੀ ਦੇਰ ਬਾਹਰੋਂ ਜਿੰਦਰਾ ਨਹੀਂ ਖੋਲ੍ਹਣਾ, ਜਿੰਨੀ ਦੇਰ ਬਰੂਆ ਅੰਦਰੋਂ ਦਰਵਾਜ਼ਾ ਨਾ ਖਟਖਟਾਏ । ਵਿਧਾਨਕਾਰ ਦੁਲਾਲ ਬਰੂਆ ਨੂੰ ਗਿੱਲ ਆਪਣੀ ਕਾਰਜਸ਼ੈਲੀ ਵਿੱਚ ਰੁਕਾਵਟ ਸਮਝਦੇ ਸਨ। ਜੀਵਨੀਕਾਰ ਇਹ ਵੀ ਲਿਖਦੇ ਹਨ ਕਿ ਗਿੱਲ ਦੇ ਦੱਸਣ ਅਨੁਸਾਰ ਉਹ ਕਿਸੇ ਵੀ ਮਹੱਤਵਪੂਰਨ ਕਾਰਵਾਈ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਨੂੰ ਭਰੋਸੇ ਵਿੱਚ ਨਹੀਂ ਲੈਂਦੇ ਸਨ, ਸਗੋਂ ਕਾਰਵਾਈ ਕਰਕੇ ਹੀ ਮੁੱਖ ਮੰਤਰੀ ਨੂੰ ਦੱਸਦੇ ਸਨ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਗੱਲ ਕਿਸ ਪੱਧਰ ਤੱਕ ਵੀ ਕਹੀ ਸਕਦੀ ਸੀ।

ਕੇ ਪੀ ਐੱਸ ਗਿੱਲ ਜਿਸ ਤਰੀਕੇ ਨਾਲ ਪੰਜਾਬ ਨੂੰ ਇਸ ਦਹਿਸ਼ਤਗਰਦੀ ਦੇ ਦੌਰ 'ਚੋਂ ਬਾਹਰ ਕੱਢਦਾ, ਉਹ ਤਰੀਕਾ ਪੁਲਸ ਰਾਜ ਵਾਲਾ ਧੱਕੇਸ਼ਾਹੀ ਵਾਲਾ ਤਰੀਕਾ ਹੈ। ਇਸ ਸਮੇਂ ਦੌਰਾਨ ਪੰਜਾਬ ਵਿੱਚ ਵੱਡੇ ਪੱਧਰ 'ਤੇ ਕਤਲੋਗਾਰਤ ਹੋਈ। ਇਹ ਕਤਲੋਗਾਰਤ ਸਟੇਟ ਵੱਲੋਂ ਕੀਤੀ ਤੇ ਕਰਵਾਈ ਗਈ। ਮਰਨ ਵਾਲਿਆਂ ਦਾ ਜ਼ਿਕਰ ਕਿਸੇ ਝੂਠੇ ਪੁਲਸ ਮੁਕਾਬਲੇ ਵਿੱਚ ਵੀ ਨਹੀਂ ਕੀਤਾ ਗਿਆ, ਸਗੋਂ ਉਹਨਾਂ ਦੀਆਂ ਲਾਸ਼ਾਂ ਨੂੰ ਲਵਾਰਸ ਦੱਸ ਕੇ ਸਸਕਾਰ ਕਰ ਦਿੱਤਾ ਗਿਆ। ਇਸ ਤਰੀਕੇ ਦੀ ਕਾਰਜਸ਼ੈਲੀ ਵਿੱਚ ਬਹੁਤ ਵੱਡੇ ਪੱਧਰ 'ਤੇ ਨਿਰਦੋਸ਼ ਲੋਕਾਂ ਦੀਆਂ ਜਾਨਾਂ ਵੀ ਗਈਆਂ। ਜਿਹੜਾ ਸਵਾਲ ਅਸੀਂ ਪਹਿਲਾਂ ਖੜਾ ਕੀਤਾ ਸੀ ਕਿ ਇਹ ਇਕ ਰਾਜਸੀ ਮਸਲਾ ਸੀ, ਇਸ ਮਸਲੇ 'ਤੇ ਬਿਨਾਂ ਵਿਚਾਰ ਕੀਤਿਆਂ ਪੁਲਸ ਤੰਤਰ ਦੇ ਰਾਹੀਂ ਜਦੋਂ ਇੱਥੇ ਸ਼ਾਂਤੀ ਸਥਾਪਤ ਹੁੰਦੀ ਹੈ ਤਾਂ ਉਸ ਸ਼ਾਂਤੀ ਦੀ ਕੀਮਤ ਨਿਰਦੋਸ਼ ਲੋਕਾਂ ਨੂੰ ਦੇਣੀ ਪਈ। ਜਦੋਂ ਬੇਅੰਤ ਸਿੰਘ ਦਾ ਰਾਜ ਸੀ ਤਾਂ ਕਤਲੋਗਾਰਤ ਦੀ ਸਾਰੀ ਜ਼ਿੰਮੇਵਾਰੀ ਬੇਅੰਤ ਸਿੰਘ ਦੇ ਸਿਰ ਜਾਂਦੀ ਹੈ। ਅੱਜ ਅਸੀਂ ਬੇਅੰਤ ਸਿੰਘ ਨੂੰ ਇਸ ਲਈ ਮਾਫ਼ ਨਹੀਂ ਕਰ ਸਕਦੇ ਕਿ ਉਸ ਦਾ ਜੀਵਨੀਕਾਰ ਇਹ ਲਿਖਦਾ ਹੈ ਕਿ ਉਹ ਕੇ ਪੀ ਐੱਸ ਗਿੱਲ ਦੀਆਂ ਵਧੀਕੀਆਂ ਦੇ ਖਿਲਾਫ ਸੈਂਟਰ ਗੌਰਮੈਂਟ ਕੋਲ ਜਾ ਕੇ ਬੇਨਤੀ ਕਰਦਾ ਸੀ ਕਿ ਇਸ ਨੂੰ ਹਟਾ ਦਿੱਤਾ ਜਾਵੇ।

ਇਸ ਨੂੰ ਅਸੀਂ ਇੱਕ ਵੱਖਰੀ ਦਲੀਲ ਨਾਲ ਵੀ ਸਮਝਣ ਦੀ ਕੋਸ਼ਿਸ਼ ਕਰ ਸਕਦੇ, ਜਦੋਂ ਪੰਜਾਬ ਵਿੱਚ ਅੱਤਵਾਦ ਪੈਦਾ ਕੀਤਾ ਜਾ ਰਿਹਾ ਸੀ ਉਸ ਵਿੱਚ ਉਸ ਸਮੇਂ ਵੀ ਪੰਜਾਬ ਵਿੱਚ ਦਰਬਾਰਾ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸੀ। ਪੰਜਾਬ ਦਾ ਹਰ ਬੁੱਧੀਜੀਵੀ ਇਹ ਜਾਣਦਾ ਕਿ ਉਸ ਸਮੇਂ ਦੇਸ਼ ਦਾ ਗ੍ਰਹਿ ਮੰਤਰਾਲਾ ਕਿਸ ਤਰ੍ਹਾਂ ਦੀਆਂ ਹਦਾਇਤਾਂ ਜਾਰੀ ਕਰ ਰਿਹਾ ਸੀ। ਇਸੇ ਤਰ੍ਹਾਂ ਹੀ ਹੋ ਸਕਦਾ ਕਿ ਜਦੋਂ ਅੱਤਵਾਦ ਖਤਮ ਕੀਤਾ ਜਾ ਰਿਹਾ, ਉਸ ਸਮੇਂ ਪੰਜਾਬ ਵਿੱਚ ਬੇਅੰਤ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਹੈ ਤੇ ਸੈਂਟਰ ਵਿੱਚ ਨਰਸਿਮ੍ਹਾ ਰਾਓ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ। ਹੁਣ ਗ੍ਰਹਿ ਮੰਤਰਾਲਾ ਹੋ ਸਕਦਾ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਵਿਸ਼ਵਾਸ ਤੋਂ ਲੈਣ ਤੋਂ ਬਿਨਾਂ ਅੱਤਵਾਦ ਖਤਮ ਕਰਨਾ ਚਾਹੁੰਦਾ ਹੋਵੇ, ਕਿਉਂਕਿ ਕਾਂਗਰਸ ਦੀ ਵੱਡੀ ਲੀਡਰਸ਼ਿਪ ਇਹ ਸਮਝ ਚੁੱਕੀ ਸੀ ਕਿ ਇਸ ਅੱਗ ਦੀ ਖੇਡ ਵਿੱਚ ਜਿਹੜੇ ਜਿਹੜੇ ਵੀ ਵੜੇ, ਉਹਨਾਂ ਨੂੰ ਆਪਣੇ ਹੱਥ ਜਲਾਉਣੇ ਪਏ।

ਮੋਬਾ. 94647-97400

# ਸੀ ਪੀ ਆਈ ਦਾ ਮਹਾਂ-ਸੰਮੇਲਨ ਤਸਵੀਰਾਂ ਦੀ ਜ਼ੁਬਾਨੀ

CENTENARY OF STRUGGLES & SACRIFICES



(ਤਸਵੀਰਾਂ : ਲਵਪ੍ਰੀਤ ਸਿੰਘ ਮਾੜੀਮੇਘਾ)